


The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 225 Website : www.punjabiakhbaar.ca Email: editor@punjabiakhbaar.ca Friday, 4 August 2023

# ਭਾਰਤ ਵੱਲੋਂ ਚੌਲ ਐਕਸਪੋਰਟ ਕਰਨ ਉੱਪਰ ਲੱਗੀ ਪਾਬੰਦੀ ਕਾਰਣ ਕਨੇਡਾ ਦੇ ਗਰੋਸਰੀ ਸਟੋਰਾਂ ਉੱਪਰ ਚੌਲਾਂ ਦੀ ਵਿਕਰੀ ਵਧੀ

## ਸਾਂਝਾ ਪੰਜਾਬ ਗਰੋਸਰੀ ਸਟੋਰ ਕੈਲਗਰੀ ਦੀਆਂ ਚਾਰੇ ਲੋਕੇਸ਼ਨਾਂ ਉੱਪਰ ਸਟਾਕ ਕਾਫੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨ ਭਾਰਤ ਵੱਲੋਂ ਗੈਰ ਬਾਸਮਤੀ ਚੌਲਾਂ ਤੇ ਉਨ੍ਹਾਂ ਤੋਂ ਤਿਆਰ ਉਤਪਾਦਾਂ ਦੇ ਐਕਸਪੋਰਟ ਉੱਪਰ ਪਾਬੰਦੀ ਲਗਾ ਦਿੱਤੇ ਜਾਣ ਨਾਲ ਲੋਕਾਂ ਦੇ ਮਨਾਂ ਵਿੱਚ ਅਜੀਬ ਕਿਸਮ ਦਾ ਡਰ ਬੈਠ ਗਿਆ ਹੈ। ਲੋਕਾਂ ਨੇ ਤੇਜ਼ੀ ਨਾਲ ਸਟੋਰਾਂ ਵਿੱਚ ਪਹੁੰਚ ਕੇ ਧੜਾਧੜ ਚੌਲ ਖਰੀਦਣੇ ਸ਼ੁਰੂ ਕਰ ਦਿੱਤੇ ਹਨ। ਸਾਂਝਾ ਪੰਜਾਬ ਗਰੋਸਰੀ ਸਟੋਰ ਕੈਲਗਰੀ ਦੀਆਂ ਚਾਰ ਲੋਕੇਸ਼ਨਾ ਉੱਪਰ ਕੁੱਝ ਦਿਨਾਂ ਵਿੱਚ ਹੀ ਚੌਲਾਂ ਦੀ ਵਿੱਕਰੀ ਕਾਫੀ ਵੱਧ ਗਈ ਹੈ ਅਤੇ ਇਹ ਖਰੀਦਦਾਰੀ ਘਬਰਾਹਟ ਵਿੱਚ ਆ ਕੇ ਕੀਤੀ ਜਾ ਰਹੀ ਹੈ। ਜਿਹੜਾ ਸਟੌਕ ਤਿੰਨ ਜਾਂ ਚਾਰ ਹਫਤਿਆਂ ਵਿੱਚ ਵਿਕਦਾ ਸੀ ਉਹ ਦੋ ਕੁ ਦਿਨਾਂ ਵਿੱਚ ਹੀ ਵਿਕ ਗਿਆ। ਸਾਂਝਾ ਪੰਜਾਬ ਗਰੀਸਰੀ ਸਟੋਰ ਦੇ ਮਾਲਕਾਂ ਵੱਲੋਂ ਚੌਲਾਂ ਦੀ ਖਰੀਦ ਉੱਪਰ ਕੁੱਝ ਸਮੇਂ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ ਤੇ ਹਰ ਪਰਿਵਾਰ ਨੂੰ ਚੌਲਾਂ ਦਾ ਇੱਕ ਬੈਗ ਹੀ ਖਰੀਦਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਸਟੋਰ ਮਾਲਕਾਂ ਦਾ ਕਹਿਣਾਂ ਹੈ ਲੋਕਾਂ ਨੂੰ ਸੰਜਮ ਤੋਂ ਕੰਮ ਲੈਣ ਦੀ ਲੋੜ ਹੈ ਉਹਨਾਂ ਕੋਲ ਹਾਲੇ ਕਾਫੀ ਸਟਾਕ ਚੌਲਾਂ ਦਾ ਸਟੋਰ ਉੱਪਰ ਹੈ ਅਤੇ ਛੇਤੀ ਹੀ ਦੂਸਰੇ ਕੰਨਟੇਨਰ ਵੀ ਭਾਰਤ ਤੋਂ ਪੁੱਜ ਰਹੇ ਹਨ ਜੋ ਕਿ ਹਾਲੇ ਰਸਤੇ ਵਿੱਚ ਹਨ। ਦੂਜੇ ਪਾਸੇ ਭਾਰਤ ਦੀ ਮਨਿਸਟਰੀ ਆਫ ਕੰਜ਼ਿਊਮਰ ਅਫੇਅਰਜ਼ ਦਾ ਕਹਿਣਾ ਹੈ ਕਿ ਇਹ ਪਾਬੰਦੀ ਭਾਰਤੀ ਮਾਰਕਿਟ ਵਿੱਚ ਗੈਰ ਬਾਸਮਤੀ ਚਿੱਟੇ ਚੌਲਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਤੇ ਘਰੇਲੂ ਮਾਰਕਿਟ ਵਿੱਚ ਚੌਲਾਂ ਦੀਆਂ ਕੀਮਤਾਂ ਨੂੰ ਘਟਾਉਣ ਵਾਸਤੇ ਲਾਈ ਗਈ ਹੈ।ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਪਾਬੰਦੀ ਕਿੰਨੀ ਦੇਰ ਤੱਕ ਲਾਈ ਗਈ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਗਲੋਬਲ ਪੱਧਰ ਉੱਤੇ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ।




# ਜਦੋਂ ਜਗਮੀਤ ਸਿੰਘ ਖ਼ਿਲਾਫ਼ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ



ਨਿਊ ਫਾਊਂਡਲੈਂਡ (ਪੰਜਾਬੀ ਅਖ਼ਬਾਰ ਬਿਊਰੋ) ਐਨ ਡੀ ਪੀ ਲੀਡਰ ਜਗਮੀਤ ਸਿੰਘ ਨੂੰ ਨੂੰ ਕਈ ਵਾਰ ਨਸਲੀ ਵਿਤਕਰੇ ਅਤੇ ਟਿੱਪਣੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਅਜਿਹੀ ਹੀ ਘਟਨਾ ਇੱਕ ਵਾਰ ਫਿਰ ਵਾਪਰੀ ਹੈ ਜਦੋਂ ਜਗਮੀਤ ਸਿੰਘ ਨਿਊ ਫਾਊਂਡਲੈਂਡ ਐਂਡ ਲੈਬਰਾਡੋਰ ਦੇ ਡੋਮੀਨੀਅਨ ਗਰੋਸਰੀ ਸਟੋਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਉਸੇ ਵਕਤ ਉਹਨਾਂ ਦੇ ਪਿੱਛੋਂ ਲੰਘ ਰਹੀ ਇੱਕ ਕਾਲੀ ਕਾਰ ਵਿੱਚ ਸਵਾਰ ਡਰਾਇਵਰ ਨੇ ਕਾਰ ਦਾ ਸ਼ੀਸ਼ਾ ਖੋਲ ਕੇ ਜਗਮੀਤ ਸਿੰਘ ਖਿਲਾਫੀਆਂ ਭੱਦੀਆਂ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਹੱਥਾਂ ਨਾਲ ਗੰਦੇ ਇਸ਼ਾਰੇ ਵੀ ਸ਼ੁਰੂ ਕਰ ਦਿੱਤੇ ਹਾਲਾਂਕਿ ਜਗਮੀਤ ਸਿੰਘ ਨੇ ਉਸ ਵਿਅਕਤੀ ਨੂੰ ਆਖਿਆ ਕਿ ਉਹ ਰੁੱਕਕੇ ਉਹਨਾਂ ਨਾਲ ਇੱਥੇ ਆ ਕੇ ਉਹ ਗੱਲਬਾਤ ਕਰ ਸਕਦਾ ਹੈ ਪਰ ਉਹ ਡਰਾਈਵਰ ਇਸੇ ਤਰਾਂ ਬੋਲਦਾ ਹੋਇਆ ਉਥੋਂ ਚਲਾ ਗਿਆ। ਵਰਨਣਯੋਗ ਹੈ ਕਿ ਜਗਮੀਤ ਸਿੰਘ ਇੱਥੇ ਗਰੋਸਰੀ ਦੀਆਂ ਵਧੀਆਂ ਹੋਈਆਂ ਕੀਮਤਾਂ ਅਤੇ ਵੱਡੇ ਗਰੋਸਰੀ ਸਟੋਰਾਂ ਵੱਲੋਂ ਕਮਾਏ ਜਾ ਰਹੇ ਮੁਨਾਫ਼ੇ ਸਬੰਧੀ ਗੱਲਬਾਤ ਕਰ ਰਹੇ ਸਨ।




# ਅਲਬਰਟਾ ਵਾਸੀਆਂ ਨੂੰ ਹੁਣ ਬਿਜਲੀ ਬਿਲਾਂ ਵਿੱਚ ਵਾਧੇ ਨਾਲ ਬਿਜਲਈ ਝਟਕਾ ਲੱਗੇਗਾ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਵਾਸੀਆਂ ਨੂੰ ਸੂਬਾਈ ਚੋਣਾਂ ਲੰਘ ਜਾਣ ਉਪਰੰਤ ਬਹੁਤ ਸਾਰੇ ਖੇਤਰਾਂ ਵਿੱਚ ਆਮ ਲੋਕਾਂ ਲਈ ਕੋਈ ਤਰੱਕੀਆਂ ਨਹੀਂ ਸਗੋਂ ਕੰਪਨੀਆਂ ਦੇ ਮੁਨਾਫੇ ਵਿੱਚ ਹੋਏ ਵਾਧੇ ਦੀ ਤਰੱਕੀਆਂ ਦੀਆਂ ਖ਼ਬਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡਾਕਟਰਾਂ ਵੱਲੋਂ ਮਰੀਜ ਨੂੰ ਪਹਿਲ ਦੇ ਅਧਾਰ ਉੱਪਰ ਵਾਧੂ ਫੀਸ ਲੈਕੇ ਚੈੱਕ ਕਰਨ ਵਾਲੀ ਖ਼ਬਰ ਭਾਵੇਂ ਪੰਜਾਬ ਦੇ ਕਿਸੇ ਝੋਲਾ ਛਾਪ ਡਾਕਟਰ ਦੇ ਟੀਕੇ ਦੀ ਸੂਈ ਦੇ ਦਰਦ ਵਾਂਗ ਮਹਿਸੂਸ ਹੋ ਰਹੀ ਸੀ ਪਰ ਹੁਣ ਇੱਕ ਹੋਰ ਖ਼ਬਰ ਅਲਬਰਟਾ ਵਾਸੀਆਂ ਦੀ ਨਿੱਤ ਦਿਹਾੜੇ ਦੀ ਜ਼ਿੰਦਗੀ ਨੂੰ ਬਿਜਲਈ ਝਟਕਾ ਦੇਣ ਵਾਲੀ ਆ ਗਈ ਹੈ। ਖ਼ਬਰ ਇਹ ਹੈ ਕਿ ਅਲਬਰਟਾ ਸੂਬੇ ਅੰਦਰ ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਜਾ



ਰਿਹਾ ਹੈ। ਮੌਜੂਦਾ ਸਮੇ ਕੈਲਗਰੀ ਵਿੱਚ ਰੈਗੂਲੇਟਿਡ ਰੇਟ ਐਨਮੈਕਸ ਦੇ ਨਾਲ 27.15 ਸੈਂਟ ਪ੍ਰਤੀ ਕਿਲੋਵਾਟ ਹੈ, ਇਹ ਜਲਦੀ ਹੀ ਇਹ 31.18 ਸੈਂਟ ਹੋ ਜਾਵੇਗਾ। ਅਜਿਹਾ ਹੋਣ ਨਾਲ ਅਲਬਰਟਾ ਵਾਸੀ ਜਿਹਨਾਂ ਦੇ ਰੇਟ ਸਰਵਿਸ ਦੇਣ ਵਾਲੀ ਕੰਪਨੀ ਨਾਲ ਫਿਕਸ ਨਹੀਂ ਕੀਤੇ ਹੋਏ ,ਉਹ ਆਪਣੇ ਬਿਲਾਂ ਵਿੱਚ ਅੰਦਾਜਨ 125 ਡਾਲਰ ਦਾ ਵਾਧਾ ਦੇਖ ਸਕਣਗੇ। ਰਾਜਨੀਤਕ ਮਾਹਿਰਾਂ ਦੀਆਂ ਇਹਨਾਂ ਵਾਧਿਆਂ ਸਬੰਧੀ ਗੱਲਾਂ ਸੁਣੀਏ ਤਾਂ ਉਹ ਆਖਦੇ ਹਨ ਕਿ ਚੋਣਾਂ ਤੋਂ ਪਹਿਲਾਂ ਜੋ ਆਮ ਜਨਤਾ ਕੋਲ ਸੀ ਉਹ ਸਿਰਫ ਇੱਕ ਲੌਲੀਪੋਪ ਸੀ ਜਿਸ ਦੇ ਸਹਾਰੇ ਵੋਟਾਂ ਲੈਕੇ ਮੌਜੂਦਾ ਸਰਕਾਰ ਸਤਾ ਵਿੱਚ ਆ ਗਈ ਹੈ ਹੁਣ ਕਾਰਪੋਰੇਟ ਘਰਾਣਿਆਂ ਨੂੰ ਖੁੱਲੀਆਂ ਛੁੱਟੀਆਂ ਦੇ ਦਿੱਤੀ ਗਈਆਂ ਹਨ ਕਿ ਅਗਲੇ ਚਾਰ ਸਾਲ ਲਈ ਤੁਸੀਂ ਆਪਣੀ ਮਨਮਰਜੀ ਕਰ ਸਕਦੇ ਹੋ ਪਰ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਇਸ ਗੱਠਜੋੜ ਨਾਲ ਆਮ ਲੋਕਾਂ ਦਾ ਜੀਣਾ ਔਖਾ ਹੋ ਗਿਆ ਹੈ।







# ਪਾਕਿਸਤਾਨ ਦੀ ਭਾਰਤ ਨਾਲ ਵਿਓਪਾਰਕ ਸਬੰਧ ਬਣਾਉਣ ਦੀ ਇੱਛਾ ਲੱਗਦੀ ਹੈ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇੱਕ ਵਾਰ ਫਿਰ ਭਾਰਤ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ ਹੈ। ਬੀਤੇ ਦਿਨੀ ਇਸਲਾਮਾਬਾਦ 'ਚ ਇੱਕ ਵਪਾਰਕ ਸੰਮੇਲਨ ਦੌਰਾਨ ਸ਼ਾਹਬਾਜ਼ ਨੇ ਭਾਰਤ ਦਾ ਨਾਂ ਤਾਂ ਨਹੀਂ ਲਿਆ ਪਰ ਗੁਆਂਢੀ ਦੇਸ਼ ਨਾਲ ਹੋਈਆਂ ਤਿੰਨ ਜੰਗਾਂ ਦਾ ਜ਼ਿਕਰ ਜ਼ਰੂਰ ਕੀਤਾ। ਸ਼ਰੀਫ ਨੇ ਕਿਹਾ- ਅਸੀਂ ਆਪਣੇ ਗੁਆਂਢੀ ਨਾਲ ਵੀ ਗੱਲ ਕਰਨਾ ਚਾਹੁੰਦੇ ਹਾਂ ਜਿਸ ਨਾਲ ਅਸੀਂ ਤਿੰਨ ਜੰਗਾਂ ਲੜੀਆਂ ਹਨ। ਲੋੜ ਹੈ ਕਿ ਸਾਹਮਣੇ ਵਾਲਾ ਵੀ ਬਹੁਤ ਗੰਭੀਰ ਮੁੱਦਿਆਂ 'ਤੇ ਉਸੇ ਸੰਜੀਦਗੀ ਨਾਲ ਗੱਲ ਕਰੇ। ਸ਼ਰੀਫ ਨੇ ਅੱਤਵਾਦ ਸ਼ਬਦ ਤੋਂ ਵੀ ਪਰਹੇਜ਼ ਕੀਤਾ, ਪਰ ਕਿਹਾ- ਅਸੀਂ ਕਿਸੇ ਦੇ ਖਿਲਾਫ ਕਿਸੇ ਨੂੰ ਵੀ ਹੱਲਾਸ਼ੇਰੀ ਨਹੀਂ ਦਿੰਦੇ । ਵਰਨਣਯੋਗ ਹੈ ਕਿ ਸ਼ਾਹਬਾਜ਼ ਨੇ ਸਾਊਦੀ ਅਰਬ ਅਤੇ ਯੂਏਈ ਦੇ ਦੌਰੇ ਦੌਰਾਨ ਵੀ ਅਜਿਹਾ ਹੀ ਬਿਆਨ ਦਿੱਤਾ ਸੀ। ਉਦੋਂ ਭਾਰਤ ਨੇ ਕਿਹਾ ਸੀ ਕਿ ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।




































50 ਏਕੜ
ਕਮਰੀਸੀਅਲ ਵਿਲੇਜ
ਛੇਤੀ ਆ ਰਿਹਾ ਹੈ
SIGNAGE
SOUTH POINT
A MASTER PLANNED COMMUNITY
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਗੁਰੂ ਨਾਨਕ ਫਰੀ ਕਿਚਨ ਕੈਲਗਰੀ ਵੱਲੋਂ ਤਕਰੀਬਨ ਹਰ ਹਫਤੇ ਹੀ ਲੋੜਵੰਦਾਂ ਨੂੰ ਮੁਫਤ ਸਬਜੀਆਂ ਅਤੇ ਫਰੂਟ ਵੰਡੇ ਜਾਂਦੇ ਹਨ।




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਹਿਰ ਸੰਦੀਪ ਸੰਧੂ ਦੇ ਉਪਰਾਲੇ ਸਦਕਾ ਗੁਰੂ ਨਾਨਕ ਫਰੀ ਕਿਚਨ ਵੱਲੋਂ ਲੋੜਵੰਦਾਂ ਲਈ ਬਹੁਤ ਹੀ ਸਲਾਘਾਯੋਗ ਉਪਰਾਲਾ ਕੀਤਾ ਜਾਂਦਾ ਹੈ। ਹਰ ਹਫਤੇ ਸੋਸਲ ਮੀਡੀਆ ਉੱਪਰ ਜਾਂ ਬਾਕੀ ਮੀਡੀਆ ਦੇ ਜ਼ਰੀਏ ਇਹ ਜਾਣਕਾਰੀ ਸਾਂਝੀ ਕਰ ਦਿੱਤੀ ਜਾਂਦੀ ਹੈ ਕਿ ਇਸ ਹਫਤੇ ਕਿਹੜੇ ਐਲ ਆਰ ਟੀ ਸਟੇਸਨ ਦੀ ਪਾਰਕਿੰਗ ਲਾਟ ਵਿੱਚ ਸਬਜੀਆਂ ਅਤੇ ਫਰੂਟਾਂ ਦਾ ਭਰਿਆ ਹੋਇਆ ਟਰੱਕ ਆਵੇਗਾ। ਜਿਸ ਕਿਸੇ ਨੂੰ ਵੀ ਜਰੂਰਤ ਹੈ ਉਹ ਮਿਥੇ ਸਮੇਂ ਅਨੁਸਾਰ ਮੌਕੇ ਉੱਪਰ ਜਾਕੇ ਫਰੀ ਸਬਜੀਆਂ ਅਤੇ ਫਰੂਟ ਆਪਣੇ ਘਰ ਲੈ ਜਾ ਸਕਦਾ ਹੈ। ਬੀਤੇ ਕਈ ਹਫਤਿਆਂ ਤੋਂ ਮੈਕਨਾਈਟ ਜਾਂ ਵਾਈਟ ਹਾਰਨ ਐਲ ਆਰ ਟੀ ਸਟੇਸਨਾਂ ਉੱਪਰ ਟਰੱਕਾਂ ਦੇ ਟਰੱਕ ਲੋੜਵੰਦਾਂ ਨੂੰ ਵੰਡੇ ਗਏ। ਬੀਤੇ ਹਫਤੇ ਮਾਰਲਬਰੋ ਸਟੇਸਨ ਉੱਪਰ ਇੱਕ ਟਰੱਕ ਸਬਜੀਆਂ ਅਤੇ ਫਰੂਟਾਂ ਦਾ ਲੋੜਵੰਦਾਂ ਵਿੱਚ ਵੰਡਿਆ ਗਿਆ। ਇਸ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਉਪਰਾਲੇ ਸਦਕਾ ਸੰਦੀਪ ਸੰਧੂ ਅਤੇ ਉਹਨਾਂ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਕੈਲਗਰੀ ਦੀਆਂ ਬਜ਼ੁਰਗ ਮੁਟਿਆਰਾਂ ਨੇ ਜਨਮ ਦਿਨ ਮਨਾਏ ਅਤੇ ਤੀਆਂ ਦੀ ਰੌਣਕ ਲਾਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਕੈਲਗਰੀ ਵੱਲੋ ਬੀਤੇ ਸਨਿਚਰਵਾਰ ਨੂੰ ਮੌਂਟਰੀ ਪਾਰਕ ਕਮਿਉਨਿਟੀ ਹਾਲ ਵਿੱਚ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਤਕਰੀਬਨ 150 ਸੀਨੀਅਰ ਮੈਂਬਰਾਂ ਨੇ ਹਿੱਸਾ ਲਿਆ।ਬਾਦ ਦੁਪਹਿਰ ਤਿੰਨ ਵਜੇ ਸ਼ੁਰੂ ਹੋਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਸੱਤ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾ ਕੇ ਕੀਤੀ ਗਈ।ਚਾਹ ਪਾਣੀ ਦਾ ਆਨੰਦ ਮਾਨਣ ਤੋ ਬਾਅਦ ਡਾ: ਬਲਵਿੰਦਰ ਕੌਰ ਬਰਾੜ, ਜੋ ਐਸੋਸੀਏਸ਼ਨ ਦੇ ਵਿਸ਼ੇਸ ਸੱਦੇ ਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਨ, ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਨੂੰ ਆਖਿਆ।ਬੱਸ ਫੇਰ ਸੱਤਰ -ਪੰਜੱਤਰ ਸਾਲ ਦੀਆਂ ਪੰਜਾਬਣ ਮੁਟਿਆਰਾਂ ਨੇ ਗਿੱਧੇ ਦੇ ਪਿੜ ਵਿਚ ਐਸਾ ਰੰਗ ਬੰਨਿਆਂ ਕਿ ਬਹੁਤਿਆਂ ਨੂੰ ਪੰਜਾਹ ਸੱਠ ਸਾਲ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਦੀ ਤੀਆਂ ਚੇਤੇ ਕਰਵਾ ਦਿੱਤੀਆਂ। ਸੁਹਾਗ, ਸਿੱਠਣੀਆਂ ਅਤੇ ਲੰਮੀ ਹੇਕ ਵਾਲੇ ਗੀਤਾਂ ਦੇ ਮੁਕਾਬਲੇ ਹੋਏ। ਸਾਢੇ ਸੱਤ ਵਜੇ ਤੱਕ ਇਹ ਗਿੱਧੇ ਦੀਆਂ ਧਮਾਲਾਂ ਪੈਂਦੀਆਂ ਰਹੀਆਂ। ਅਖੀਰ ਵਿੱਚ ਸਾਰਿਆਂ ਨੇ ਖਾਣੇ ਦਾ ਆਨੰਦ ਮਾਣਿਆ। ਤੀਆਂ ਦਾ ਇਹ ਪ੍ਰੋਗਰਾਮ ਇੱਕ ਯਾਦਗਾਰੀ ਪ੍ਰੋਗਰਾਮ ਹੋ ਨਿਬੇੜਿਆ।

# ਕੈਲਗਰੀ ਵਾਸੀ ਉੱਘੇ ਬਿਜਨਿਸਮੈਨ ਦਰਸਨ ਸਿੱਧੂ ਲਹਿਰਾ ਮੁੱਹਬਤ ਵਾਲਿਆਂ ਨੂੰ ਸਦਮਾ, ਬਾਪੂ ਸ: ਬਲਵੰਤ ਸਿੰਘ ਸਿੱਧੂ ਬੇ ਵਕਤ ਵਿਛੋੜਾ ਦੇ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਅਤੇ ਘਰਾਂ ਦੀ ਉਸਾਰੀ ਦੇ ਕਿੱਤੇ ਵਿੱਚ ਜਾਣੇ ਪਹਿਚਾਣੇ ਸ: ਦਰਸਨ ਸਿੰਘ ਸਿੱਧੂ ਲਹਿਰਾ ਮੁੱਹਬਤ ਵਾਲਿਆਂ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਬੀਤੀ 26 ਜੁਲਾਈ 2023 ਵਾਲੇ ਦਿਨ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਸ: ਬਲਵੰਤ ਸਿੰਘ ਸਿੱਧੂ ਅਕਾਲ ਚਲਾਣਾ ਕਰ ਗਏ। ਸਵ: ਸ: ਬਲਵੰਤ ਸਿੰਘ ਸਿੱਧੂ ਦਾ ਬੀਤੇ ਕਈ ਮਹੀਨਿਆਂ ਤੋਂ ਲੁਧਿਆਣਾ ਦੇ ਹਸਪਤਾਲ ਅੰਦਰ ਇਲਾਜ ਚੱਲ ਰਿਹਾ ਸੀ ਜਿਸ ਕਾਰਣ ਬੀਤੇ ਦੋ ਹਫਤੇ ਪਹਿਲਾਂ ਦਰਸ਼ਨ ਸਿੰਘ ਸਿੱਧੂ ਵੀ ਆਪਣੇ ਪਰਿਵਾਰ ਸਮੇਤ ਪਿੰਡ ਲਹਿਰਾ ਮੁੱਹਬਤ ਹੀ ਗਏ ਹੋਏ ਹਨ। ਬੀਤੀ 1 ਅਗਸਤ 2023 ਵਾਲੇ ਦਿਨ ਪਿੰਡ ਲਹਿਰਾ ਮੁੱਹਬਤ ਵਿਖੇ ਸ਼ਰਧਾਜਲੀ ਸਮਾਗਮ ਦੌਰਾਨ ਪੀ ਐਨ ਓ ਮੀਡੀਆ ਵਾਲੇ ਸੁਖਨੈਬ ਸਿੱਧੂ, ਰੂਬੀ ਸਮਰਾ ਪੱਖੋਕਲਾਂ, ਗੀਤਕਾਰ ਸੇਖੋਂ ਜੰਡਵਾਲਾ,ਐਲ ਐਲ ਏ ਮਾਸਟਰ ਜਗਸੀਰ ਸਿੰਘ ਭੁੱਚੋ, ਟਰੱਕ ਯੂਨੀਅਨ ਭੁੱਚੋ ਮੰਡੀ ਦੇ ਪ੍ਰਧਾਨ ਗੁਰਦੀਪ ਸਿੰਘ ਉਪਲੀ,ਲੋਕ ਗਾਇਕ ਹਰਦੀਪ ਮਾਹਲ, ਐਸ ਐਚ ਓ ਭੁੱਚੋ ਗਰੁਮੇਜ ਸਿੰਘ, ਅਤੇ ਕੈਲਗਰੀ ਦੇ ਬਿਜਨਿਸਮੈਨ ਰਾਜਦੀਪ ਗਰੇਵਾਲ ਦੇ ਭਰਾ ਸੁਰਪ੍ਰੀਤ ਗਰੇਵਾਲ ਨੇ ਵੀ ਸਿੱਧੂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਦਰਸਨ ਸਿੰਘ ਸਿੱਧੂ ਅਤੇ ਉਹਨਾਂ ਦੇ ਛੋਟੇ ਭਰਾ ਗੁਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਆਮ ਆਦਮੀ ਪਾਰਟੀ ਇਕਾਈ ਲਹਿਰਾ ਮੁੱਹਬਤ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਕੈਲਗਰੀ ਤੋਂ ਰੋਮੀ ਸਿੱਧੂ, ਸਾਬਕਾ ਐਮ ਪੀ ਦਵਿੰਦਰ ਸ਼ੋਰੀ, ਸਾਬਕਾ ਡੀ ਐਸ ਪੀ ਪੰਜਾਬ ਪੁਲਿਸ ਸ: ਬਹਾਦਰ ਸਿੰਘ ਰਾਓ,ਜਸਰਾਜ ਸਿੰਘ ਹੱਲਣ ਐਮ ਪੀ, ਐਮ ਐਲ ਏ ਕੈਲਗਰੀ ਸ: ਪਰਮੀਤ ਸਿੰਘ ਬੋਪਾਰਾਇ, ਪਰਾਈਮ ਏਸੀਆ ਟੀ ਵੀ ਦੇ ਸੀ ਈ ਓ ਅਮਨ ਖਟਕੜ, ਪਰਮਵੀਰ ਬਾਠ, ਗੁਰਪ੍ਰੀਤ ਸੰਧਾਵਾਲੀਆ, ਅਵਨੀਤ ਸਿੰਘ ਤੇਜਾ, ਜੋਗਰਾਜ ਸਿੰਘ ਕਾਹਲੋਂ, ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਸ: ਹਰਬੰਸ ਬੁੱਟਰ, ਵਿੰਡੋਵੈੱਲ ਵਾਲੇ ਬਰਾੜ ਬਰਾਦਰਜ਼,ਪਾਲ ਸੇਖੋਂ, ਇੰਦਰਜੀਤ ਸਿੰਘ ਬਾਜਵਾ,ਜਸਕੀਰਤ ਬਰਾੜ, ਮਨਪ੍ਰੀਤ ਥਿੰਦ,ਜਗਰਾਜ ਬਰਾੜ ਮਾਹਲਾ,ਨਵੀ ਧਾਲੀਵਾਲ, ਰਿੱਕੀ ਕਲੇਰ, ਕਰਮਪਾਲ ਸਿੰਘ ਲੰਢੇਕੇ,ਰਾਜਪਾਲ ਸਿੰਘ ਲੰਢੇਕੇ, ਅਜੈਬ ਸਿੰਘ ਨਾਹਲ, ਪਾਲੀ ਵਿਰਕ, ਅਤੇ ਕੈਲਗਰੀ ਵਸਦੇ ਉਹਨਾਂ ਦੇ ਰਿਸ਼ਤੇਦਾਰ ਸ: ਸਾਬਕਾ ਸਰਪੰਚ ਮੋਹਰ ਸਿੰਘ ਮਾਣੂੰਕੇ, ਗੁਰਲਾਲ ਮਾਣੂੰਕੇ ਅਤੇ ਹੋਰ ਸਹਿਰ ਦੀਆਂ ਨਾਮਵਰ ਸ਼ਖਸੀਅਤਾਂ ਦੇ ਨਾਂ ਸਾਮਿਲ ਹਨ। ਦਰਸਨ ਸਿੰਘ ਸਿੱਧੂ 25 ਅਗਸਤ ਦੇ ਕਰੀਬ ਵਾਪਿਸ ਕੈਲਗਰੀ ਆ ਜਾਣਗੇ। ਦੁੱਖ ਸਾਂਝਾ ਕਰਨ ਲਈ 403 520 0000 ਉੱਪਰ ਫੋਨ ਕੀਤਾ ਜਾ ਸਕਦਾ ਹੈ।

# ਵੀ ਐਫ ਐਸ ਗਲੋਬਲ ਸੰਸਥਾ ਭਵਿੱਖ ਵਿਚ ਕਨੇਡਾ ਵਿੱਚ ਵੀ ਸੇਵਾਵਾਂ ਦੇਵੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੀ ਐਫ ਐਸ ਗਲੋਬਲ ਕੰਪਨੀ ਨਾਰਥ ਅਮਰੀਕਾ ਦੇ ਹੈੱਡ ਅਮਿਤ ਕੁਮਾਰ ਸਰਮਾ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਛੇਤੀ ਹੀ ਆਉਣ ਵਾਲੇ ਦਿਨਾਂ ਵਿੱਚ ਉਹਨਾਂ ਦੀ ਕੰਪਨੀ ਕਨੇਡਾ ਵਿੱਚ ਵੀ ਆਪਣੀਆਂ ਸੇਵਾਵਾਂ ਸੁਰੂ ਕਰਨ ਜਾ ਰਹੀ ਹੈ। ਵੀ ਐਫ ਐਸ ਗਲੋਬਲ ਵਾਰੇ ਜਾਣਕਾਰੀ ਦਿੰਦਿਆ ਉਹਨਾਂ ਦੱਸਿਆ ਕਿ ਇਸ ਦਾ ਗਠਨ 2001 ਵਿੱਚ ਬੰਬੇ ਵਿਖੇ ਹੋਇਆ ਸੀ ਪਰ ਇਸ ਵੇਲੇ ਉਹਨਾਂ ਵੱਲੋਂ 148 ਮੁਲਕਾਂ ਵਿੱਚ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਹਰ ਮੁਲਕ ਦੇ ਹਰ ਸਹਿਰ ਵਿੱਚ ਕਿਸੇ ਮੁਲਕ ਦੀ ਐਂਬੰਸੀ ਆਪਣਾ ਦਫਤਰ ਨਹੀਂ ਖੋਲ ਸਕਦੀ ਜਿਸ ਕਾਰਣ ਆਮ ਲੋਕਾਂ ਨੂੰ ਮੁਸਕਿਲ ਪੇਸ਼ ਆਉਂਦੀ ਹੈ ਅਤੇ ਉਹਨਾਂ ਨੂੰ ਦੂਰ ਦਰਾਡੇ ਜਾ ਕੇ ਇਹ ਸੇਵਾਵਾਂ ਲੈਣੀਆਂ ਪੈਂਦੀਆਂ ਸਨ ਪਰ ਵੀ ਐਫ ਐਸ ਗਲੋਬਲ ਦੇ ਆਉਣ ਨਾਲ ਇਹ ਸਾਰਾ ਕੁੱਝ ਆਸਾਨ ਹੋ ਗਿਆ ਹੈ, ਕਿਉਂਕਿ ਸਾਡੇ 600 ਤੋਂ ਜਿਆਦਾ ਸਰਵਿਸ ਸੈਂਟਰ ਹਨ ਜਿੱਥੇ ਜਾਕੇ ਲੋੜਵੰਦ ਲੋਕ ਵੀਜਾ ਲੈਣ ਲਈ ਆਪਣੇ ਡਾਕੂਮੈਂਟਸ ਜਮਾਂ ਕਰਵਾ ਸਕਦੇ ਹਨ। ਅਸੀਂ ਐਂਬੰਸੀ ਅਤੇ ਆਮ ਲੋਕਾਂ ਦੇ ਵਿਚਾਲੇ ਪੁਲ ਦਾ ਕੰਮ ਕਰ ਰਹੇ ਹਾਂ। ਵੀਜਾ ਲੈਣ ਸਬੰਧੀ ਸਾਰੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਾਂ ਅਤੇ ਵੀਜਾ ਲੱਗਣ ਉਪਰੰਤ ਲੋਕਾਂ ਦੇ ਡਾਕੂਮੈਂਟਸ ਪੂਰੀ ਤਰਾਂ ਸੁਰੱਖਿਅਤ ਉਹਨਾਂ ਤੱਕ ਪਹੁੰਚਾਉਣ ਦੀਆਂ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ। ਇਸ ਵੇਲੇ ਅਸੀਂ ਫਿੰਗਰ ਪ੍ਰਿੰਟ, ਵੀਜਾ ਅਪਲਾਈ, ਪਾਸਪੋਰਟ ਰੀਨਿਊ, ਵਰਗੀਆਂ ਸੇਵਾਵਾਂ ਦੇ ਰਹੇ ਹਾਂ। ਅਸੀਂ ਸਥਾਨਿਕ ਲੋਕਾਂ ਨਾਲ ਉਹਨਾਂ ਦੀ ਭਾਸ਼ਾ ਵਿੱਚ ਗੱਲਬਾਤ ਕਰਦੇ ਹਾਂ। ਵੀਜਾ ਫੀਸ ਅਤੇ ਸਰਵਿਸ ਫੀਸ ਸਰਕਾਰ ਵੱਲੋਂ ਤਹਿ ਕੀਤੀਆਂ ਸ਼ਰਤਾਂ ਮੁਤਾਬਿਕ ਹੀ ਲਈ ਜਾਂਦੀ ਹੈ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹੈਮਿਲਟਨ 'ਚ 4 ਹਾਊਸਿੰਗ ਪ੍ਰਾਜੈਕਟਾਂ ਵਾਸਤੇ 45 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਫੋਰਡੇਬਿਲਟੀ ਇਸ ਵਕਤ ਕੈਨੇਡਾ ਵਿੱਚ ਇਕ ਵੱਡੀ ਸਮੱਸਿਆ ਹੈ। ਜਿਸ ਕਾਰਨ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਉਪਰ ਕਾਫ਼ੀ ਦਬਾਅ ਚੱਲ ਰਿਹਾ ਹੈ। ਜਿਸ ਦੇ ਚਲਦਿਆਂ ਪਿਛਲੇ ਦਿਨੀ ਜਸਟਿਨ ਟਰੂਡੋ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਵੱਡਾ ਫੇਰਬਦਲ ਵੀ ਕੀਤਾ ਗਿਆ। ਪ੍ਰਧਾਨ ਮੰਤਰੀ ?ਨਟਾਰੀ? ਦੇ ਹਮਿਲਟਨ ਵਿੱਚ ਇੱਕ ਸਮਾਗਮ ਦੌਰਾਨ ਚਾਰ ਹਾਊਸਿੰਗ ਪ੍ਰੋਜੈਕਟਾਂ ਵਾਸਤੇ 45 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਕਿ ਇਸ ਫੰਡਿੰਗ ਨਾਲ 214 ਰੈਂਟਲ ਯੂਨਿਟ ਬਣਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਵਿੱਚ ਮੱਦਦ ਮਿਲੇਗੀ। ਉਨ੍ਹਾਂ ਅੱਗੇ ਆਖਿਆ ਕਿ ਇਹਨਾਂ ਯੂਨਿਟਾਂ ਨਾਲ ਬਜ਼ੁਰਗਾਂ ਮਹਿਲਾਵਾਂ ਅਤੇ ਉਹਨਾਂ ਬੱਚਿਆਂ ਦੀ ਮੱਦਦ ਹੋਵੇਗੀ ਜੋ ਘਰੇਲੂ ਹਿੰਸਾ ਦੇ ਚਲਦਿਆਂ ਘਰਾਂ ਤੋਂ ਬਾਹਰ ਰਹਿ ਰਹੇ ਹਨ ਇਸ ਤੋਂ ਇਲਾਵਾ ਮੈਂਟਲ ਹੈਲਥ ਨਾਲ ਜੂਝ ਰਹੇ ਲੋਕਾਂ ਅਤੇ ਮੂਲ ਵਾਸੀਆਂ ਨੂੰ ਵੀ ਮਦਦ ਮਿਲੇਗੀ।











# ਕੈਲਗਰੀ ਨੇੜੇ ਜਹਾਜ਼ ਹਾਦਸਾ ਗ੍ਰਸਤ ਹੋਣ ਕਾਰਨ ਪਾਇਲਟ ਸਮੇਤ 6 ਜਣਿਆਂ ਦੀ ਮੌਤ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਰੌਕੀਜ਼ ਵੈਸਟ ਵਿੱਚ ਇੱਕ ਨਿੱਕੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਪਾਇਲਟ ਸਮੇਤ 6 ਜਣਿਆਂ ਦੀ ਮੌਤ ਹੋ ਗਈ ਹੈ ਆਰਸੀਐਮਪੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਾਇਲਟ ਤੇ ਪੰਜ ਮੁਸਾਫਿਰਾਂ ਸਮੇਤ ਇਸ ਜਹਾਜ਼ ਨੇ ਸਪਰਿੰਗਬੈਂਕ ਏਅਰਪੋਰਟ ਤੋਂ ਉਡਾਨ ਭਰੀ ਸੀ ਤੇ ਇਹ ਜਹਾਜ਼ ਸਾਲਮਨ ਆਰਮ, ਬੀਸੀ ਵੱਲ ਜਾ ਰਿਹਾ ਸੀ। ਇਸ ਜਹਾਜ਼ ਵਿੱਚ ਸਵਾਰ ਸਾਰੇ ਲੋਕ ਇੱਕ ਚਰਚ ਦੇ ਸਮਾਗਮ ਵਿੱਚ ਹਿੱਸਾ ਲੈਣ ਲਈ ਜਾ ਰਹੇ ਸਨ। ਇਹ ਜਹਾਜ਼, ਸਿੰਗਲ ਇੰਜਣ ਪਾਈਪਰ ਪੀਏ-32 ਸੀ ਅਤੇ ਇਸ ਦੇ ਆਪਣੇ ਟਿਕਾਣੇ ਉੱਤੇ ਨਾ ਪਹੁੰਚਣ ਦੀ ਜਾਣਕਾਰੀ ਜੁਆਇੰਟ ਰੈਸਕਿਊ ਕੋਆਰਡੀਨੇਸ਼ਨ ਸੈਂਟਰ, ਟ੍ਰੈਂਟਨ,ਓਂਟਾਰੀਓ ਵੱਲੋਂ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਇਸ ਉਪਰੰਤ ਸੈਂਟਰ ਵੱਲੋਂ ਜਹਾਜ਼ ਦੇ ਹਾਦਸਾਗ੍ਰਸਤ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਵਿਨੀਪੈਗ ਸਥਿਤ ਰੌਇਲ ਕੈਨੇਡੀਅਨ ਏਅਰ ਫੋਰਸ ਹਰਕਿਊਲਿਸ ਜਹਾਜ਼ ਨੂੰ ਇਸ ਲਾਪਤਾ ਜਹਾਜ਼ ਦੀ ਭਾਲ ਲਈ ਭੇਜਿਆ ਗਿਆ ਤੇ ਇਹ ਕੈਨਾ ਨਾਸਕਿਸ ਕੰਟਰੀ ਵਿੱਚ ਮਿਲਿਆ। ਜੋ ਕਿ ਕੈਲਗਰੀ ਦੇ ਪੱਛਮ ਵੱਲ ਪੈਂਦਾ ਪਹਾੜੀ ਇਲਾਕਾ ਹੈ। ਹਾਦਸੇ ਵਾਲੀ ਥਾਂ ਤੋਂ ਮਾਰੇ ਗਏ ਸਾਰੇ ਛੇ ਵਿਅਕਤੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇਸ ਹਾਦਸੇ ਤੋਂ ਬਾਅਦ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸੀਨੀਅਰਜ਼ ਸੋਸਾਇਟੀ ਕਲੋਨਾ ਨੇ ਆਪਣੇ ਪਿਛਲੇ ਸਾਲ ਦਾ ਲੇਖਾ ਜੋਖਾ ਕੀਤਾ

ਕਲੋਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਡਾਕਟਰ ਗੁਰਮੀਤ ਸਿੰਘ ਰੰਧਾਵਾ ਸੀਨੀਅਰਜ਼ ਸੋਸਾਇਟੀ ਕਲੋਨਾ ਦੀ ਮੀਟਿੰਗ ਸ: ਨਿਰਮਲ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਸਭਾ ਦੇ ਹਾਲ ਵਿੱਚ ਹੋਈ । ਜਿਸ ਵਿੱਚ ਸੋਸਾਇਟੀ ਦੇ ਮੈਂਬਰਾਂ ਨੇ ਭਰਵੀ ਹਾਜਿਰੀ ਲਗਵਾਈ। ਸੋਸਾਇਟੀ ਦੇ ਸਕੱਤਰ ਸ: ਹਰਦੇਵ ਸਿੰਘ ਸਰਾਂ ਨੇ ਪਿਛਲੇ ਸਾਲ ਦਾ ਲੇਖਾ ਜੋਖਾ ਪੜ੍ਹ ਕੇ ਸੁਣਾਇਆ, ਜਿਸ ਨੂੰ ਸੋਸਾਇਟੀ ਦੇ




ਮੈਂਬਰਾ ਨੇ ਮਨਜੂਰ ਕੀਤਾ । ਅਗਲੇ ਦੋ ਸਾਲ ਲਈ ਸੋਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਵੀ ਚੁਣੇ ਗਏ।, ਜਿਹਨਾ ਦਾ ਵੇਰਵਾ ਇਸ ਪ੍ਰਕਾਰ ਹੈ। ਪ੍ਰਧਾਨ ਸ: ਨਿਰਮਲ ਸਿੰਘ ਸਹੋਤਾ, ਮੀਤ ਪ੍ਰਧਾਨ ਸ: ਸਵਰਨ ਸਿੰਘ ਮੱਲੀ, ਸਕੱਤਰ ਸ: ਹਰਦੇਵ ਸਿੰਘ ਸਰਾਂ, ਖਜਾਨਚੀ ਸ: ਮਲਕੀਤ ਸਿੰਘ ਸਿੱਧੂ, ਅਤੇ ਸ: ਕਰਨੈਲ ਸਿੰਘ ਬਾਸੀ,ਸ:ਉਂਕਾਰ ਸਿੰਘ ਢਿੱਲੋਂ,ਸ: ਮਹਿੰਦਰ ਸਿੰਘ ਨਾਗਰਾ ਡਾਇਰੈਕਟਰ ਚੁਣੇ ਗਏ ਹਨ।


Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166



Punjab Land Documents Writer (Regd.)
ਐਨ.ਆਰ.ਆਈ. ਵੀਰ ਅਤੇ ਭੈਣਾਂ ਧਿਆਨ ਦੇਣ
35 ਸਾਲ ਸਿਵਲ ਕੋਰਟਸ ਵਿੱਚ ਕੀਤੇ ਕੰਮ ਦੇ ਤਜ਼ਰਬੇਕਾਰ Documents Writer
ਪੰਜਾਬ (ਇੰਡੀਆ) ਦੀਆਂ ਜ਼ਮੀਨਾਂ-ਜਾਇਦਾਦ ਦੇ ਡਾਕੂਮੈਂਟਸ ਇੱਥੇ ਲਿਖੇ ਜਾਂਦੇ ਹਨ।
· ਹਰ ਪ੍ਰਕਾਰ ਦੇ ਮੁਖਤਿਆਰਨਾਮੇ (Power of Attorney), ਵਸੀਅਤ ( Will ) ਜ਼ਮੀਨ ਟਰਾਂਸਫਰ,ਭੌਂ ਬੈਅ।
· ਜ਼ਮੀਨਾਂ ਦੀ ਫਰਦ, ਗਿਰਦਾਵਰੀ, ਵਿਰਾਸਤ, ਹਰ ਤਰ੍ਹਾਂ ਦੇ ਇੰਤਕਾਲ, ਬੈਕਾਂ,ਦਾਜ, ਕਾਨੂੰਨੀ ਜਾਣਕਾਰੀ
· ਜ਼ਮੀਨ, ਜਾਇਦਾਦ, (Properties), ਦੀ ਜਾਂ ਹੋਰ ਤੁਹਾਡੀ ਕੋਈ ਵੀ ਸਮੱਸਿਆ-ਮਸਲਾ-ਝਮੇਲਾ ਹੋਵੇ।
ਤਕਸੀਮ-ਵੰਡ,ਕੇਸ ਪੈਰਵੀ, (Affidavit), NRI ਥਾਣੇ, ਅਤੇ ਹਰ ਤਰ੍ਹਾਂ ਦੇ ਡਾਕੂਮੈਂਟਸ ਲਿਖਣ ਸਬੰਧੀ ਕੰਮ ਆਦਿ।
ਸੰਪਰਕ: AVTAR S.TOOR 1 587 581 1313
ਦਫ਼ਤਰ #2140, 76 Westwinds Crescent NE Calgary (AB)



SOLD
COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com



RE/MAX
List your house with Chahal!
ਆਪਣਾ ਘਰ ਵੇਚਣ ਲਈ ਜਸ ਚਾਹਲ ਨਾਲ ਲਿਸਟ ਕਰੋ
ਕੀ ਤੁਸੀਂ ਜਾਇਦਾਦ ਵੇਚਣ,ਖਰੀਦਣ ਜਾਂ ਨਿਵੇਸ਼ ਕਰਨ ਲਈ ਇੱਕ ਇਮਾਨਦਾਰ ਰੀਅਲ ਅਸਟੇਟ ਏਜੰਟ ਦੀ ਭਾਲ ਕਰ ਰਹੇ ਹੋ ? ਤਾਂ ਕਿਰਪਾ ਕਰਕੇ ਜਸਦੀਪ ਸਿੰਘ ਚਹਿਲ, ਗਾਲਿਬ ਕਲਾਂ ਵਾਲਿਆਂ ਨੂੰ ਸੰਪਰਕ ਕਰੋ ਤਾਂ ਜੋ ਤੁਹਾਡੀਆਂ ਰੀਅਲ ਅਸਟੇਟ ਦੀਆਂ ਲੋੜਾਂ ਪੂਰੀ ਹੋ ਸਕਣ!
ਮੈਂ ਤੁਹਾਡੇ ਅਗਲੇ ਘਰ ਲਈ ਸਭ ਤੋਂ ਵਧੀਆ ਸੌਦਾ ਪ੍ਰਾਪਤ ਕਰਨ ਵਿੱਚ ਮੱਦਦ ਕਰਾਂਗਾ
Jas Chahal
587-971-8667
RE/MAX iREALTY INNOVATIONS
Free Home Evaluation
JAS CHAHAL REAL ESTATE
JChahal@remax.net
1301 8 St SW #100, Calgary, AB T2R 1B7



TIRED OF PAYING HIGH BROKER FEES?
• BUSINESS LOANS AT COMPETITIVE INTEREST RATES AND FLEXIBLE TERMS
• GROW YOUR BUSINESS WITH CONFIDENCE
• 10 YEARS OF INDUSTRY EXPERIENCE
* ਪ੍ਰਤੀਯੋਗੀ ਵਿਆਜ ਦਰਾਂ 'ਤੇ ਵਪਾਰਕ ਕਰਜ਼ੇ ਅਤੇ ਲਚਕਦਾਰ ਨਿਯਮ
* ਆਪਣੇ ਕਾਰੋਬਾਰ ਨੂੰ ਭਰੋਸੇ ਨਾਲ ਵਧਾਓ
* 10 ਸਾਲਾਂ ਦਾ ਉਦਯੋਗ ਦਾ ਤਜਰਬਾ ਹੈ
• Commercial Property Mortgage
• Equipment Loans
• Business Purchase Loans
• Working Capital/ Cashflow Loans
FAHAD NAYYAR, MBA
403-608-4896
Fahad.NAYYAR@bdc.ca
www.ineedabusinessloan.ca
#250, 28 Quarry Park Blvd SE Calgary, AB T2C 5P9
*Some conditions apply
Over $150 Million Funded!
No Approval? NO FEES!
UP TO 100% FINANCING*



Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent



An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Kulwant S. Manhas
Home Financing Advisor
C: (587)-899-2093
Specializing in:
• Home Buyers
• Refinancing
• New to Canada
• Construction Draws



Vig Fashions
Jewellery - Fashion Boutique
Tailoring - Dry Clean
ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।
ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ
ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ
Ph: 403-590-5620
#159-5120 47 Street NE, Calgary (AB)
E: Vigfashions@gmail.com

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

## ਵਰ੍ਹੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ,

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਤੀਆਂ ਦਾ ਤਿਉਹਾਰ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 26 ਜੁਲਾਈ ਨੂੰ ਐਡਵਰਦੀ ਪਾਰਕ ਵਿਖੇ ਪਿਕਨਿਕ ਮਨਾਈ। ਜੁਲਾਈ ਮਹੀਨੇ ਵਿਚ ਪੈਂਦੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਭੇਂਟ ਕਰ ਕੇ ਵਧਾਈਆਂ ਦਿੱਤੀਆਂ ਗਈਆਂ। ਪ੍ਰਮਿੰਦਰ ਗਰੇਵਾਲ ਨੇ ਆਮ ਸਚਾਈਆਂ ਬਿਆਨ ਕੀਤੀਆਂ, ਦਰਸ਼ਨ ਸਿੰਘ ਧਾਲੀਵਾਲ ਨੇ ਅਲਬਰਟਾ ਦੇ ਸਿਹਤ ਸਿਸਟਮ ਅੰਦਰ ਆਈਆਂ ਬੇਨਿਯਮੀਆਂ ਤੋਂ ਜਾਣੂੰ ਕਰਵਾਇਆ, ਡਾ। ਰਾਜਵੰਤ ਕੌਰ ਮਾਨ ਅਤੇ ਕਰਮ ਸਿੰਘ ਮੁੰਡੀ ਨੇ ਭਾਰਤ ਦੇ ਮਨੀਪੁਰ ਸੂਬੇ ਵਿਚ ਔਰਤਾਂ ਤੇ ਹੋ ਰਹੇ ਜ਼ੁਲਮਾਂ 'ਤੇ ਚਿੰਤਾ ਜ਼ਾਹਿਰ ਕੀਤੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮਨੀਪੁਰ ਦੇ ਦੁਖਾਂਤ ਬਾਰੇ ਹਿਰਦੇਵੇਧਕ ਕਵਿਤਾ ਸੁਣਾਈ। ਨਾਲ਼ ਹੀ ਸਾਵਣ ਦੇ ਮਹੀਨੇ ਨਾਲ਼ ਸੰਬੰਧਤ ਸਮੱਗਰੀ ਦਿਲਚਸਪ ਅੰਦਾਜ਼ ਵਿਚ ਪੇਸ਼ ਕੀਤੀ। ਜਨਾਬ ਤਾਰਿਕ ਮਲਿਕ ਦੇ ਉਮਦਾ ਸ਼ਿਅਰ ਗਹਿਰਾ ਅਸਰ ਛੱਡ ਗਏ –

ਬਾਤ ਕਰਨੇ ਕਾ ਹਸੀਂ ਤੌਰ ਤਰੀਕਾ ਸੀਖਾ, ਹਮ ਨੇ ਉਰਦੂ ਕੇ ਬਹਾਨੇ ਸਲੀਕਾ ਸੀਖਾ।

ਦੇਖ ਰਹਾ ਹੈ ਦਰਿਯਾ ਭੀ ਹੈਰਾਨੀ ਸੇ, ਮੈਂ ਨੇ ਕੈਸੇ ਪਾਰ ਕੀਆ ਆਸਾਨੀ ਸੇ।

ਹੈਰੀ ਸੇਖੋਂ ਨੇ ਤੀਆਂ ਦਾ ਆਗਾਜ਼ ਇਸ ਗੀਤ ਨਾਲ਼ ਕੀਤਾ – ਨੀ ਮੈਨੂੰ ਨੱਚ-ਟੱਪ ਹੋਰ ਦਿਨ ਚਾਰ ਲੈਣ ਦੇ। ਬਿੱਕਰ ਸਿੰਘ ਸੰਧੂ ਨੇ – 'ਚੌਧਵੀਂ ਕਾ ਚਾਂਦ ਹੋ ਯਾ ਆਫ਼ਤਾਬ ਹੋ' ਸੁਣਾ ਕੇ ਸਰੋਤਿਆਂ ਨੂੰ ਮੋਹ ਲਿਆ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਦੀ ਕੰਮੋਹ ਜੋੜੀ ਨੇ ਦੋਗਾਣਾ ਪੇਸ਼ ਕਰ ਕੇ ਅਖਾੜਾ ਬੰਨ੍ਹ ਦਿੱਤਾ -- ਕਿਹੜੀ ਗੱਲੋਂ ਰੁੱਸੀਆਂ ਨੇ ਅੱਜ ਹੁਸਨ ਦੀਆਂ ਸਰਕਾਰਾਂ। – ਉਹਦੇ ਨਾਲ਼ ਕੀ ਬੋਲਣਾ ਜਿਹੜਾ ਦੁਖੜੇ ਦਿਲਾਂ ਦੇ ਨਾ ਜਾਣੇ। । ਭਜਨ ਸਿੰਘ ਸਾਗੂ, ਜੋਗਾ ਸਿੰਘ ਲੈਹਲ ਅਤੇ ਜਸਵੰਤ ਸਿੰਘ ਕਪੂਰ ਨੇ ਚੁਟਕਲਿਆਂ ਅਤੇ ਕਵਿਤਾਵਾਂ ਰਾਹੀਂ ਹਾਸਰਸ ਦਾ ਮਾਹੌਲ ਸਿਰਜਿਆ। ਦੇਵਿੰਦਰ ਕੌਰ ਸਿੱਧੂ ਨੇ ਕਿਸਾਨ ਅੰਦੋਲਨ ਬਾਰੇ ਬੈਂਤ ਸੁਣਾਈ – ਆਇਆ ਸੜਕਾਂ 'ਤੇ ਮੁਲਕ ਦਾ ਅੰਨਦਾਤਾ। ਜਰਨੈਲ ਤੱਗੜ ਦੀ ਕਵਿਤਾ ਆਪਣਾ ਅਸਰ ਛੱਡ ਗਈ – ਸਭ ਤੋਂ ਪਹਿਲਾਂ ਲੋਕਾਂ ਨੂੰ ਇਨਸਾਨ ਹੋਣਾ ਚਾਹੀਦਾ। ਵਿਜੇ ਕੁਮਾਰ ਸਚਦੇਵਾ ਨੇ ਵਧੀਆ ਆਵਾਜ਼, ਸੁਰ ਅਤੇ ਲੈਅ ਵਿਚ ਦੋ ਗੀਤ ਪੇਸ਼ ਕਰ ਕੇ ਖ਼ੂਬ ਮਨੋਰੰਜਨ ਕੀਤਾ – ਮੈਂ ਭੁਲਾਉਨਾਂ ਬੜਾ ਬੇ-ਰੁਖੀ ?ਸ ਦੀ, ਉਹ ਮੁੜ ਮੁੜ ਸਤਾਏ ਤਾਂ ਮੈਂ ਕੀ ਕਰਾਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਹਮੇਸ਼ਾ ਵਾਂਗ ਖ਼ੁਸ਼ ਰਹਿ ਕੇ ਜਿਉਣ ਦੀ ਪ੍ਰੇਰਨਾ ਦਿੱਤੀ। 16 ਅਗਸਤ ਨੂੰ ਲੇਕ ਮਿੰਨੀਵਾਂਕਾ ਦੇ ਟੂਰ ਦੀ ਸੂਚਨਾ ਦਿੱਤੀ। ਜਗਦੇਵ ਸਿੱਧੂ ਨੇ ਖ਼ਤਰਾ ਜ਼ਾਹਿਰ ਕੀਤਾ ਕਿ ਪ੍ਰਮਾਣੂੰ ਬੰਬ ਅਤੇ ਮਸਨੂਈ ਬੁੱਧੀ (ਆਰਟੀਫੀਸੀਅਲ ਇੰਟੈਲੀਜੈਂਸ) ਦੀ ਬੇ-ਲਗਾਮ ਵਰਤੋਂ ਮਨੁੱਖਤਾ ਦੀ ਤਬਾਹੀ ਦਾ ਸਾਧਨ ਬਣ ਸਕਦੀ ਹੈ। ਮਗਰਲਾ ਇੱਕ ਘੰਟਾ ਤੀਆਂ ਦੇ ਲੇਖੇ ਰਿਹਾ। ਪੂਰੇ ਜਲੌਅ ਵਿਚ ਆਈਆਂ ਔਰਤਾਂ ਨੇ ਬੋਲੀਆਂ ਦੀ ਝੜੀ ਲਾ ਦਿੱਤੀ, ਨੱਚਣ ਤੇ ਗਿੱਧਾ ਪਾਉਣ ਦੀ ਧਮਕ ਦਰਿਆ ਦੇ ਕਿਨਾਰੇ ਤੱਕ ਜਾਂਦੀ ਸੀ। ਸੁੱਖੀ ਕੁੰਡੂ, ਸੁਰਜੀਤ ਕੌਰ ਕੰਮੋਹ, ਮਨਦੀਪ ਕੌਰ ਹੁੰਦਲ, ਹਰਿੰਦਰ ਕੌਰ ਮੁੰਡੀ ਅਤੇ ਸਾਥਣਾਂ ਨੇ ਗੇੜੇ ਦੇ ਦੇ ਕੇ ਪਿੜ ਬੰਨ੍ਹ ਦਿੱਤਾ, ਬੋਲੀਆਂ ਪਾ ਕੇ ਪਾਰਕ ਨੂੰ ਗੂੰਜਣ ਲਾ ਦਿੱਤਾ। ਇਸ ਗੀਤ ਨਾਲ ਤੀਆਂ ਵਿੱਝੜੀਆਂ – ਵਰ੍ਹੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ। ਸਲੀਕੇ ਨਾਲ਼ ਪਰੋਸੇ ਲਜ਼ੀਜ਼ ਖਾਣੇ ਨੇ ਤੀਆਂ ਨੂੰ ਹੋਰ ਵੀ ਯਾਦਗਾਰੀ ਬਣਾ ਦਿੱਤਾ।

ਇੰਮੀਗ੍ਰੇਸ਼ਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa
• Start-up Visa
• Visitor Visa
• Citizenship Application
• LMIA, PNP
• PR Card Renewal
• Express Entry
R2 Immigration Services Inc.
Rahul Sharma
RCIC
info@r2immi.ca
403-439-0007
403-434-5555
4310 104 Ave NE #3266 Unit 2 Calgary AB T3J 1W5

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੇਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca

ਹੁਣ ਨਵੀਆਂ
ਲਾਟਾਂ ਵੇਚ ਰਹੇ ਹਾਂ
ਹਾਈ $400S ਤੋਂ ਘਰ ਸ਼ੁਰੂ ਹਨ
DAWSON'S LANDING
CHESTERMERE
A QUALICO COMMUNITY
2 ਮੁਕੰਮਲ ਸਟੌਰਮ ਵਾਟਰ kidney™ ਪਥਵੇਅ ਏਰੀਆ
ਕੈਲਗਰੀ ਡਾਊਨਟਾਊਨ ਜਾਣ ਲਈ ਹਾਈ ਵੇਅ 1 ਨਾਲ ਜੁੜਦਾ ਰਸਤਾ
ਮਾਲਕ ਐਸੋਸੀਏਸ਼ਨ ਘਰ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਪਹਿਲਾ ਖੇਡ ਗਰਾਊਂਡ ਹੁਣ ਤਿਆਰ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਵਾਲੇ ਘਰ
ਲੇਨਡ ਡੁਪਲੈਕਸ
ਲੇਨਡ ਹੋਮ
NUVISTA HOMES • BROADVIEW HOMES • TRUMAN HOMES
MORRISON HOMES • TRICO HOMES • STERLING HOMES
RESERVE YOUR LOT TODAY!
Contact Us at: 403-801-1340
customercare@qualicocommunities.com
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER
MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed-
One year warranty
on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
fix AUTO COLLISION
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਗੱਲ ਘਰ ਘਰ ਦੀ




ਐਲਬਰਟਾ ਦੇ ਦੋਵੇਂ ਵੱਡਿਆਂ ਸ਼ਹਿਰਾਂ - ਕੈਲਗਰੀ ਅਤੇ ਐਡਮੰਟਨ - ਵਿੱਚ ਹਾਉਜ਼ਿੰਗ ਮਾਰਕਿਟ ਗਰਮ ਹੁੰਦੀ ਜਾ ਰਹੀ ਹੈ। ਕੈਨੇਡੀਅਨ ਰੀਅਲ ਇਸਟੇਟ ਦੀ ਇਕ ਮਸ਼ਹੂਰ ਕੰਪਨੀ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਦੇ ਮੁਕਾਬਲੇ ਕੈਲਗਰੀ ਦੀ ਮਾਰਕਿਟ ਵਿੱਚ ਘਰ ਲੱਭੇ ਜਾਣ ਦਾ ਸਿਲਸਿਲਾ ਸਭ ਤੋਂ ਤੇਜ਼ ਹੋ ਚੁੱਕਿਆ ਹੈ। ਇਸ ਸਾਲ ਪਹਿਲੀ ਜਨਵਰੀ ਤੋਂ 30 ਜੂਨ ਦਰਮਿਆਨ ਘਰ ਲੱਭਣ ਵਾਲਿਆਂ ਦੀ ਗਿਣਤੀ ਵਿੱਚ ਲਗਪਗ 2% ਵਾਧਾ ਹੋਇਆ ਹੈ। ਓਂਟੈਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਘਰ ਹੁਣ ਸਧਾਰਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕੇ ਹਨ ਤੇ ਉਹ ਹੁਣ ਐਲਬਰਟਾ ਦਾ ਰੁਖ਼ ਕਰਨ ਲੱਗੇ ਹਨ।

ਬਹੁਤ ਸਾਰੀਆਂ ਕੰਪਨੀਆਂ ਨੇ ਲੋਕਾਂ ਨੂੰ ਘਰੋਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਹੈ ਜਿਸ ਕਰਕੇ ਉਹ ਐਲਬਰਟਾ ਵਿੱਚ ਘਰ ਖ਼ਰੀਦਣ ਨੂੰ ਤਰਜੀਹ ਦੇਣ ਲੱਗੇ ਹਨ। ਸਾਲ 2022 ਵਿੱਚ ਇੰਟਰਨੈਟ 'ਤੇ ਘਰ ਖ਼ਰੀਦਣ ਸੰਬੰਧੀ ਸਰਚ ਸਭ ਤੋਂ ਵੱਧ ਦਰਜ ਕੀਤੀ ਗਈ ਹੈ। ਕੈਲਗਰੀ ਵਿੱਚ ਔਸਤ ਘਰ ਦੀ ਕੀਮਤ ਇਸ ਸਾਲ ਦੇ ਦੂਜੇ ਕੁਆਰਟਰ ਵਿੱਚ 6 ਲੱਖ 43 ਹਜ਼ਾਰ ਡਾਲਰ ਦਰਜ ਹੋਈ ਹੈ ਜਦੋਂ ਕਿ ਨੈਸ਼ਨਲ ਔਸਤ 8 ਲੱਖ 9 ਹਜ਼ਾਰ ਡਾਲਰ ਹੈ। ਵੈਨਕੂਵਰ ਅਤੇ ਟੋਰੰਟੋ ਦੇ ਮੁਕਾਬਲੇ ਕੈਲਗਰੀ ਵਿੱਚ ਘਰਾਂ ਦੀ ਕੀਮਤ ਲਗਪੱਗ ਅੱਧੀ ਹੈ।

ਵਿਆਜ ਦਰਾਂ ਸਿਖ਼ਰ 'ਤੇ ਹੋਣ ਦੇ ਬਾਵਜੂਦ ਕੈਲਗਰੀ ਵਿੱਚ ਘਰ ਖ਼ਰੀਦਣ ਦੀ ਚਾਹਤ ਲੋਕਾਂ ਵਿੱਚ ਬਰਕਰਾਰ ਹੈ। ਇਸੇ ਨੂੰ ਦੇਖਦਿਆਂ ਕਈ ਘਰ ਬਣਾਉਣ ਵਾਲੀਆਂ ਕੰਪਨੀਆਂ ਨੇ ਘਰ ਨਿਰਮਾਣ ਦਾ ਕੰਮ ਹੌਲੀ ਕਰ ਦਿੱਤਾ ਹੈ ਤਾਂ ਕਿ ਉਹਨਾਂ ਦਾ ਪ੍ਰੌਫਿਟ ਵਧੇ ਅਤੇ ਇਸ ਨਾਲ ਸਪਲਾਇ ਘਟਣ ਕਰਕੇ ਘਰਾਂ ਦੀਆਂ ਕੀਮਤਾਂ ਵੀ ਵਧਣਗੀਆਂ। ਇਸ ਸਮੇਂ ਵੀ ਕੈਲਗਰੀ ਸੈਲਰ'ਜ਼ ਮਾਰਕਿਟ ਦਾ ਕੇਂਦਰ ਬਣਿਆ ਹੋਇਆ ਹੈ।

ਆਉਂਦੇ ਸਮੇਂ ਵਿੱਚ ਘਰਾਂ ਦੀ ਕੀਮਤ ਵਧਣ ਦੀ ਸੰਭਾਵਨਾ ਨੂੰ ਦੇਖਦਿਆਂ ਲੋਕਾਂ ਨੂੰ ਆਪਣਾ ਪਹਿਲਾਂ ਘਰ ਖ਼ਰੀਦਣ ਦੀ ਸਲਾਹ ਦਿੱਤੀ ਜਾ ਰਹੀ ਹੈ। ਇਹ ਘਰ ਛੋਟਾ ਵੀ ਹੋ ਸਕਦਾ ਹੈ, ਟਾਉਨ-ਹਾਉਸ ਵੀ ਤੇ ਅਪਾਰਟਮੈਂਟ (ਕੌਂਡੋ) ਵੀ। ਬੱਸ, ਆਪਣੀ ਆਰਥਿਕ ਹੈਸੀਅਤ ਮੁਤਾਬਕ ਜਲਦ ਘਰ ਖ਼ਰੀਦਣ ਦੀ ਸਲਾਹ ਸਾਰੇ ਪਾਸਿਆਂ ਤੋਂ ਮਿਲ ਰਹੀ ਹੈ।

-ਅਮੂ ਨਾਗਰ

# ਕੈਲਗਰੀ ਦੀ ਜਿਮਨੀ ਚੋਣ ਵਿੱਚ ਕੰਜ਼ਰਵੇਟਿਵ ਪਾਰਟੀ ਨੇ ਆਪਣੀ ਚੜ੍ਹਤ ਬਰਕਰਾਰ ਰੱਖੀ, ਮਜੂਮਦਾਰ ਐਮ ਪੀ ਬਣੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 25 ਜੁਲਾਈ 2023 ਵਾਲੇ ਦਿਨ ਕੈਲਗਰੀ ਹੈਰੀਟੇਜ ਵਿੱਚ ਫੈਡਰਲ ਜ਼ਿਮਨੀ ਚੋਣ ਉਪਰੰਤ ਕੰਜ਼ਰਵੇਟਿਵ ਐਮਪੀ ਚੁਣੇ ਗਏ ਸ਼ੁਵਲੋਏ ਮਜੂਮਦਾਰ ਹੁਣ ਹਾਊਸ ਆਫ ਕਾਮਨਜ਼ ਵਿੱਚ ਬੈਠਣਗੇ।ਇਲੈਕਸ਼ਨਜ਼ ਕੈਨੇਡਾ ਦੇ ਮੁੱਢਲੇ ਨਤੀਜਿਆਂ ਅਨੁਸਾਰ, ਮਜੂਮਦਾਰ ਨੇ 15,803 ਵੋਟਾਂ ਨਾਲ ਕੰਜ਼ਰਵੇਟਿਵ ਪਾਰਟੀ ਲਈ ਸੀਟ ਹਾਸਲ ਕੀਤੀ, ਜਦੋਂ ਕਿ ਲਿਬਰਲ ਉਮੀਦਵਾਰ ਇਲੀਅਟ ਵੇਨਸਟਾਈਨ 3,463 ਵੋਟਾਂ ਨਾਲ ਦੂਜੇ ਸਥਾਨ ਉੱਪਰ ਰਹੇ। ਜੇਕਰ ਨਵੇਂ ਚੁਣੇ ਗਏ ਮੈਂਬਰ ਪਾਰਲੀਮੈਂਟ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਮਜੂਮਦਾਰ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਅਤੇ ਸਾਬਕਾ ਕੰਜ਼ਰਵੇਟਿਵ ਵਿਦੇਸ਼ ਮੰਤਰੀ ਜੌਹਨ ਬੇਅਰਡ ਦੇ ਸਾਬਕਾ ਨੀਤੀ ਸਲਾਹਕਾਰ ਰਹੇ ਹਨ। ਉਹ ਇਸ ਵੇਲੇ ਵੀ ਹਾਰਪਰ ਦੀ ਅੰਤਰਰਾਸ਼ਟਰੀ ਸਲਾਹਕਾਰ ਫਰਮ ਨਾਲ ਕੰਮ ਕਰ ਰਹੇ ਹਨ। ਇਸ ਚੋਣ ਦੌਰਾਨ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਪੰਜਾਬੀ ਮੂਲ ਦੇ ਉਮੀਦਵਾਰ ਗੁਰਮੀਤ ਭੱਚੂ ਨੂੰ 3,425 ਵੋਟਾਂ ਮਿਲੀਆਂ, ਗ੍ਰੀਨ ਪਾਰਟੀ ਦੇ ਉਮੀਦਵਾਰ ਰੇਵੇਨਮੂਨ ਕ੍ਰੋਕਰ ਨੂੰ 416 ਵੋਟਾਂ ਮਿਲੀਆਂ ਜਦਕਿ ਪੀਪਲਜ਼ ਪਾਰਟੀ ਆਫ ਕੈਨੇਡਾ ਦੀ ਉਮੀਦਵਾਰ ਕੈਲੀ ਲੋਰੇਂਜ ਨੂੰ 649 ਵੋਟਾਂ ਮਿਲੀਆਂ। ਪਰ ਮੈਵਰਿਕ ਪਾਰਟੀ ਦੇ ਉਮੀਦਵਾਰ ਡੈਨ ਇਰਵਿੰਗ ਨੂੰ ਸਿਰਫ 141 ਵੋਟਾਂ ਨਾਲ ਹੀ ਸਬਰ ਕਰਨਾ ਪਿਆ।




# ਕਰਜ਼ਾ ਚੁੱਕ ਕੇ 10 ਦਿਨ ਪਹਿਲਾ ਪੜਾਈ ਲਈ ਕੈਨੇਡਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਰਨਾਲਾ ਜ਼ਿਲ੍ਹੇ ਦੇ ਕਸਬਾ ਭਦੌੜ ਦੇ ਨਾਲ ਲੱਗਦੇ ਪਿੰਡ ਸੰਧੂ ਕਲਾਂ ਦੇ ਕੁੱਝ ਦਿਨ ਹੀ ਪਹਿਲਾ ਹੀ ਕਰਜ਼ਾ ਚੁੱਕ ਕੇ ਕੈਨੇਡਾ ਪੜਾਈ ਕਰਨ ਗਏ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਜਾਣ ਨਾਲ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ । ਪਤਾ ਲੱਗਾ ਹੈ ਕਿ ਪਿੰਡ ਸੰਧੂ ਕਲਾਂ ਦੇ ਪੜ੍ਹਾਈ ਕਰਨ ਲਈ 10 ਦਿਨ ਪਹਿਲਾਂ ਹੀ ਕੈਨੇਡਾ ਆਏ ਨੌਜਵਾਨ ਜਗਜੀਤ ਸਿੰਘ ਉਮਰ 17 ਸਾਲ ਪੁੱਤਰ ਲਛਮਣ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਣ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਜਗਜੀਤ ਸਿੰਘ ਕੈਨੇਡਾ ਵਿੱਚ ਆ ਕੇ ਪੜ੍ਹਾਈ ਕਰਨ ਲਈ ਸਿਰਫ 10 ਦਿਨ ਪਹਿਲਾਂ ਹੀ ਪਿੰਡ ਸੰਧੂ ਕਲਾਂ ਤੋਂ ਆਪਣੇ ਮਾਤਾ-ਪਿਤਾ ਦੇ ਨਾਲ ਚਾਵਾਂ ਮਲਾਰਾਂ ਨਾਲ ਘਰੋਂ ਕੈਨੇਡਾ ਲਈ ਰਵਾਨਾ ਹੋਇਆ ਸੀ ਪਰ ਉਸ ਨੂੰ ਕੀ ਪਤਾ ਸੀ ਕਿ ਕੈਨੇਡਾ ਵਿੱਚ ਮੌਤ ਉਸਨੂੰ ਉਡੀਕ ਰਹੀ ਹੈ। ਲੰਘੀ 24 ਜੁਲਾਈ ਨੂੰ ਅਚਾਨਕ ਜਗਜੀਤ ਸਿੰਘ ਨੂੰ ਹਾਰਟ-ਅਟੈਕ ਆਉਣ ਕਾਰਨ ਉਸ ਦੀ ਮੌਤ ਹੋ ਗਈ ਹੈ। ਚਾਰ ਮਹੀਨੇ ਪਹਿਲਾ ਮ੍ਰਿਤਕ ਦੀ ਭੈਣ ਵੀ ਕੈਨੇਡਾ ਪੜ੍ਹਾਈ ਲਈ ਆਈ ਸੀ, ਜਿਸ ਤੋਂ ਬਾਅਦ ਹੁਣ ਜਗਜੀਤ ਸਿੰਘ ਨੂੰ ਵੀ ਕੈਨੇਡਾ ਆ ਗਿਆ ਸੀ। ਮਧ ਵਰਗੀ ਖੇਤੀਬਾੜੀ ਕਰਦੇ ਪਰਿਵਾਰ ਨੇ ਆਪਣੇ ਦੋਵੇਂ ਬੱਚਿਆਂ ਨੂੰ ਬੈਂਕ ਤੋਂ 35 ਲੱਖ ਅਤੇ ਆੜ੍ਹਤੀਏ ਤੋਂ 11 ਲੱਖ ਰੁਪਏ ਕੁੱਲ 46 ਲੱਖ ਦੇ ਕਰੀਬ ਕਰਜ਼ਾ ਚੁੱਕ ਕੇ ਭੇਜਿਆ ਸੀ ਪਰ ਇਕਲੌਤੇ ਪੁੱਤ ਦੀ ਮੌਤ ਤੋਂ ਬਾਅਦ ਪਰਿਵਾਰ ਤੇ ਦੁੱਖਾਂ ਦਾ ਪਹਾੜ ਡਿੱਗ ਪਿਆ ਹੈ।



























## ਸੰਪਾਦਕੀ



ਅਗਲੇ ਕਦਮ ਲਈ ਸਦਭਾਵਨਾ ਲਾਜ਼ਮ ਹੈ।
- ਸੈਲੂਸਟ

# ਸਬਕ ਲੈਣ ਦੀ ਲੋੜ

ਇਸ ਸਾਲ ਬਰਸਾਤਾਂ ਕਾਰਨ ਹਿਮਾਚਲ ਪ੍ਰਦੇਸ਼ ਵਿੱਚ ਜੋ ਕੁੱਝ ਵਾਪਰਿਆ ਹੈ, ਉਸ ਨੇ ਨਾ ਸਿਰਫ਼ ਇਸ ਸੂਬੇ ਦੀ ਪੂਰੀ ਆਬਾਦੀ ਨੂੰ ਸਗੋਂ ਦੇਸ਼ ਦੇ ਬਾਕੀ ਹਿੱਸਿਆਂ ਨੂੰ ਵੀ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਇਸ ਦੇ ਕੀ ਕਾਰਨ ਹਨ ਅਤੇ ਅੱਗੇ ਕੀ ਕੀਤਾ ਜਾਵੇ। ਸੂਬੇ ਵਿੱਚ ਪਹਾੜੀ ਇਲਾਕਿਆਂ ਵਿੱਚੋਂ ਲੰਘਦੇ ਦਰਿਆਵਾਂ ਦਾ ਪਾਣੀ ਇਉਂ ਜਾਪਦਾ ਸੀ ਜਿਵੇਂ ਕੋਈ ਪਰਲੋ ਆਈ ਹੋਵੇ ਅਤੇ ਉਸ ਵਿੱਚ ਸਭ ਕੁੱਝ ਤਬਾਹ ਹੋ ਰਿਹਾ ਸੀ। ਹਿਮਾਚਲ ਪ੍ਰਦੇਸ਼ ਵਿੱਚ ਸੜਕਾਂ ਦੇ ਵੱਡੇ ਪੱਧਰ 'ਤੇ ਵਿਨਾਸ਼ ਦੇ ਸਮਾਨਾਂਤਰ ਦਰਿਆਵਾਂ ਦੇ ਅਨਿਯਮਿਤ ਵਹਾਅ ਕਾਰਨ ਹਿਮਾਚਲ ਪ੍ਰਦੇਸ਼ ਵਿੱਚ ਬੇਤਰਤੀਬੇ ਤੌਰ 'ਤੇ ਵਿਕਸਤ ਵਪਾਰਕ ਅਤੇ ਰਿਹਾਇਸ਼ੀ ਖੇਤਰਾਂ ਨੂੰ ਹੋਏ ਨੁਕਸਾਨ ਦੇ ਪੈਮਾਨੇ ਨੇ ਕੁਦਰਤ ਦੇ ਆਮ ਰਾਹ ਨੂੰ ਵਿਗਾੜਨ ਦੇ ਨਤੀਜੇ ਦਰਸਾਏ ਹਨ। ਇਕੱਲੇ ਹਿਮਾਚਲ ਪ੍ਰਦੇਸ਼ ਵਿੱਚ ਹੀ ਕਰੀਬ ਅੱਠ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕੇਂਦਰ ਅਤੇ ਸੂਬਾ ਸਰਕਾਰ ਦੇ ਤਾਲਮੇਲ ਨਾਲ ਲੋੜੀਂਦੀ ਰਕਮ ਦਾ ਪ੍ਰਬੰਧ ਕਰਨਾ ਸੰਭਵ ਹੋ ਸਕਦਾ ਹੈ, ਪਰ ਇਸ ਵਾਰ ਹੜ੍ਹਾਂ ਅਤੇ ਬਾਰਸ਼ਾਂ ਨੇ ਜਿਸ ਪੈਮਾਨੇ 'ਤੇ ਜਨਜੀਵਨ ਤਬਾਹ ਕਰ ਦਿੱਤਾ ਹੈ, ਉਸ ਨੂੰ ਮੁੜ ਲੀਹ 'ਤੇ ਆਉਣ 'ਚ ਲੰਮਾ ਸਮਾਂ ਲੱਗ ਸਕਦਾ ਹੈ। ਹੋਰਨਾਂ ਪਹਾੜੀ ਰਾਜਾਂ ਵਾਂਗ ਹਿਮਾਚਲ ਪ੍ਰਦੇਸ਼ ਵੀ ਕੁਦਰਤ ਅਤੇ ਸੈਰ-ਸਪਾਟੇ ਦੇ ਪੱਖੋਂ ਇੱਕ ਸੁੰਦਰ ਸੂਬਾ ਰਿਹਾ ਹੈ। ਸੈਰ ਸਪਾਟਾ ਵੀ ਰਾਜ ਦੀ ਆਰਥਿਕਤਾ ਦਾ ਮੁੱਖ ਆਧਾਰ ਹੈ। ਇਸ ਸਿਲਸਿਲੇ ਵਿੱਚ, ਰਿਹਾਇਸ਼ਾਂ ਤੋਂ ਲੈ ਕੇ ਹੋਟਲਾਂ ਅਤੇ ਵਪਾਰਕ ਕੰਪਲੈਕਸਾਂ ਤੱਕ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਾਲੀਆਂ ਲਗਭਗ ਸਾਰੀਆਂ ਥਾਵਾਂ 'ਤੇ ਜਿਸ ਤਰ੍ਹਾਂ ਦੀਆਂ ਉਸਾਰੀਆਂ ਹੋਈਆਂ ਹਨ, ਨੇ ਰਾਜ ਦੇ ਦਰਿਆਵਾਂ ਦੇ ਆਮ ਵਹਾਅ ਵਿੱਚ ਬੁਰੀ ਤਰ੍ਹਾਂ ਵਿਘਨ ਪਾਇਆ ਹੈ। ਹੋਟਲਾਂ ਅਤੇ ਸੜਕਾਂ ਦੇ ਨਿਰਮਾਣ ਦੇ ਮਾਮਲੇ ਵਿੱਚ ਵੀ ਬਹੁਤ ਬੁਨਿਆਦੀ ਪਹਿਲੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਦਰਿਆ ਦੇ ਵਹਾਅ ਤੋਂ ਦੂਰੀ ਨੂੰ ਧਿਆਨ ਵਿੱਚ ਰੱਖਣਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ ਕਿ ਕੋਈ ਉਸਾਰੀ ਨਾ ਕੀਤੀ ਜਾਵੇ। ਨਤੀਜੇ ਵੱਜੋਂ ਇਸ ਵਾਰ ਜਦੋਂ ਭਾਰੀ ਬਰਸਾਤ ਦਾ ਪਾਣੀ ਦਰਿਆਵਾਂ ਵਿੱਚ ਡਿੱਗਿਆ ਤਾਂ ਇਸ ਨੇ ਮੁੱਖ ਵਹਾਅ ਦੇ ਆਲੇ-ਦੁਆਲੇ ਦੇ ਖੇਤਰਾਂ ਨੂੰ ਤਬਾਹ ਕਰ ਦਿੱਤਾ। ਮਨਾਲੀ ਅਤੇ ਮੰਡੀ ਵਿਚਕਾਰ ਤੇਜ਼ ਰਫਤਾਰ ਬਿਆਸ ਦਰਿਆ ਵਿੱਚ ਬਹੁਤ ਸਾਰੇ ਘਰ, ਵਾਹਨ, ਜਾਨਵਰ ਅਤੇ ਹੋਟਲ ਵਹਿ ਗਏ। ਰਾਸ਼ਟਰੀ ਰਾਜਮਾਰਗਾਂ ਦੀ ਤਬਾਹੀ ਨੇ ਦਿਖਾਇਆ ਕਿ ਆਵਾਜਾਈ ਦੀ ਗਤੀ ਅਤੇ ਸਹੂਲਤ ਨੂੰ ਵਧਾਉਣ ਲਈ ਬਣਾਈਆਂ ਗਈਆਂ ਚੰਗੀਆਂ ਚਾਰ-ਮਾਰਗੀ ਸੜਕਾਂ ਅਸਲ ਵਿੱਚ ਮੁਸੀਬਤਾਂ ਨੂੰ ਸੱਦਾ ਦੇ ਸਕਦੀਆਂ ਹਨ। ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਸਟਰ ਮੈਨੇਜਮੈਂਟ ਦੇ ਅਧਿਐਨ ਅਨੁਸਾਰ, ਕੁੱਝ ਸਾਲ ਪਹਿਲਾਂ, ਹਿਮਾਚਲ ਵਿੱਚ ਇੱਕ ਸੌ ਅਠਾਰਾਂ ਪਣ-ਬਿਜਲੀ ਪ੍ਰਾਜੈਕਟ ਸਨ, ਜਿਨ੍ਹਾਂ ਵਿੱਚੋਂ ਸੱਤਰ ਅਜਿਹੇ ਹਨ ਜਿੱਥੇ ਪਹਾੜ ਕਦੇ ਵੀ ਖਿਸਕ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਕਾਸ ਸਮੇਂ ਦੀ ਲੋੜ ਹੈ। ਪਰ ਜੇਕਰ ਇਸ ਵਿੱਚ ਸੰਤੁਲਨ ਦਾ ਧਿਆਨ ਨਾ ਰੱਖਿਆ ਗਿਆ ਤਾਂ ਇਸ ਦੇ ਕੀ ਨਤੀਜੇ ਨਿਕਲ ਸਕਦੇ ਹਨ, ਇਹ ਹਿਮਾਚਲ ਦੀ ਤ੍ਰਾਸਦੀ ਨੇ ਵਿਖਾ ਦਿੱਤਾ ਹੈ। ਦਰਿਆਵਾਂ ਤੋਂ ਗੈਰ-ਵਿਗਿਆਨਕ ਮਾਈਨਿੰਗ, ਪਹਾੜਾਂ ਨੂੰ ਕੱਟ ਕੇ ਬਣਾਈਆਂ ਸੜਕਾਂ ਨੂੰ ਨੱਬੇ ਡਿਗਰੀ ਦੇ ਕੋਣ 'ਤੇ ਸੁਰੱਖਿਅਤ ਪੱਧਰ 'ਤੇ ਬਣਾਉਣਾ, ਵੱਡੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਅਤੇ ਕਈ ਗਤੀਵਿਧੀਆਂ ਕਾਰਨ ਪਹਾੜਾਂ ਦੀ ਬਣਤਰ ਵਿੱਚ ਅੰਦਰੂਨੀ ਕਮਜ਼ੋਰੀ, ਪਹਾੜਾਂ ਦੇ ਸੀਨੇ ਨੂੰ ਚੀਰ ਕੇ ਸੁਰੰਗਾਂ ਦੀ ਉਸਾਰੀ ਆਦਿ ਦਾ ਨਤੀਜਾ ਹੈ ਕਿ ਬਰਸਾਤ ਦੇ ਦਿਨਾਂ ਵਿੱਚ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਲਗਾਤਾਰ ਦੇਖਣ ਨੂੰ ਮਿਲ ਰਹੀਆਂ ਹਨ। ਕਿਹਾ ਜਾ ਸਕਦਾ ਹੈ ਕਿ ਵਿਆਪਕ ਤਬਾਹੀ ਦਾ ਨਜ਼ਾਰਾ ਦੇਖਣ ਤੋਂ ਬਾਅਦ ਹੁਣ ਸਭ ਦਾ ਧਿਆਨ ਇਸ ਦੇ ਕਾਰਨਾਂ ਵੱਲ ਖਿੱਚਿਆ ਜਾ ਰਿਹਾ ਹੈ। ਸਮੇਂ ਦੀ ਲੋੜ ਹੈ ਕਿ ਅਜਿਹੀਆਂ ਆਫ਼ਤਾਂ ਨੂੰ ਰੋਕਣ ਲਈ ਇੱਕ ਵਿਆਪਕ ਤੰਤਰ ਸਥਾਪਤ ਕੀਤਾ ਜਾਵੇ। ਪਰ ਕੀ ਇਸ ਤੋਂ ਸਿੱਖੇ ਸਬਕ ਨੂੰ ਹੁਣ ਠੀਕ ਕਰਨ ਲਈ ਯਾਦ ਕੀਤਾ ਜਾਵੇਗਾ? ਕੁਦਰਤ ਨਾਲ ਇੱਕਸੁਰਤਾ ਵਿੱਚ ਰਹਿ ਕੇ, ਮਨੁੱਖ ਨੇ ਜੀਵਨ ਹਾਲਤਾਂ ਨੂੰ ਸੁਧਾਰਨ ਦੇ ਤਰੀਕੇ ਲੱਭੇ। ਪਰ ਮਨੁੱਖੀ ਗਤੀਵਿਧੀਆਂ ਦੀ ਹੱਦ ਕਿੱਥੇ ਹੈ, ਜਿਸ ਵਿੱਚ ਕੁਦਰਤ ਜੀਵਨ ਦੇਣ ਦੀ ਬਜਾਏ ਵਿਨਾਸ਼ ਦਾ ਕਾਰਨ ਬਣ ਰਹੀ ਹੈ?

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ : ਬਗਾਵਤੀ ਸੁਰਾਂ ਉੱਠਣ ਲੱਗੀਆਂ



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੀ ਖੁੱਸੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਦੀ ਥਾਂ ਅਕਾਲੀ ਦਲ ਦੇ ਕੇਡਰ ਵਿੱਚ ਅਨਿਸਚਤਤਾ ਦਾ ਮਾਹੌਲ ਪੈਦਾ ਕਰ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਨਾਲੋਂ ਨਰਾਜ਼ ਹੋ ਕੇ ਹੋਰ ਪਾਰਟੀਆਂ ਵਿੱਚ ਗਏ ਨੇਤਾਵਾਂ ਨੂੰ ਵਾਪਸ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਹ ਤਾਂ ਸਗੋਂ ਜਿਹੜੇ ਨੇਤਾ ਪਾਰਟੀ ਵਿੱਚ ਪਹਿਲਾਂ ਹੀ ਅਸੰਤੁਸ਼ਟ ਬੈਠੇ ਹਨ, ਉਨ੍ਹਾਂ ਨੂੰ ਹੋਰ ਨਰਾਜ਼ ਕਰਨ ਦੀ ਕੋਈ ਕਸਰ ਨਹੀਂ ਛੱਡ ਰਿਹਾ। ਇਸਤਰੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਨੂੰ ਅਣਡਿਠ ਕਰਕੇ ਇੱਕ ਆਂਗਨਵਾੜੀ ਨੇਤਾ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਹੀ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬਣਾ ਦਿੱਤਾ ਹੈ। ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਨੇਤਾਵਾਂ ਵਿੱਚ ਘੁਸਰ ਮੁਸਰ ਹੋਣਾ ਕੁਦਰਤੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ ਕਿਉਂਕਿ ਪਾਰਟੀ ਵਿੱਚ ਬਗਾਬਤੀ ਸੁਰਾਂ ਉਠਣ ਲੱਗੀਆਂ ਹਨ। ਤਾਜਾ ਘਟਨਾਕਰਮ ਅਨੁਸਾਰ ਇਸਤਰੀ ਅਕਾਲੀ ਦਲ ਦੀਆਂ 25 ਟਕਸਾਲੀ ਆਗੂਆਂ ਨੇ ਸਾਂਝੇ ਤੌਰ ਤੇ ਆਪਣੇ ਅਸਤੀਫ਼ੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜਕੇ ਅਕਾਲੀ ਦਲ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਕਮਜ਼ੋਰ ਹੋ ਜਾਣ ਤੋਂ ਬਾਅਦ ਦੂਜੀਆਂ ਪਾਰਟੀਆਂ ਦੇ ਅਜਿਹੇ ਨੇਤਾ ਤੇ ਵਰਕਰ ਸ਼ਾਮਲ ਕੀਤੇ ਜਾ ਰਹੇ ਹਨ, ਜਿਹੜੇ ਅਕਾਲੀ ਦਲ ਦੀ ਵਿਚਾਰਧਾਰਾ ਬਾਰੇ ਅਣਜਾਣ ਹਨ। ਇਸ ਕਰਕੇ ਟਕਸਾਲੀ ਨੇਤਾਵਾਂ ਅਤੇ ਵਰਕਰਾਂ ਨੂੰ ਘੁਟਣ ਮਹਿਸੂਸ ਹੋਣ ਲੱਗ ਪਈ ਹੈ। ਟਕਸਾਲੀਆਂ ਨੂੰ ਆਪਣਾ ਸਿਆਸੀ ਕੈਰੀਅਰ ਖ਼ਤਮ ਹੁੰਦਾ ਦਿਸ ਰਿਹਾ ਹੈ। ਦਿਨ-ਬਦਿਨ ਅਕਾਲੀ ਦਲ ਨੂੰ ਖ਼ੋਰਾ ਲੱਗ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਜੋ ਲੰਬੇ ਸਮੇਂ ਤੋਂ ਖੱਬੇ ਪੱਖੀ ਪਾਰਟੀਆਂ ਨਾਲ ਜੁੜੇ ਹੋਏ ਹਨ ਅਤੇ ਪੰਜਾਬ ਦੀਆਂ ਆਂਗਨਵਾੜੀ ਮਹਿਲਾਵਾਂ ਦੇ ਪ੍ਰਧਾਨ ਵੱਜੋਂ ਕਾਰਜਸ਼ੀਲ ਹਨ, ਉਸ ਨੂੰ ਚੰਡੀਗੜ੍ਹ ਵਿਖੇ ਆਂਗਨਵਾੜੀ ਮਹਿਲਾਵਾਂ ਦੀ ਇੱਕ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰ ਲਿਆ। ਇੱਥੇ ਹੀ ਬਸ ਨਹੀਂ ਸਗੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾ ਦਿੱਤਾ ਗਿਆ ਹੈ। ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾਉਣ ਨਾਲ ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਆਗੂਆਂ ਵਿੱਚ ਨਿਰਾਸ਼ਾ ਪੈਦਾ ਹੋ ਗਈ। ਉਨ੍ਹਾਂ ਤੁਰੰਤ ਮੋਹਾਲੀ ਦੇ ਅੰਬ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੋਹਾਲੀ ਦੀ ਪ੍ਰਧਾਨਗੀ ਵਿੱਚ ਇੱਕ ਐਮਰਜੈਂਸੀ ਮੀਟਿੰਗ ਕੀਤੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਸੀਨੀਅਰ ਟਕਸਾਲੀ ਵਰਤਮਾਨ ਅਤੇ ਸਾਬਕਾ ਸਟੇਟ ਪ੍ਰਧਾਨ, ਜਿਲ੍ਹਾ ਪ੍ਰਧਾਨ ਅਤੇ ਵਿਧਾਨਕਾਰ 25 ਬੀਬੀਆਂ ਸ਼ਾਮਲ ਹੋਈਆਂ। ਉਨ੍ਹਾਂ ਨੇ ਆਪਣੇ ਸਮੂਹਿਕ ਅਸਤੀਫ਼ੇ ਸੁਖਬੀਰ ਸਿੰਘ ਬਾਦਲ ਨੂੰ ਭੇਜਦਿਆਂ ਕਿਹਾ ਹੈ ਕਿ ਉਹ ਨਵੇਂ ਆਗੂਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਵਾਗਤ ਕਰਦੀਆਂ ਹਨ ਪ੍ਰੰਤੂ ਨਵੇਂ ਆਗੂ ਨੂੰ ਟਕਸਾਲੀ ਬੀਬੀਆਂ ਤੋਂ ਅੱਗੇ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾਉਣ ਦੇ ਵਿਰੁੱਧ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਦੀ ਵਿਚਾਰਧਾਰਾ ਅਤੇ ਪਰੰਪਰਾ ਤੋਂ ਉਲਟ ਕੰਮ ਹੋ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦਾ ਪਾਰਟੀ ਦੀ ਵਿਚਾਰਧਾਰਾ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ। ਇਸ ਤੋਂ ਪਹਿਲਾਂ ਵੀ ਪਾਰਟੀ ਵਿੱਚ ਅਜਿਹੀਆਂ ਗ਼ਲਤੀਆਂ ਹੋਈਆਂ ਹਨ, ਜਿਸ ਕਰਕੇ ਪਾਰਟੀ ਵਿੱਚ ਨਮੋਸ਼ੀ ਪੈਦਾ ਹੁੰਦੀ ਰਹੀ ਅਤੇ ਖੋਰਾ ਲੱਗਦਾ ਆ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦੇ ਪ੍ਰਧਾਨ ਬਣਨ ਨਾਲ ਅਕਾਲੀ ਦਲ ਬਾਦਲ ਵਿੱਚ ਪਹਿਲਾਂ ਹੀ ਚੱਲ ਰਿਹਾ ਅਸੰਤੋਸ਼ ਹੋਰ ਵੱਧ ਜਾਵੇਗਾ। ਪਾਰਟੀ ਦੇ ਸੀਨੀਅਰ ਨੇਤਾਵਾਂ ਵਿੱਚ ਘੁਸਰ ਮੁਸਰ ਸ਼ੁਰੂ ਹੋ ਗਈ ਹੈ। ਉਹ ਇਸਤਰੀਆਂ ਦੀ ਇਸ ਬਗਾਬਤ ਨੂੰ ਪਾਰਟੀ ਲਈ ਘਾਤਕ ਸਮਝ ਰਹੇ ਹਨ, ਕਿਉਂਕਿ ਜਿਸ ਪਾਰਟੀ ਦੀਆਂ ਇਸਤਰੀਆਂ ਨਿਰਾਸ਼ਾ ਦੇ ਆਲਮ ਵਿੱਚ ਹੋਣਗੀਆਂ ਉਹ ਪਾਰਟੀ ਸਥਿਰ ਨਹੀਂ ਹੋ ਸਕਦੀ।






ਇਸਤਰੀਆਂ ਪੰਜਾਬ ਦੀ ਕੁੱਲ ਵਸੋਂ ਦਾ ਅੱਧਾ ਹਿੱਸਾ ਹਨ। ਜੇਕਰ ਇਸਤਰੀਆਂ ਪਾਰਟੀ ਤੋਂ ਦੂਰ ਹੋ ਗਈਆਂ ਅਕਾਲੀ ਦਲ ਲਈ ਸਿਆਸਤ ਵਿੱਚ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਵੇਗੀ ਕਿਉਂਕਿ ਅਕਾਲੀ ਦਲ ਬਾਦਲ ਵਿੱਚ ਇਸਤਰੀਆਂ ਦੀ ਗਿਣਤੀ ਪਹਿਲਾਂ ਹੀ ਘੱਟ ਹੈ। ਅਕਾਲੀ ਦਲ ਬਾਦਲ ਤਾਂ ਪਹਿਲਾਂ ਹੀ ਲੋਕਾਂ ਤੋਂ ਦੂਰ ਹੋ ਚੁੱਕਿਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਮੁੱਖ ਸਿਆਸੀ ਪਾਰਟੀ ਕਹਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਦੀਆਂ ਸਿਰਫ ਤਿੰਨ ਸੀਟਾਂ ਹੀ ਜਿੱਤ ਸਕਿਆ ਹੈ।

ਪਰਕਾਸ਼ ਸਿੰਘ ਬਾਦਲ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਤਾਂ ਪਾਰਟੀ ਵਿੱਚ ਮੌਕਾਪ੍ਰਸਤ ਅਤੇ ਚਾਪਲੂਸ ਭਾਰੂ ਪੈ ਗਏ ਹਨ, ਜਿਸ ਕਰਕੇ ਪਾਰਟੀ ਵਿੱਚ ਨਿਘਾਰ ਆ ਗਿਆ ਹੈ। ਸੁਖਬੀਰ ਸਿੰਘ ਬਾਦਲ ਦੀਆਂ ਆਪ ਹੁਦਰੀਆਂ ਨੀਤੀਆਂ ਅਤੇ ਚਾਪਲੂਸਾਂ ਦੇ ਘੇਰੇ ਵਿੱਚ ਰਹਿਣ ਕਰਕੇ ਨੇਤਾ ਅਤੇ ਵਰਕਰ ਪਾਰਟੀ ਤੋਂ ਪੈਰ ਪਿੱਛੇ ਖਿੱਚਣ ਲੱਗ ਗਏ ਹਨ। ਸੁਖਬੀਰ ਸਿੰਘ ਬਾਦਲ ਹਰ ਫ਼ੈਸਲਾ ਪਾਰਟੀ ਦੇ ਨੇਤਾਵਾਂ ਨੂੰ ਭਰੋਸੇ ਵਿੱਚ ਲੈਣ ਦੀ ਥਾਂ ਮਨਮਾਨੀਆਂ ਕਰ ਰਹੇ ਹਨ। ਪੰਥਕ ਪਾਰਟੀ ਦਾ ਮੁੱਖੀ ਪਹਿਲੀ ਵਾਰ ਪੰਥਕ ਦਿਖ ਅਤੇ ਪੰਥਕ ਸੋਚ ਤੋਂ ਕੋਹਾਂ ਦੂਰ ਹੈ। ਉਹ ਪਾਰਟੀ ਨੂੰ ਇੱਕ ਪ੍ਰਾਈਵੇਟ ਵਿ?ਪਾਰਕ ਅਦਾਰੇ ਦੀ ਤਰ੍ਹਾਂ ਚਲਾ ਰਹੇ ਹਨ। ਜਦੋਂ ਤੋਂ ਸੁਖਬੀਰ ਸਿੰਘ ਬਾਦਲ ਪਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਵਿੱਚ ਉਪ ਮੁੱਖ ਮੰਤਰੀ ਸ਼ਾਮਲ ਹੋਏ ਸਨ, ਉਦੋਂ ਤੋਂ ਹੀ ਪਾਰਟੀ ਗੰਭੀਰ ਸੰਕਟ ਵਿੱਚ ਜਾਣ ਲੱਗ ਪਈ ਸੀ। ਸਤੰਬਰ 2015 ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਡੇਰਾ ਸੱਚਾ ਸੌਦਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਾਫੀ ਦੇਣ ਤੋਂ ਬਾਅਦ ਅਕਾਲੀ ਦਲ ਬਾਦਲ ਵਿੱਚ ਖਲਬਲੀ ਮੱਚ ਗਈ ਸੀ। ਉਸ ਸਮੇਂ ਅਕਾਲੀ ਦਲ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ ਕਿਉਂਕਿ ਪੰਜਾਬ ਦੇ ਲੋਕ ਅਕਾਲ ਤਖ਼ਤ ਦੇ ਇਸ ਫ਼ੈਸਲੇ ਪਿਛੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਦਾ ਹੱਥ ਸਮਝਦੇ ਸਨ। ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਗਏ ਸਨ। ਅਕਾਲੀ ਨੇਤਾਵਾਂ ਦਾ ਇੱਕ ਮਹੀਨਾ ਪਿੰਡਾਂ ਵਿੱਚ ਵੜਨਾ ਅਸੰਭਵ ਹੋ ਗਿਆ ਸੀ। ਭਾਵੇਂ ਬਾਅਦ ਵਿੱਚ ਉਹ ਫ਼ੈਸਲਾ ਵਾਪਸ ਲੈ ਲਿਆ ਸੀ ਪ੍ਰੰਤੂ ਉਸ ਤੋਂ ਬਾਅਦ ਅਕਾਲੀ ਦਲ ਦਾ ਅਕਸ ਖ਼ਰਾਬ ਹੋ ਕੇ ਗਿਰਦਾ ਹੀ ਗਿਆ ਸੀ। ਅਕਾਲੀ ਦਲ ਦੇ ਵਰਕਰ ਪਾਰਟੀ ਤੋਂ ਖਫ਼ਾ ਹੋ ਕੇ ਦੂਰ ਹੋ ਗਏ ਸਨ। ਉਸ ਤੋਂ ਬਾਅਦ ਲਗਾਤਾਰ ਅਕਾਲੀ ਲੀਡਰਸ਼ਿਪ ਵੱਲੋਂ ਗ਼ਲਤੀਆਂ ਤੇ ਗ਼ਲਤੀਆਂ ਹੋ ਰਹੀਆਂ ਹਨ। ਇਸੇ ਸਿਲਸਲੇ ਵਿੱਚ ਸ਼ਰੋਮਣੀ ਅਕਾਲੀ ਦਲ ਬਾਦਲ ਦੇ ਸਿਤਾਰੇ ਪਿਛਲੇ 4 ਸਾਲਾਂ ਤੋਂ ਗਰਦਸ਼ ਵਿੱਚ ਹਨ। 2019 ਵਿੱਚ ਮਾਝੇ ਦੇ ਜਰਨੈਲ ਕਹੇ ਜਾਂਦੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਸੀਨੀਅਰ ਉਪ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਦਾ ਨਾਮ ਦੇ ਕੇ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਸੀ। ਉਸ ਤੋਂ ਬਾਅਦ ਅਕਤੂਬਰ 2019 ਵਿੱਚ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਛੱਡ ਗਏ। ਨਵੰਬਰ 2022 ਵਿੱਚ ਪਾਰਟੀ ਵਿਰੋਧੀ ਕਾਰਵਾਈਆਂ ਕਰਕੇ ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਬਾਦਲ ਵਿੱਚੋਂ ਕੱਢ ਦਿੱਤਾ ਗਿਆ। ਸ਼ਰੋਮਣੀ ਅਕਾਲੀ ਦਲ ਦੇ ਟਕਸਾਲੀ ਦਿਗਜ਼ ਨੇਤਾਵਾਂ ਜਿਨ੍ਹਾਂ ਵਿੱਚ ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਕੈਪਟਨ ਕੰਵਲਜੀਤ ਸਿੰਘ, ਜਸਦੇਵ ਸਿੰਘ ਸੰਧੂ, ਸੁਰਜਨ ਸਿੰਘ ਠੇਕੇਦਾਰ ਅਤੇ ਧੰਨਾ ਸਿੰਘ ਗੁਲਸ਼ਨ ਦੇ ਪਰਿਵਾਰਾਂ ਨੂੰ ਬਾਦਲ ਪਰਿਵਾਰ ਨੇ ਅਣਡਿਠ ਕੀਤਾ ਤੇ ਫਿਰ ਨਿਰਾਸ਼ਾ ਵਿੱਚ ਉਹ ਪਰਿਵਾਰ ਅਕਾਲੀ ਦਲ ਤੋਂ ਅਸਤੀਫ਼ੇ ਦੇ ਗਏ। ਮਾਸਟਰ ਤਾਰਾ ਸਿੰਘ ਦੇ ਪਰਿਵਾਰ ਨੂੰ ਪਾਰਟੀ ਵਿੱਚ ਅਣਡਿਠ ਕੀਤਾ ਜਾ ਰਿਹਾ ਹੈ। ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਖ਼ੋਰਾ ਲਗਦਾ ਰਿਹਾ ਜੋ ਅਜੇ ਤੱਕ ਵੀ ਜ਼ਾਰੀ ਹੈ। ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਤੋਂ ਅਕਾਲੀ ਨੇਤਾ ਅਤੇ ਵਰਕਰ ਨਾਖੁਸ਼ ਹਨ।

ਸ਼੍ਰੋਮਣੀ ਅਕਾਲੀ ਦਲ ਸਿੱਖ ਜਗਤ ਦੀ ਸਿਰਮੌਰ ਸੰਸਥਾ ਹੈ। ਅਕਾਲੀ ਦਲ ਦਾ ਇਤਿਹਾਸ ਜਦੋਜਹਿਦ ਅਤੇ ਕੁਰਬਾਨੀਆਂ ਨਾਲ ਸਿੰਜਿਆ ਹੋਇਆ ਹੈ। ਇਸ ਪਾਰਟੀ ਨੂੰ ਝੁਜਾਰੂਆਂ ਦੀ ਪ੍ਰਤੀਨਿਧ ਪਾਰਟੀ ਕਿਹਾ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਵਿੱਚ ਇਸ ਪਾਰਟੀ ਦੇ ਪਰਵਾਨਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਵਿੱਚ ਬੀਬੀ ਗੁਲਾਬ ਕੌਰ ਵਰਗੀਆਂ ਵੀਰਾਂਗਣਾ ਵੀ ਸਨ। ਭਾਵ ਅਕਾਲੀ ਵਿੱਚ ਬੀਬੀਆਂ ਦਾ ਯੋਗਦਾਨ ਹਮੇਸ਼ਾ ਮਹੱਤਵਪੂਰਨ ਰਿਹਾ ਹੈ। 1920 ਵਿੱਚ ਅਕਾਲੀ ਦਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਹੋਂਦ ਵਿੱਚ ਆਇਆ ਸੀ। ਪ੍ਰੰਤੂ ਬਾਅਦ ਵਿੱਚ ਇਸ ਨੂੰ ਰਾਜਨੀਤਕ ਪਾਰਟੀ ਬਣਾਇਆ ਗਿਆ। ਅਕਾਲੀ ਦਲ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਅਨੇਕ ਵਾਰ ਧਰਨੇ ਅਤੇ ਅੰਦੋਲਨ ਕਰਨੇ ਪਏ। ਇੱਥੋਂ ਤੱਕ ਕਿ ਪੰਜਾਬੀ ਸੂਬਾ ਵੀ ਸ਼ਰੋਮਣੀ ਅਕਾਲੀ ਦਲ ਦੀ ਲੰਬੀ ਜਦੋਜਹਿਦ ਤੋਂ ਬਾਅਦ ਬਣਿਆਂ ਸੀ। ਭਾਵੇਂ ਪੰਜਾਬ ਵਿੱਚ ਬਹੁਤਾ ਸਮਾਂ ਕਾਂਗਰਸ ਪਾਰਟੀ ਰਾਜ ਕਰਦੀ ਰਹੀ ਪ੍ਰੰਤੂ ਅਕਾਲੀ ਦਲ ਦਾ ਯੋਗਦਾਨ ਵੀ ਘੱਟ ਨਹੀਂ ਸੀ। ਪਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਅਕਾਲੀ ਦਲ ਨੂੰ ਸਿਆਸੀ ਤਾਕਤ ਵਿੱਚ ਲਿਆਉਣ ਲਈ ਇਸਤਰੀਆਂ ਦੇ ਯੋਗਦਾਨ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਆਬਾਦੀ ਦਾ ਅੱਧਾ ਹਿੱਸਾ ਇਸਤਰੀਆਂ ਹਨ। ਜੇਕਰ ਇਹ ਅੱਧਾ ਹਿੱਸਾ ਕਿਸੇ ਸਿਆਸੀ ਪਾਰਟੀ ਤੋਂ ਮੂੱਖ ਮੋੜ ਲੈਣ ਤਾਂ ਉਸ ਪਾਰਟੀ ਦਾ ਅਸਤਿਤਵ ਖ਼ਤਰੇ ਵਿੱਚ ਪੈ ਸਕਦਾ ਹੈ। ਇਸਤਰੀਆਂ ਦੀ ਬਗਾਬਤ ਤੋਂ ਬਾਅਦ ਵੇਖੋ ਅਕਾਲੀ ਦਲ ਦਾ ਭਵਿਖ ਕੌਣ ਤਹਿ ਕਰੇਗਾ।




# ਸਿਹਤ ਸੇਵਾਵਾਂ ਦਾ ਭੱਠਾ ਬਿਠਾਉਣ ਵਿੱਚ ਸਰਕਾਰਾਂ ਦੀ ਮੋਹਰੀ ਭੂਮਿਕਾ

**ਸਾਲ 2020 ਵਿਚ ਫੈਲੀ ਕੋਰੋਨਾ ਵਾਇਰਸ ਦੀ ਬਿਮਾਰੀ ਨੇ ਐਲਬਰਟਾ ਦੇ ਸਿਹਤ ਢਾਂਚੇ ਨੂੰ ਲੀਰੋ-ਲੀਰ ਕਰਕੇ ਰੱਖ ਦਿੱਤਾ ਸੀ ! ਨਾ ਸੂਬੇ ਵਿੱਚ ਦਸਤਾਨੇ ਸਨ ਤੇ ਨਾ ਹੀ ਮਾਸਕ। ਵੈਂਟਿਲੇਟਰਾਂ ਦੀ ਕਮੀ ਵੀ ਸਾਹਮਣੇ ਆ ਗਈ ਸੀ ਤੇ ਪੀ.ਪੀ.ਈ. (ਪਰਸਨਲ ਪ੍ਰੋਟੈਕਟਿਵ ਐਕੁਇਪਮੈਂਟ) ਵੀ ਵਿਦੇਸ਼ਾਂ ਤੋਂ ਮੰਗਵਾਉਣੇ ਪਏ ਸੀ। ਹੈਂਡ ਸੈਨਟਾਇਜ਼ਰ ਬਣਾਉਣ ਲਈ ਸ਼ਰਾਬ ਬਣਾਉਣ ਵਾਲਿਆਂ ਨੂੰ ਕਿਹਾ ਗਿਆ। ਹਜ਼ਾਰਾਂ ਲੋਕ ਕੋਰੋਨਾ ਵਾਇਰਸ ਕਰਕੇ ਮਾਰੇ ਗਏ। ਲੌਂਗ ਟਰਮ ਕੇਅਰ ਸੈਂਟਰ ਮੰਗਤਿਆਂ ਵਾਂਗ ਬੇਚਾਰੇ ਬਣ ਕੇ ਰਹਿ ਗਏ।**

ਐਲਬਰਟਾ ਵਿੱਚ ਸਿਹਤ ਸੇਵਾਵਾਂ ਪਿਛਲੇ ਕਈ ਵਰ੍ਹਿਆਂ ਤੋਂ ਕੁਰਲਾ ਰਹੀਆਂ ਸਨ ਪਰ ਕਿਸੇ ਵੀ ਸਰਕਾਰ ਨੇ ਨਾ ਇਸ ਦੇ ਰੋਗ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਤੇ ਇਲਾਜ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ। ਸਰਕਾਰਾਂ ਨੇ ਇਸ ਸੂਬੇ ਦੇ ਸਿਹਤ ਸਿਸਟਮ ਨਾਲ ਸਿਰਫ਼ ਖੇਡਣਾ ਜਾਰੀ ਰੱਖਿਆ ਤੇ ਅਫ਼ਸੋਸ ਹੈ ਕਿ ਇਸ ਸਿਟਮ ਦੇ ਢਹਿ ਢੇਰੀ ਹੋ ਜਾਣ ਤੋਂ ਬਾਦ ਵੀ ਇਹ ਖੇਡ ਜਾਰੀ ਹੈ। ਸੂਬੇ ਵਿੱਚ ਵੱਖ ਵੱਖ ਸਮੇਂ ਤੇ ਆਈਆਂ ਸਰਕਾਰਾਂ ਨੇ ਇਸ ਸਿਹਤ ਸਿਸਟਮ ਨੂੰ ਡੀ-ਸੈਂਟ੍ਰੇਲਾਇਜ਼ ਕਰਨ, ਭਾਵ ਇਸ ਨੂੰ ਹਸਪਤਾਲ ਦੇ ਪੱਧਰ ਤੱਕ ਦਰੁਸਤ ਕਰਨ ਵਾਸਤੇ ਨੀਤੀਆਂ ਬਣਾਈਆਂ। 1992 ਤੋਂ 2000 ਦਰਮਿਆਨ ਉਸ ਵੇਲੇ ਦੇ ਪ੍ਰੀਮੀਅਰ ਰੈਲਫ਼ ਕਲਾਇਨ ਨੇ ਸੂਬੇ ਦੇ ਬਜਟ ਘਾਟੇ ਨੂੰ ਦੂਰ ਕਰਨ ਵਾਸਤੇ ਵੱਡੇ ਸਿਹਤ ਕੱਟ ਲਗਾਏ। ਉਸ ਨੇ 17 ਹੈਲਥ ਅਥਾਰਟੀਆਂ ਬਣਾਈਆਂ। ਪ੍ਰਤੀ ਵਿਅਕਤੀ ਹੈਲਥ ਖ਼ਰਚਾ 1992 ਵਿੱਚ 1393 ਡਾਲਰ ਸੀ ਜਿਹੜਾ ਘਟਾ ਕੇ 1995 ਵਿੱਚ 1156 ਡਾਲਰ 'ਤੇ ਲਿਆਂਦਾ ਗਿਆ। 3 ਹਸਪਤਾਲ ਬੰਦ ਕਰ ਦਿੱਤੇ ਗਏ ਤੇ ਇਕ ਨੂੰ 'ਲਾਭ ਕਮਾਉਣ' ਵਾਸਤੇ ਅਮੈਰਿਕਨ ਅਦਾਰੇ ਕੋਲ ਲੀਜ਼ 'ਤੇ ਦੇ ਦਿੱਤਾ ਗਿਆ। ਅਕਤੂਬਰ, 1998 ਵਿੱਚ ਇਕ ਹਸਪਤਾਲ ਨੂੰ ਢਾਹ ਦਿੱਤਾ ਗਿਆ। ਇਸ ਨੂੰ ਨਵੇਂ ਹੈਲਥ ਕੇਅਰ ਸਿਸਟਮ ਦੀ ਸਵੇਰ ਦਾ ਨਾਮ ਦਿੱਤਾ ਗਿਆ।

ਐਡ ਸਟੈਲਮੈਕ ਦੇ ਪ੍ਰੀਮੀਅਰ (2006-2011) ਬਣਨ ਮਗਰੋਂ ਹੈਲਥ ਬੋਰਡਾਂ ਦੀ ਸੰਖਿਆ 17 ਤੋਂ ਘਟਾ ਕੇ 9 ਕਰ ਦਿੱਤੀ ਗਈ। ਮੈਂਟਲ ਹੈਲਥ ਬੋਰਡ, ਐਲਬਰਟਾ ਐਲਕੋਹਲ ਐਂਡ ਡ੍ਰਗ ਐਬਿਊਜ਼ ਕਮਿਸ਼ਨ ਭੰਗ ਕਰ ਦਿੱਤੇ ਗਏ।

ਸਰਕਾਰ ਵੱਲੋਂ ਮਨ੍ਹਾ ਕਰਨ ਦੇ ਬਾਵਜੂਦ ਬੋਨਸ ਦੇਣ 'ਤੇ ਅੜੇ ਐਲਬਰਟਾ ਹੈਲਥ ਸਰਵਿਸਿਜ਼ ਦੇ ਬੋਰਡ ਨੂੰ 2013 ਵਿੱਚ ਭੰਗ ਕਰ ਦਿੱਤਾ ਗਿਆ। ਇਸ ਦੇ 5 ਜ਼ੋਨ ਬਣਾਏ ਗਏ। ਹੁਣ ਫਿਰ ਇਹਨਾਂ ਜ਼ੋਨਾਂ ਨੂੰ ਭੰਗ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਇਕ ਲੱਖ ਤੋਂ ਵੱਧ ਕਰਮਚਾਰੀਆਂ ਵਾਲੇ ਇਸ ਸਭ ਤੋਂ ਮਹਿੰਗੇ ਮਹਿਕਮੇ ਵਿੱਚ 24.5 ਬਿਲੀਅਨ ਡਾਲਰ ਦਾ ਬਜਟ ਰੱਖਿਆ ਗਿਆ ਹੈ। ਡਾਕਟਰਾਂ ਨਾਲੋਂ ਵੱਧ ਗਿਣਤੀ ਮੈਨੇਜਰਾਂ ਦੀ ਹੈ। ਤਨਖਾਹਾਂ ਆਸਮਾਨ ਛੂਹ ਰਹੀਆਂ ਹਨ। ਡਾਕਟਰਾਂ, ਨਰਸਾਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ। ਮੈਡਿਕਲ ਕਾਲਜਾਂ ਦੀ ਸੰਖਿਆ ਐਲਬਰਟਾ ਵਿੱਚ ਸਿਰਫ਼ 2 ਹੈ। ਸਾਰੇ ਕੈਨੇਡਾ ਵਿੱਚ ਇਹਨਾਂ ਦੀ ਗਿਣਤੀ 17 ਹੈ। ਬਾਹਰੋਂ ਪੜ੍ਹਾਈ ਕਰਕੇ ਆਉਣ ਵਾਲੇ ਡਾਕਟਰਾਂ ਨੂੰ ਕੈਨੇਡੀਅਨ



ਸਿਟਮ ਵਿੱਚ ਦਾਖ਼ਲ ਕਰਨ ਦੀ ਪ੍ਰਕਿਰਿਆ ਬਹੁਤ ਔਖੀ ਤੇ ਗੁੰਝਲਦਾਰ ਹੈ।

ਸਰਕਾਰਾਂ ਨੇ ਹੌਲੀ ਹੌਲੀ ਇਸ ਦੇ ਨਿਜੀਕਰਨ (ਪ੍ਰਾਇਵੇਟਾਇਜ਼ੇਸ਼ਨ) ਦੀ ਤਿਆਰੀ ਆਰੰਭੀ ਹੋਈ ਹੈ । ਇਸ ਸਾਲ ਮਈ ਵਿੱਚ ਚੋਣਾਂ ਹੋਣ ਮਗਰੋਂ ਨਵੀਂ ਸਰਕਾਰ ਦੇ ਬਣਨ ਮਗਰੋਂ ਇਹ ਗੱਲਬਾਤ ਹੋਰ ਤੇਜ਼ ਹੋਈ ਹੈ। ਹੁਣ ਵੀ ਕਈ ਮਰੀਜ਼ ਆਪਣੀਆਂ ਵੱਖ ਵੱਖ ਬਿਮਾਰੀਆਂ ਦੇ ਇਲਾਜ ਵਾਸਤੇ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ।

ਸਾਲ 2020 ਵਿਚ ਫੈਲੀ ਕੋਰੋਨਾ ਵਾਇਰਸ ਦੀ ਬਿਮਾਰੀ ਨੇ ਐਲਬਰਟਾ ਦੇ ਸਿਹਤ ਢਾਂਚੇ ਨੂੰ ਲੀਰੋ-ਲੀਰ ਕਰਕੇ ਰੱਖ ਦਿੱਤਾ ਸੀ! ਨਾ ਸੂਬੇ ਵਿੱਚ ਦਸਤਾਨੇ ਸਨ ਤੇ ਨਾ ਹੀ ਮਾਸਕ। ਵੈਂਟਿਲੇਟਰਾਂ ਦੀ ਕਮੀ ਵੀ ਸਾਹਮਣੇ ਆ ਗਈ ਸੀ ਤੇ ਪੀ.ਪੀ.ਈ. (ਪਰਸਨਲ ਪ੍ਰੋਟੈਕਟਿਵ ਐਕੁਇਪਮੈਂਟ) ਵੀ ਵਿਦੇਸ਼ਾਂ ਤੋਂ ਮੰਗਵਾਉਣੇ ਪਏ ਸੀ। ਹੈਂਡ ਸੈਨਟਾਇਜ਼ਰ ਬਣਾਉਣ ਲਈ ਸ਼ਰਾਬ ਬਣਾਉਣ ਵਾਲਿਆਂ ਨੂੰ ਕਿਹਾ ਗਿਆ। ਹਜ਼ਾਰਾਂ ਲੋਕ ਕੋਰੋਨਾ ਵਾਇਰਸ ਕਰਕੇ ਮਾਰੇ ਗਏ। ਲੌਂਗ ਟਰਮ ਕੇਅਰ ਸੈਂਟਰ ਮੰਗਤਿਆਂ ਵਾਂਗ ਬੇਚਾਰੇ ਬਣ ਕੇ ਰਹਿ ਗਏ। ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਲੈਬੌਟਰੀ ਵਾਂਗ ਵਰਤਿਆ ਜਾ ਰਿਹਾ ਹੈ। ਉਹਨਾਂ ਉਪਰ ਤਜਰਬੇ ਕੀਤੇ ਜਾ ਰਹੇ ਹਨ। ਜ਼ਿਆਦਾ ਉਮਰ ਵਾਲਾ ਹੋਵੇ ਜਾਂ ਘੱਟ ਉਮਰ ਵਾਲਾ ਮਰੀਜ਼, ਸਿਸਟਮ ਵਾਸਤੇ ਇਹ ਮਰੀਜ਼ ਮਨੀ ਮਿੰਟਿੰਗ ਮਸ਼ੀਨ ਹੈ। ਇਕ ਖਾਸ ਪੱਧਰ ਤੋਂ ਬਾਦ ਜੇ ਉਸ ਦੀ ਸਿਹਤ ਵਿੱਚ ਫ਼ਰਕ ਨਾ ਪਵੇ ਤਾਂ ਉਸ ਨੂੰ ਸਿਰਫ਼ ਮਰਨ ਵਾਸਤੇ ਛੱਡ ਦਿੱਤਾ ਜਾਂਦਾ ਹੈ। ਹੁਣ ਤਾਂ ਗੰਭੀਰ ਬਿਮਾਰ ਮਰੀਜ਼ ਨੂੰ ਡਾਕਟਰੀ ਸਹਾਇਤਾ ਨਾਲ ਮਾਰਨ ਦਾ ਬੰਦੋਬਸਤ ਵੀ ਕਾਨੂੰਨੀ ਜਾਮਾ ਪਹਿਨ ਚੁੱਕਿਆ ਹੈ।

ਮੌਜੂਦਾ ਐਲਬਰਟਾ ਸਰਕਾਰ ਇਕ ਵਾਰ ਫਿਰ ਇਸ ਢਹਿਢੇਰੀ ਹੋ ਚੁੱਕੇ ਸਿਸਟਮ ਨੂੰ ਪਾਣੀ ਦੇ ਛਿੱਟੇ ਮਾਰ ਰਹੀ ਹੈ ਕਿ ਸ਼ਾਇਦ ਇਸ ਵਿੱਚ ਰੁਕੇ ਫਸੇ ਸਾਹ ਚੱਲ ਪੈਣ।

ਇਕ ਵਾਰ ਇਸ ਨਾਲ ਤਜਰਬਿਆਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਕ ਵਾਰ ਫਿਰ ਬਹੁਤ ਸਾਰੇ ਬੋਰਡ ਬਣਨਗੇ। ਹਰ ਬੋਰਡ ਆਪਣੀ ਕਾਰਗੁਜ਼ਾਰੀ ਚੰਗੇਰੀ ਬਣਾਉਣ ਵਾਸਤੇ ਵੱਧ ਰਕਮ ਖ਼ਰਚੇਗਾ। ਫਿਰ ਮੁਕਾਬਲਾ ਸ਼ੁਰੂ ਹੋਵੇਗਾ। ਫਿਰ ਬੋਰਡ ਘਟਣਗੇ। ਫਿਰ ਇਕ ਕੇਂਦਰੀ ਏਜੰਸੀ ਬਣ ਜਾਵੇਗੀ। ਫਿਰ ਉਸ ਦਾ ਵਿਕੇਂਦਰੀਕਰਨ ਹੋਵੇਗਾ। ਸੂਬਾ ਉਸ ਥਾਂ ਆ ਜਾਵੇਗਾ ਜਿਥੇ ਉਹ ਅੱਜ ਪਹੁੰਚਿਆ ਹੋਇਆ ਹੈ। ਹਰ ਵੀਹ-ਪੱਚੀ ਸਾਲ ਬਾਦ ਇਹ ਕਸਰਤ ਦੁਹਰਾਏ ਜਾਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ। ਹੁਣ ਤਾਂ ਰੱਬ ਈ ਖੈਰ ਕਰੇ !

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com


**Edmonton**
Parminder Singh Balluana
780-258-5800, 780 599 2000
Email: balluana.parminder@gmail.com


**Regina**
Gurbinder Singh Gagowal
306 520 4313, 639 999 1000
Email: gur.gago@gmail.com


**Saskatoon**
Rishi Joshi
639 742 1200
639 999 1000
Rishijoshi1990 @hotmail.com


**Winnipeg**
Amritpal Singh Kang
204 218 3852
431 733 3000
just4kang@gmail.com

# ਕੈਲਗਰੀ ਵਿੱਚ ਅਜੋਕੀ ਰਾਜਨੀਤੀ ਅਤੇ ਲੋਕ ਮਸਲਿਆਂ 'ਤੇ ਇੱਕ ਸਫਲ ਸੈਮੀਨਾਰ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵੱਲੋਂ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਹਾਲ ਅੰਦਰ ਸਰੋਤਿਆਂ ਭਰਵੇਂ ਇੱਕਠ ਵਿੱਚ ਕਰਵਾਏ ਗਏ ਇੱਕ ਵਿਸ਼ੇਸ਼ ਸੈਮੀਨਾਰ ਵਿੱਚ ਬੋਲਦਿਆਂ ਯੂ ਐਨ ਆਈ ਦੇ ਸਾਬਕਾ ਸੀਨੀਅਰ ਪੱਤਰਕਾਰ, ਲੇਖਕ ਤੇ ਸਿੱਖ ਵਿਦਵਾਨ ਸ: ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਸਿੱਖ, ਨਾ ਸਿਰਫ ਰਾਜਨੀਤਕ ਧਿਰ ਵੱਜੋਂ ਪੰਜਾਬ ਵਿੱਚ ਹੀ ਸਗੋਂ ਭਾਰਤੀ ਰਾਜਨੀਤੀ ਵਿੱਚ ਵੀ ਆਪਣਾ ਸਥਾਨ ਗੁਆ ਰਹੇ ਹਨ। ਉਨ੍ਹਾਂ 'ਅਨੰਦਪੁਰ ਦੇ ਮਤੇ' ਦੇ ਹਵਾਲੇ ਨਾਲ਼ ਕਿਹਾ ਕਿ ਕਿਸੇ ਵਕਤ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਨਾ ਸਿਰਫ ਇੱਕ ਸ਼ਕਤੀਸ਼ਾਲੀ ਖੇਤਰੀ ਪਾਰਟੀ ਸੀ, ਸਗੋਂ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਲੜਨ ਵਿੱਚ ਮੂਹਰੀ ਸੀ, ਉਥੇ ਅੱਜ ਜਦੋਂ ਦੇਸ਼ ਵਿੱਚ ਭਾਜਪਾ ਖਿਲਾਫ ਸਾਰੀਆਂ ਖੇਤਰੀ ਪਾਰਟੀਆਂ ਲਾਮਬੰਦ ਹੋ ਰਹੀਆਂ ਹਨ ਤਾਂ ਉਥੇ ਸਿੱਖਾਂ ਦੀ ਨੁਮਾਇੰਦਗੀ ਕਰਨ ਲਈ ਉਨ੍ਹਾਂ ਵਿੱਚ ਕੋਈ ਵੀ ਨਹੀਂ ਹੈ।ਸਿੱਖਾਂ ਲਈ ਇਹ ਇੱਕ ਗੰਭੀਰ ਚਿੰਤਾ ਦਾ ਮੁੱਦਾ ਹੈ?

ਇਸ ਮੌਕੇ ਤੇ 'ਪ੍ਰੌਗਰੈਸਿਵ ਕਲਾ ਮੰਚ' ਦੇ ਕਲਾਕਾਰਾਂ ਵੱਲੋਂ ਔਰਤਾਂ ਦੇ ਹੱਕਾਂ ਦੀ ਗੱਲ ਕਰਦੀਆਂ ਦੋ ਬਹੁਤ ਹੀ ਪ੍ਰਭਾਵਸ਼ਾਲੀ ਕੋਰੀ-ਗਰਾਫੀਆਂ ਪੇਸ਼ ਕੀਤੀਆਂ ਗਈਆਂ।ਜਿਨ੍ਹਾਂ ਵਿੱਚੋਂ ਇੱਕ ਔਰਤ ਦੇ ਦਰਦ ਨੂੰ ਬਿਆਨ ਕਰਦੀ ਸੀ, 'ਸਖੀਏ ਸਹੇਲੀਏ... ਸੀ ਅਤੇ ਦੂਜੀ ਕੋਰੀ-ਗਰਾਫੀ ਪਿਛਲੇ ਦਿਨੀਂ ਭਾਰਤ ਦੇ ਪ੍ਰਾਂਤ ਮਨੀਪੁਰ ਵਿੱਚ ਔਰਤਾਂ ਨਾਲ਼ ਹੋਏ ਸਮੂਹਿਕ ਬਲਾਤਕਾਰ ਨੂੰ ਸਮਰਪਿਤ ਸੀ, ਜਿਸ ਵਿੱਚ ਇਸ ਗੀਤ; 'ਉਠ ਨੀ ਕੁੜੀਏ, ਉਠ ਨੀ ਚਿੜੀਏ, ਚੀਕ ਚਿਹਾੜਾ ਪਾ...' ਰਾਹੀਂ ਔਰਤਾਂ ਨੂੰ ਆਪਣੇ ਹੱਕਾਂ ਅਤੇ ਸਵੈਮਾਨ ਲਈ ਲੜਨ ਦਾ ਸੱਦਾ ਦਿੱਤਾ ਗਿਆ।

ਮਨੀਪੁਰ ਵਿੱਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਸਬੰਧੀ ਸਰਬਸੰਮਤੀ ਨਾਲ਼ ਇੱਕ ਮਤਾ ਪਾਸ ਕੀਤਾ ਗਿਆ, ਜਿਸਨੂੰ ਮਾਸਟਰ ਭਜਨ ਸਿੰਘ ਵਲੋਂ ਪੜ੍ਹਿਆ ਗਿਆ ਤੇ ਸਰੋਤਿਆਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।ਮਤਾ ਇਸ ਤਰ੍ਹਾਂ ਸੀ: 'ਅੱਜ ਦਾ ਸੈਮੀਨਾਰ ਮੋਦੀ ਸਰਕਾਰ ਵੱਲੋਂ ਦੇਸ਼ ਦੇ ਉੱਤਰ-ਪੂਰਬੀ ਰਾਜ ਮਨੀਪੁਰ ਨੂੰ ਆਪਣੇ ਸੌੜੇ ਸਵਾਰਥਾਂ ਲਈ ਖ਼ਾਨਾਜੰਗੀ ਦੀ ਹਾਲਤ 'ਚ ਧੱਕਣ ਉੱਪਰ ਗੰਭੀਰ ਚਿੰਤਾ ਜ਼ਾਹਿਰ ਕਰਦਾ ਹੈ। ਹੁਕਮਰਾਨ ਆਰ ਐੱਸ ਐੱਸ - ਭਾਜਪਾ ਵੱਲੋਂ ਗਿਣੇਮਿੱਥੇ ਤਰੀਕੇ ਨਾਲ ਮਨੀਪੁਰੀ ਸਮਾਜ ਦੇ ਕਬਾਇਲੀ-ਗ਼ੈਰਕਬਾਇਲੀ ਵਿਰੋਧਾਂ ਨੂੰ ਹਵਾ ਦੇ ਕੇ ਭਰਾਮਾਰ ਜੰਗ ਭੜਕਾਈ ਗਈ। ਹਕੂਮਤ ਨੇ ਮਨੀਪੁਰੀ ਲੋਕਾਂ ਨੂੰ ਫਿਰਕੂ ਪ੍ਰੋਜੈਕਟ ਰਾਹੀਂ ਪੱਕੇ ਤੌਰ 'ਤੇ ਕੰਟਰੋਲ ਕਰਨ ਲਈ ਮੀਤੀ ਬਹੁਗਿਣਤੀ ਦੇ ਆਰਥਿਕਤਾ ਅਤੇ ਸਿਆਸਤ ਉੱਪਰ ਗ਼ਲਬੇ ਨੂੰ ਪੂਰੀ ਚਲਾਕੀ ਨਾਲ







ਵਰਤਿਆ ਗਿਆ ਅਤੇ ਮੇਤਈ ਪੱਖੀ ਨੀਤੀਆਂ ਰਾਹੀਂ ਸਥਾਨਕ ਹਾਕਮ ਜਮਾਤ ਨੂੰ ਆਪਣੇ ਨਾਲ ਜੋੜਿਆ। ਤਾਂ ਜੋ ਭਾਈਚਾਰਕ ਟਕਰਾਅ ਖੜ੍ਹਾ ਕਰਕੇ ਮਨੀਪੁਰੀ ਲੋਕਾਂ ਦੇ ਕੌਮੀਅਤ ਸੰਘਰਸ਼ ਨੂੰ ਸੱਟ ਮਾਰੀ ਜਾ ਸਕੇ ਅਤੇ ਕਬਾਇਲੀ ਜ਼ਮੀਨਾਂ ਦੀ ਸੰਵਿਧਾਨਕ ਸੁਰੱਖਿਆ ਖ਼ਤਮ ਕਰਕੇ ਕਾਰਪੋਰੇਟ ਕਬਜ਼ੇ ਦਾ ਰਾਹ ਪੱਧਰਾ ਕੀਤਾ ਜਾ ਸਕੇ। ਪੱਖਪਾਤੀ ਨੀਤੀਆਂ ਕਾਰਨ ਕੁਕੀ ਭਾਈਚਾਰੇ 'ਚ ਵਿਤਕਰੇ ਦੀ ਭਾਵਨਾ ਵਧਣੀ ਸ਼ੁਰੂ ਹੋਈ। ਟਕਰਾਅ ਨੂੰ ਦੂਰ ਕਰਨ ਲਈ ਕੋਸ਼ਿਸ਼ ਕਰਨ ਦੀ ਬਜਾਏ ਭਾਜਪਾ ਸਰਕਾਰ ਨੇ ਮੇਤਈ ਹਿੰਸਾ ਨੂੰ ਰਾਜਕੀ ਸਰਪ੍ਰਸਤੀ ਦਿੱਤੀ। ਸਥਾਨਕ ਸਰਕਾਰ ਦੀ ਬਿਆਨਬਾਜ਼ੀ, ਮੋਦੀ ਦੀ ਮੁਕੰਮਲ ਖ਼ਾਮੋਸ਼ੀ ਅਤੇ ਅਮਿਤ ਸ਼ਾਹ ਦੀ ਅਗਵਾਈ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਟਕਰਾਅ ਨੂੰ ਹੋਰ ਵਧਾਉਣ ਤੇ ਤਿੱਖਾ ਕਰਨ ਵਾਲੀ ਦਖ਼ਲਅੰਦਾਜ਼ੀ ਇਸ ਦਾ ਸਬੂਤ ਹੈ। ਇਸੇ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਦਾ ਨਤੀਜਾ ਵਿਆਪਕ ਪੈਮਾਨੇ 'ਤੇ ਸਾੜਫੂਕ, ਔਰਤਾਂ ਵਿਰੁੱਧ ਘਿਣਾਉਣੀ ਜਿਨਸੀ ਹਿੰਸਾ, ਉਜਾੜਾ ਅਤੇ ਜਾਨੀ-ਮਾਲੀ ਨੁਕਸਾਨ ਹੈ। ਜਿਸ ਨੂੰ ਅਜੇ ਵੀ ਠੱਲ ਨਹੀਂ ਪੈ ਰਹੀ। ਇੰਟਰਨੈੱਟ ਬੰਦ ਹੋਣ ਕਾਰਨ ਅਸਲ ਤਸਵੀਰ ਸਾਹਮਣੇ ਨਹੀਂ ਆ ਰਹੀ। ਔਰਤਾਂ ਨੂੰ ਅਗਵਾ ਕਰਕੇ ਸਮੂਹਿਕ ਬਲਾਤਕਾਰ ਕਰਨ ਦੀਆਂ ਜੋ ਹੌਲਨਾਕ ਘਟਨਾਵਾਂ ਸਾਹਮਣੇ ਆਈਆਂ ਹਨ ਉਹ ਤਾਂ ਮਹਿਜ਼ ਅਸਲ ਹਿੰਸਾ ਦੀਆਂ ਨਮੂਨੇ ਦੀਆਂ ਮਿਸਾਲਾਂ ਹਨ। ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼-ਬਦੇਸ਼ ਵਿੱਚੋਂ ਪੈ ਰਹੇ ਦਬਾਅ ਕਾਰਨ ਮੋਦੀ ਨੂੰ 79 ਦਿਨ ਬਾਦ ਸਾਜ਼ਿਸ਼ੀ ਚੁੱਪ ਤੋੜਨੀ ਪਈ ਹੈ ਅਤੇ ਸੁਪਰੀਮ ਕੋਰਟ ਨੂੰ ਵੀ ਸਮੂਹਿਕ ਬਲਾਤਕਾਰਾਂ ਦਾ ਨੋਟਿਸ ਲੈਣਾ ਪਿਆ ਹੈ। ਅਸੀਂ ਸਮਝਦੇ ਹਾਂ ਕਿ ਅਸਲ ਸਾਜ਼ਿਸ਼ਘਾੜਿਆਂ ਬਾਰੇ ਚੁੱਪ ਵੱਟ ਕੇ ਮੋਦੀ ਵੱਲੋਂ ਕੀਤੀ ਗਈ ਨਿਖੇਧੀ ਮਹਿਜ਼ ਮਗਰਮੱਛ ਦੇ ਨਕਲੀ ਹੰਝੂ ਹਨ। ਮੁਸਲਮਾਨਾਂ, ਆਦਿਵਾਸੀਆਂ, ਦਲਿਤਾਂ ਅਤੇ ਹੋਰ ਮਜ਼ਲੂਮ ਹਿੱਸਿਆਂ ਵਿਰੁੱਧ ਜਿਨਸੀ ਹਿੰਸਾ ਅਤੇ ਸਮੂਹਿਕ ਬਲਾਤਕਾਰਾਂ ਦੀ ਸਰਪ੍ਰਸਤੀ ਕਰਨ ਵਾਲੀ ਆਰ।ਐੱਸ।ਐੱਸ।-ਭਾਜਪਾ ਤੋਂ ਨਿਆਂ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਸਿਰਫ਼ ਮਜ਼ਬੂਤ ਲੋਕ ਰਾਇ ਹੀ ਭਗਵੇਂ ਹੁਕਮਰਾਨਾਂ ਦੀ ਘਿਣਾਉਣੀ ਇਰਾਦਿਆਂ ਉੱਪਰ ਰੋਕ ਲਾ ਸਕਦੀ ਹੈ। ਇਸ ਲਈ ਅਸੀਂ ਵੀ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਜ਼ੋਰਦਾਰ ਮੰਗ ਕਰਦੇ ਹਾਂ ਕਿ ਆਰ।ਐੱਸ।ਐੱਸ।-ਭਾਜਪਾ ਮਨੀਪੁਰ ਨੂੰ ਭਰਾਮਾਰ ਜੰਗ 'ਚ ਝੋਕਣ ਦੀ ਸਾਜ਼ਿਸ਼ ਬੰਦ ਕਰੇ। ਔਰਤਾਂ ਉੱਪਰ ਵਹਿਸ਼ੀ ਜ਼ੁਲਮ ਦੀਆਂ ਘਟਨਾਵਾਂ ਨੂੰ ਦਬਾਉਣ ਵਾਲੇ ਮੁੱਖਮੰਤਰੀ ਅਤੇ ਪੁਲਿਸ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ ਅਤੇ ਫਿਰਕੂ ਹਿੰਸਾ ਨੂੰ ਰਾਜਕੀ ਸਰਪ੍ਰਸਤੀ ਬੰਦ ਕਰਕੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਯਕੀਨੀਂ ਬਣਾਈ ਜਾਵੇ। ਉਜਾੜੇ ਗਏ ਲੋਕਾਂ ਦੇ ਮੁੜ-ਵਸੇਬੇ ਲਈ ਠੋਸ ਕਦਮ ਚੁੱਕੇ ਜਾਣ ਅਤੇ ਭਾਜਪਾ ਆਗੂਆਂ ਸਮੇਤ ਮਨੁੱਖਤਾ ਵਿਰੋਧੀ ਜੁਰਮਾਂ ਦੇ ਸਾਰੇ ਹੀ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।'

ਸੈਮੀਨਾਰ ਵਿੱਚ ਬੋਲਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋ ਜਗਰੂਪ ਸਿੰਘ ਸੇਖੋਂ ਨੇ ਪੰਜਾਬ ਤੇ ਭਾਰਤ ਦੀ ਰਾਜਨੀਤੀ ਦੇ ਵੱਖ-ਵੱਖ ਪੱਖਾਂ ਤੇ ਵਿਸ਼ੇਸ਼ ਚਰਚਾ ਕੀਤੀ।ਉਨ੍ਹਾਂ ਸਰੋਤਿਆਂ ਵਲੋਂ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਆਪਣੀ ਕਿਤਾਬ 'ਟੈਰੋਰਿਜ਼ਮ ਇਨ ਪੰਜਾਬ; ਗਰਾਸ ਰੂਟ ਰੀਐਲਿਟੀਜ਼' ਦੇ ਹਾਵਲੇ ਨਾਲ਼ 1984 ਦੀ ਖਾੜਕੂ ਮੂਵਮੈਂਟ ਬਾਰੇ ਕਈ ਰੌਚਕ ਤੱਥ ਸਾਂਝੇ ਕੀਤੇ।

ਸੈਮੀਨਾਰ ਦੇ ਤੀਸਰੇ ਬੁਲਾਰੇ ਉਘੇ ਪੱਤਰਕਾਰ ਤੇ ਸਮਾਜ ਸੇਵੀ ਸਵਰਨ ਸਿੰਘ ਭੰਗੂ ਵਲੋਂ ਪੰਜਾਬ ਵਿੱਚ ਐਜੂਕੇਸ਼ਨ ਦੇ ਡਿਗ ਰਹੇ ਮਿਆਰ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨ ਦਾ ਸੁਪਨਾ ਮਰ ਚੁੱਕਾ ਹੈ, ਉਸ ਕੋਲ਼ ਦੇਸ਼ ਵਿੱਚ ਰਹਿਣ ਲਈ ਚਾਹਤ ਨਹੀਂ, ਹਰ ਇੱਕ ਦਾ ਰੁਝਾਨ 12 ਕਲਾਸਾਂ ਤੋਂ ਬਾਅਦ ਆਇਲਿਟ ਕਰਕੇ ਵਿਦੇਸ਼ ਜਾਣ ਵੱਲ ਹੈ।ਇੱਥੇ ਆ ਕੇ ਕੋਈ ਉਚੇਰੀ ਵਿਦਿਆ ਲੈਣ ਦੀ ਥਾਂ ਪੀ ਆਰ ਲੈਣਾ ਹੀ ਇੱਕੋ-ਇੱਕ ਪ੍ਰਾਪਤੀ ਮੰਨੀ ਜਾ ਰਹੀ ਹੈ।

ਇਸ ਮੌਕੇ ਤਿੰਨੋਂ ਵਿਦਵਾਨਾਂ ਤੇ ਹਰਚਰਨ ਸਿੰਘ ਪ੍ਰਹਾਰ, ਪ੍ਰੋ ਗੋਪਾਲ ਕਾਉਂਕੇ, ਕਮਲ ਸਿੱਧੂ, ਹਰੀਪਾਲ, ਜਸਵਿੰਦਰ ਮਾਨ, ਨਵਕਿਰਨ ਢੁੱਡੀਕੇ ਅਤੇ ਸੁੱਖਵੀਰ ਗਰੇਵਾਲ਼ ਵਲੋਂ ਬੱਬਰ ਅਕਾਲੀ ਲਹਿਰ ਦੀ 100ਵੀਂ ਵਰ੍ਹੇਗੰਢ ਮੌਕੇ 'ਈਸਟ ਇੰਡੀਅਨ ਡਿਫੈਂਸ ਕਮੇਟੀ' ਵੱਲੋਂ ਛਾਪੀ ਗਈ ਕਿਤਾਬ 'ਬੱਬਰ ਅਕਾਲੀਆਂ ਦੀ ਅਮਰ ਗਾਥਾ' ਰਿਲੀਜ਼ ਕੀਤੀ ਗਈ। ਸੈਮੀਨਾਰ ਦੇ ਤਿੰਨੋਂ ਬੁਲਾਰਿਆਂ ਨੂੰ ਰਿਸ਼ੀ ਨਾਗਰ, ਗੁਰਦਿਆਲ ਸਿੰਘ ਖੈਰ੍ਹਾ, ਤਰਨਜੀਤ ਔਜਲਾ, ਬਲਜਿੰਦਰ ਢਿੱਲੋਂ, ਹਰਬਖ਼ਸ਼ ਸਿੰਘ ਧਨੋਆ, ਹਰਚਰਨ ਸਿੰਘ ਪ੍ਰਹਾਰ ਵਲੋਂ ਕਿਤਾਬਾਂ ਦੇ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਰੇਡੀਉ ਰੈਡ ਐਫ ਐਮ ਦੇ ਨਿਊਜ਼ ਹੋਸਟ ਰਿਸ਼ੀ ਨਾਗਰ ਵਲੋਂ ਸਮਾਗਮ ਦੇ ਅਖੀਰ ਵਿੱਚ ਬੁਲਾਰਿਆਂ ਦੇ ਲੈਕਚਰਾਂ ਬਾਰੇ ਸੰਖੇਪ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ।

# ਡਾ: ਗੁਰਮਿੰਦਰ ਸਿੱਧੂ ਦਾ ਨਾਵਲ "ਅੰਬਰੀਂ ਉੱਡਣ ਤੋਂ ਪਹਿਲਾਂ" ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ' ਲੋਕ ਅਰਪਣ ਕੀਤਾ ਗਿਆ



ਸਰੀ, (ਪੰਜਾਬੀ ਅਖ਼ਬਾਰ ਬਿਊਰੋ) ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਇਕੱਤਰਤਾ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਡਾ: ਗੁਰਮਿੰਦਰ ਸਿੱਧੂ, ਰਘਬੀਰ ਸਿੰਘ ਸਿਰਜਣਾ, ਪ੍ਰੋ: ਬਾਵਾ ਸਿੰਘ (ਸਾਬਕਾ ਵਾਈਸ ਚੇਅਰਮੈਨ, ਘੱਟ ਗਿਣਤੀਆਂ ਕਮਿਸ਼ਨ, ਭਾਰਤ ਸਰਕਾਰ ), ਜਗਦੀਸ਼ ਸਿੰਘ ਬਮਰਾਹ (ਪੱਤਰਕਾਰ ਰੋਜ਼ਾਨਾ ਅਜੀਤ ), ਡਾ: ਗੋਪਾਲ ਸਿੰਘ ਬੁੱਟਰ, ਦੀਪਕ ਸ਼ਰਮਾ ਚਨਾਰਥਲ, (ਪੱਤਰਕਾਰ) ਅਤੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤੀ। ਇਸ ਮੌਕੇ ਡਾ: ਗੁਰਮਿੰਦਰ ਸਿੱਧੂ ਦਾ ਨਾਵਲ 'ਅੰਬਰੀਂ ਉੱਡਣ ਤੋਂ ਪਹਿਲਾਂ' ਲੋਕ ਅਰਪਣ ਕੀਤਾ ਗਿਆ। ਨਾਵਲ ਬਾਰੇ ਜਰਨੈਲ ਸਿੰਘ ਸੇਖਾ, ਪ੍ਰਿਤਪਾਲ ਗਿੱਲ, ਪ੍ਰੋ: ਹਰਿੰਦਰ ਕੌਰ ਸੋਹੀ, ਡਾ: ਪ੍ਰਿਥੀਪਾਲ ਸੋਹੀ, ਇੰਦਰਪਾਲ ਸਿੰਘ ਸੰਧੂ ਅਤੇ ਹਰਚੰਦ ਸਿੰਘ ਬਾਗੜੀ ਨੇ ਪਰਚੇ ਪੜ੍ਹੇ। ਡਾ: ਸਾਧੂ ਸਿੰਘ, ਪ੍ਰੋ: ਕਸ਼ਮੀਰ ਸਿੰਘ ਅਤੇ ਤਰਲੋਚਨ ਸਿੰਘ ਨੇ ਨਾਵਲ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਗੁਰਮਿੰਦਰ ਸਿੱਧੂ ਨੇ ਲੇਖਿਕਾ ਵੱਜੋਂ ਨਾਵਲ ਬਾਰੇ ਆਪਣੇ ਨਿੰਜੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੀ ਬੇਟੀ ਦਿਲਦੀਪ ਖਹਿਰਾ (ਨਾਵਲ ਦੀ ਸਰਘੀ) ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਪਰਿਵਾਰ ਵਿੱਚ ਭਰਾ ਨਾਲ਼ੋਂ ਵੱਧ ਮੌਕੇ ਨਸੀਬ ਹੋਏ ਜਿਨ੍ਹਾਂ ਸਦਕਾ ਉਹ ਜ਼ਿੰਦਗੀ ਦੇ ਇਸ ਸਨਮਾਨਯੋਗ ਮੁਕਾਮ ਤੇ ਪਹੁੰਚੀ। ਉਸ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਮਾਪਿਆਂ ਨੂੰ ਧੀਆਂ ਪ੍ਰਤੀ ਸੋਚ ਬਦਲਣੀ ਚਾਹੀਦੀ ਹੈ। ਆਪਣੇ ਮਾਪਿਆਂ ਤੇ ਫ਼ਖ਼ਰ ਕਰਦੀ ਹੋਈ ਨੇ ਕਾਮਨਾ ਕੀਤੀ ਕਿ 'ਸਾਰੀਆਂ ਧੀਆਂ ਦੇ ਮਾਪੇ ਗੁਰਿੰਦਰ ਸਿੱਧੂ ਵਰਗੇ ਹੋਣ'। ਉਸ ਦੁਆਰਾ ਬੋਲੀਆਂ ਇਹ ਸਤਰਾਂ ਬਹੁਤ ਸਕਾਰਾਤਮਕ ਪ੍ਰਭਾਵ ਛੱਡ ਗਈਆਂ –

ਮੇਰੇ ਖੰਭਾਂ 'ਚ ਐਨੀ ਕੁ ਪਰਵਾਜ਼ ਹੈ, ਜੇ ਮੈਂ ਚਾਹਾਂ ਤਾਂ ਅੰਬਰ ਸਰ ਕਰ ਲਵਾਂ

ਇਹ ਨਾ ਸਮਝੀਂ ਮੈਂ ਉੱਡਣਾ ਨਹੀਂ ਜਾਣਦੀ, ਜੇ ਤੇਰੇ ਕਦਮਾਂ'ਚ ਸਿਰ ਧਰ ਲਵਾਂ।

ਸਭਾ ਦੀ ਤਰਫੋਂ ਪ੍ਰਿਤਪਾਲ ਗਿੱਲ ਨੇ ਗੁਰਮਿੰਦਰ ਸਿੱਧੂ ਅਤੇ ਦਿਲਦੀਪ ਖਹਿਰਾ ਨੂੰ ਫੁਲਕਾਰੀ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਕੈਨੇਡਾ ਦਿਵਸ ਨੂੰ ਸਮਰਪਿਤ ਕਵਿਤਾਵਾਂ ਦੀ ਪੇਸ਼ਕਾਰੀ ਵੀ ਹੋਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਬਲਦੇਵ ਸਿੰਘ ਖਹਿਰਾ, ਸੁਰਜੀਤ ਸਿੰਘ ਮਾਧੋਪੁਰੀ, ਹਰਸ਼ਰਨ ਕੌਰ, ਬਿੱਕਰ ਸਿੰਘ ਖੋਸਾ, ਕ੍ਰਿਸ਼ਨ ਭਨੋਟ, ਕਵਿੰਦਰ ਚਾਂਦ, ਸ਼ਾਹਗੀਰ ਗਿੱਲ, ਹਰਪਾਲ ਸਿੰਘ ਬਜਾਜ, ਹਰਚੰਦ ਸਿੰਘ ਗਿੱਲ, ਕੁੱਕੀ ਗਿੱਲ, ਸੁਲੇਖਾ ਅਤੇ ਅਵਤਾਰ ਸਿੰਘ ਢਿੱਲੋਂ ਉਚੇਚੇ ਤੌਰ ਤੇ ਹਾਜ਼ਰ ਸਨ। ਸਕੱਤਰ ਪਲਵਿੰਦਰ ਸਿੰਘ ਰੰਧਾਵਾ ਦਾ ਮੰਚ ਸੰਚਾਲਨ ਸ਼ਲਾਘਾਯੋਗ ਰਿਹਾ।

# ਭਗਵੰਤ ਮਾਨ ਵੱਲੋਂ ਸ਼ਹੀਦਾਂ ਨੂੰ ਭਾਰਤ ਰਤਨ ਦੇਣ ਦੀ ਵਕਾਲਤ, ਸ਼ਹੀਦ ਊਧਮ ਸਿੰਘ ਨੂੰ ਕੀਤਾ ਸਿਜਦਾ

ਸੁਨਾਮ (ਊਧਮ ਸਿੰਘ ਵਾਲਾ) (ਪੰਜਾਬੀ ਅਖਬਾਰ ਬਿਊਰੋ)- : ਸ਼ਹੀਦ ਊਧਮ ਸਿੰਘ ਦੇ 84ਵੇਂ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜਮਹੂਰੀਅਤ ਦਾ ਘਾਣ ਕਰ ਕੇ ਸ਼ਹੀਦਾਂ ਦੀ ਮਹਾਨ ਵਿਰਾਸਤ ਨੂੰ ਢਾਹ ਲਾਈ ਹੈ। ਉਨ੍ਹਾਂ ਊਧਮ ਸਿੰਘ, ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਸ਼ਹੀਦਾਂ ਨੂੰ 'ਭਾਰਤ ਰਤਨ ਐਵਾਰਡ' ਦੇਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੂੰ 'ਭਾਰਤ ਰਤਨ ਐਵਾਰਡ' ਦੇਣ ਨਾਲ ਐਵਾਰਡ ਦਾ ਮਾਣ ਹੋਰ ਵਧੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੰਡਨ ਤੋਂ ਸ਼ਹੀਦ ਊਧਮ ਸਿੰਘ ਦਾ ਨਿੱਜੀ ਸਮਾਨ ਵਾਪਸ ਲਿਆਉਣ ਲਈ ਸਿਰਤੋੜ ਯਤਨ ਕਰੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਪਈਆਂ ਸ਼ਹੀਦ ਭਗਤ ਸਿੰਘ ਨਾਲ




ਜੁੜੀਆਂ ਵਸਤਾਂ ਨੂੰ ਵੀ ਵਾਪਸ ਲਿਆਂਦਾ ਜਾਵੇਗਾ। ਸੁਨਾਮ ਦੇ ਮਹਾਰਾਜਾ ਪੈਲੇਸ ਵਿੱਚ ਹੋਏ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਪੰਜਾਬੀਆਂ ਦੇ ਅਣਖੀਲੇ ਸੁਭਾਅ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਊਧਮ ਸਿੰਘ ਨੇ 21 ਸਾਲਾਂ ਬਾਅਦ ਜੱਲ੍ਹਿਆਂਵਾਲਾ ਬਾਗ ਦੇ ਖ਼ੂਨੀ ਕਾਂਡ ਦਾ ਬਦਲਾ ਲੰਡਨ ਦੇ ਕੈਕਸਟਨ ਹਾਲ ਵਿੱਚ ਜਾ ਕੇ ਲਿਆ ਸੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਵਾਲੀ ਆਜ਼ਾਦੀ ਘਰ ਘਰ ਪਹੁੰਚਾਉਣ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ, "ਆਜ਼ਾਦੀ ਤੋਂ ਬਾਅਦ ਸਾਨੂੰ ਇੱਕ ਹੋਰ ਆਜ਼ਾਦੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ਅਤੇ ਇਸ ਸੰਘਰਸ਼ ਵਿੱਚ ਮਹਿਲਾਂ ਜਾਂ ਆਲੀਸ਼ਾਨ ਘਰਾਂ ਵਿੱਚ ਰਹਿਣ ਵਾਲਿਆਂ ਜਾਂ ਆਪਣੇ ਆਪ ਨੂੰ 'ਕਾਕਾ ਜੀ' ਤੇ 'ਬੀਬਾ ਜੀ' ਕਹਾਉਣ ਵਾਲਿਆਂ ਨੂੰ ਸਿਆਸੀ ਤੌਰ 'ਤੇ ਗੁੰਮਨਾਮੀ ਵਿੱਚ ਧੱਕ ਦੇਣਾ ਚਾਹੀਦਾ ਹੈ। ਇਹ ਮੌਕਾਪ੍ਰਸਤ ਨੇਤਾ ਕਦੇ ਵੀ ਲੋਕਾਂ ਦੇ ਪੱਖ ਵਿੱਚ ਨਹੀਂ ਖੜ੍ਹੇ ਹੋਏ ਸਗੋਂ ਇਹ ਲੋਕ ਉਸੇ ਧਿਰ ਦੇ ਕਲਾਵੇ ਵਿੱਚ ਚਲੇ ਜਾਂਦੇ ਹਨ, ਜਿੱਥੇ ਉਨ੍ਹਾਂ ਦਾ ਆਪਣਾ ਫ਼ਾਇਦਾ ਹੁੰਦਾ ਹੋਵੇ। ਚਾਹੇ ਮੁਗਲ ਸ਼ਾਸਕ ਹੋਣ, ਬਰਤਾਨਵੀ ਹਾਕਮ, ਕਾਂਗਰਸ ਅਤੇ ਚਾਹੇ ਭਾਜਪਾ ਹੋਵੇ।" ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਮਨਪ੍ਰੀਤ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਜਾ ਕੇ ਸੂਬੇ ਦੀ ਸੇਵਾ ਕਰਨ ਦੀ ਸਹੁੰ ਚੁੱਕੀ ਸੀ ਪਰ ਉਹ ਆਪਣਾ ਵਾਅਦਾ ਪੂਰਾ ਕਰਨ ਦੀ ਬਜਾਏ ਇਸ ਨੂੰ ਭੁੱਲ ਗਏ ਅਤੇ ਅਹੁਦੇ ਦੀ ਖ਼ਾਤਰ ਪਹਿਲਾਂ ਕਾਂਗਰਸ ਵਿੱਚ ਅਤੇ ਹੁਣ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਇੱਥੇ ਬਣੇ ਸ਼ਹੀਦੀ ਸਮਾਰਕ 'ਤੇ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਸ਼ਰਧਾਜਲੀ ਦੇ ਫ਼ੁੱਲ ਭੇਟ ਕੀਤੇ।

# ਮਿੱਟੀ ਦੇ ਮੋਹ ਨੂੰ ਤਰਸਣ ਲੱਗੇ ਕੈਨੇਡੀਅਨ ਪੰਜਾਬੀ, ਆਪਣਿਆਂ ਦੀ ਉਡੀਕ 'ਚ ਸਿਵਿਆਂ ਦੇ ਰਾਹ ਪਏ ਮਾਪੇ

ਮਾਲੇਰਕੋਟਲਾ(ਪੰਜਾਬੀ ਅਖਬਾਰ ਬਿਊਰੋ)- ਕਈ ਵਰ੍ਹੇ ਪਹਿਲਾਂ ਯੂਰਪੀ ਦੇਸ਼ਾਂ 'ਚ ਜਾ ਕੇ ਵਸੇ ਪੰਜਾਬੀਆਂ ਵਲੋਂ ਸਖ਼ਤ ਮਿਹਨਤ ਕਰ ਕੇ ਵਿਦੇਸ਼ਾਂ ਦੀ ਧਰਤੀ 'ਤੇ ਹਾਸਲ ਕੀਤੇ ਖ਼ੁਸ਼ਹਾਲ ਮੁਕਾਮ ਨੂੰ ਦੇਖ ਵਿਦੇਸ਼ਾਂ 'ਚ ਵੱਸਣ ਦੀ ਚਾਹ ਨੇ ਪੰਜਾਬ 'ਚ ਵੱਸਦੇ ਬਾਕੀ ਪੰਜਾਬੀਆਂ 'ਚ ਵੀ ਡਾਲਰ-ਪੌਂਡ ਕਮਾਉਣ ਦੀ ਲਾਲਸਾ ਵਧਾ ਦਿੱਤੀ। ਅੱਜਕੱਲ੍ਹ ਡਾਲਰਾਂ ਦੀ ਚਕਾ-ਚੌਂਧ 'ਚ ਗੁਆਚੇ ਭਾਰਤੀਆਂ ਖ਼ਾਸਕਰ ਪੰਜਾਬੀ ਨੌਜਵਾਨਾਂ ਅੰਦਰ ਤਾਏ ਦੀ ਧੀ ਚੱਲੀ-ਮੈਂ ਕਿਉਂ ਰਹਾਂ ਕੱਲੀ ਵਾਲੀ ਕਹਾਵਤ ਵਾਂਗ ਹਰ ਜਾਇਜ਼-ਨਾਜਾਇਜ਼ ਤਰੀਕੇ ਨਾਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਭਾਵ ਯੂਰਪੀ ਦੇਸ਼ਾਂ 'ਚ ਜਾਣ ਦੀ ਹੋੜ ਜਿਹੀ ਲੱਗੀ ਪਈ ਹੈ।



ਨੌਜਵਾਨਾਂ 'ਚ ਵਿਦੇਸ਼ੀ ਠੱਪਾ ਲਗਵਾਉਣ ਦਾ ਭੂਤ ਇਸ ਕਦਰ ਸਵਾਰ ਹੈ ਕਿ 2-3 ਲੱਖ ਰੁਪਿਆ ਖ਼ਰਚਣ ਦੀ ਹੈਸੀਅਤ ਵਾਲਿਆਂ ਨੇ ਵੀ ਦੁਬਈ, ਸਾਊਦੀ-ਅਰਬ ਵਰਗੇ ਅਰਬ ਦੇਸ਼ਾਂ ਨੂੰ ਵਹੀਰਾਂ ਘੱਤ ਰੱਖੀਆਂ ਹਨ।ਪਹਿਲਾਂ ਵੱਡੀ ਗਿਣਤੀ 'ਚ ਨਿਊਜ਼ੀਲੈਂਡ, ਆਸਟ੍ਰੇਲੀਆ, ਇੰਗਲੈਂਡ, ਸਿੰਘਾਪੁਰ, ਯੂਕ੍ਰੇਨ, ਜਰਮਨੀ ਅਤੇ ਕੈਨੇਡਾ 'ਚ ਵਿਦਿਆਰਥੀ ਤੌਰ 'ਤੇ ਪੜ੍ਹਾਈ ਕਰਨ ਦੇ ਬਹਾਨੇ ਜਾਣ ਦੀ ਖੁੱਲ੍ਹੀ ਚੋਰ ਮੋਰੀ ਰਾਹੀਂ ਭਾਵੇਂ ਅੱਜ ਵੀ ਕਿਸੇ ਮੁਲਕ 'ਚੋਂ ਘੱਟ, ਕਿਸੇ 'ਚੋਂ ਵੱਧ ਆਮਦ ਜਾਰੀ ਹੈ ਪਰ ਵੱਡੀ ਆਮਦ ਭਾਰਤੀ ਪੰਜਾਬ ਦੇ ਮੁੰਡੇ-ਕੁੜੀਆਂ ਦੀ ਹੋ ਰਹੀ ਹੈ। ਪਿਛਲੇ ਕੁੱਝ ਸਮੇਂ ਤੋਂ ਆਸਟ੍ਰੇਲੀਆ 'ਚ ਪੱਕਾ ਹੋਣ ਭਾਵ ਪੀ.ਆਰ. ਮਿਲਣ ਦਾ ਸਮਾਂ 3-4 ਸਾਲ ਤੋਂ ਵੱਧ ਕੇ ਤਕਰੀਬਨ 7 ਸਾਲ ਹੋਣ ਕਾਰਨ ਅੱਜਕੱਲ੍ਹ ਹਰੇਕ ਪੰਜਾਬੀ ਦੀ ਵਿੱਦਿਆਰਥੀ ਤੌਰ 'ਤੇ ਪਹਿਲੀ ਪਸੰਦ ਕੈਨੇਡਾ ਬਣਦੀ ਜਾ ਰਹੀ ਹੈ।

**ਪੰਜਾਬ 'ਚੋਂ ਵਿਦਿਆਰਥੀ 12ਵੀਂ ਤੋਂ ਬਾਅਦ ਆਈਲੈਟਸ ਨੂੰ ਦੇਣ ਲੱਗੇ ਤਰਜੀਹ**

ਭਾਰਤ ਅੰਦਰ ਖ਼ਾਸਕਰ ਪੰਜਾਬ 'ਚ ਵਿੱਦਿਆਰਥੀਆਂ ਨੂੰ 12ਵੀਂ ਤੋਂ ਅੱਗੇ ਪੜ੍ਹਾਈ ਜਾਰੀ ਰੱਖਣ ਦਾ ਕੋਈ ਫ਼ਾਇਦਾ ਨਜ਼ਰ ਨਹੀਂ ਆਉਂਦਾ।ਉਹ ਦੇਖਦੇ ਹਨ ਕਿ ਉਨ੍ਹਾਂ ਦੇ ਆਂਢ-ਗੁਆਂਢ 'ਚ ਕਿੰਨੇ ਲੜਕੇ-ਲੜਕੀਆਂ ਇੰਜੀਨੀਅਰ, ਡਾਕਟਰ, ਕਾਮਰਸ ਤੇ ਹੋਰ ਵੱਡੀਆਂ ਡਿਗਰੀਆਂ ਲੈ ਕੇ 10-15 ਹਜ਼ਾਰ ਰੁਪਏ ਦੀ ਨੌਕਰੀ ਲਈ ਲੇਹਲੜੀਆਂ ਕੱਢ ਰਹੇ ਹਨ। ਇੰਨੀ ਪੜ੍ਹਾਈ ਕਰਨ ਲਈ ਆਮ ਘਰਾਂ ਦੇ ਭਾਂਡੇ ਤਕ ਵਿੱਕ ਜਾਂਦੇ ਹਨ ਪਰ ਪੜ੍ਹਾਈ ਕਰਨ ਤੋਂ ਬਾਅਦ ਸਿਵਾਏ ਨਿਰਾਸ਼ਤਾ ਦੇ ਕੁਝ ਪੱਲੇ ਨਹੀਂ ਪੈਂਦਾ।

**ਵਿੱਦਿਆਰਥੀ ਵਿਦੇਸ਼ਾਂ ਦੀ ਹੁਸੀਨ ਧਰਤੀ ਦੇ ਸਜਾਉਂਦੇ ਹਨ ਸੁਪਨੇ**

ਇਨ੍ਹਾਂ ਕੁੱਝ ਕਾਰਨਾਂ ਕਰ ਕੇ ਹਰੇਕ ਵਿੱਦਿਆਰਥੀ 12ਵੀਂ ਕਰਨ ਤੋਂ ਬਾਅਦ ਲੋੜੀਂਦੇ ਆਈਲੈਟਸ ਬੈਂਡ ਹਾਸਲ ਕਰਨ ਉਪਰੰਤ ਆਸਟ੍ਰੇਲੀਆ ਜਾਂ ਕੈਨੇਡਾ ਵਰਗੇ ਸੁਪਨਿਆਂ ਦੀ ਧਰਤੀ 'ਤੇ ਜਾ ਕੇ ਆਪਣੇ ਸੁਪਨੇ ਸਜਾਉਣਾ ਚਾਹੁੰਦੇ ਹਨ। ਇਸ ਲਈ ਹਰੇਕ ਵਿੱਦਿਆਰਥੀ ਨੂੰ ਇਨ੍ਹਾਂ ਮੁਲਕਾਂ ਦੀ ਧਰਤੀ 'ਤੇ ਪੈਰ ਰੱਖਣ ਲਈ ਕਰਜ਼ੇ ਚੁੱਕ-ਚੁੱਕ 25 ਤੋਂ 30 ਲੱਖ ਰੁਪਏ ਦਾ ਜੁਗਾੜ ਕਰਨਾ ਪੈਂਦਾ ਹੈ, ਜਿਸ ਕਾਰਨ ਹਰ ਸਾਲ ਸਿਰਫ਼ ਭਾਰਤੀ ਪੰਜਾਬ ਤੋਂ ਲੱਖਾਂ ਦੀ ਗਿਣਤੀ 'ਚ ਵਿੱਦਿਆਰਥੀ ਆਪਣੇ ਮਾਂ-ਪਿਓ ਨੂੰ ਕਰਜ਼ੇ 'ਚ ਡੋਬ ਕੇ ਕੈਨੇਡਾ 'ਚ ਕਿਸੇ ਨਵੇਂ ਯੁੱਗ ਦੇ ਸੁਪਨੇ ਦੀ ਤਲਾਸ਼ 'ਚ ਪੈਰ ਰੱਖ ਰਹੇ ਹਨ ਜਿੱਥੇ ਪਹਿਲੇ ਦਿਨ ਤੋਂ ਹੀ ਉਸ ਨੂੰ ਕੰਡਿਆਂ ਦੀ ਸੇਜ਼ ਤੋਂ ਦੀ ਲੰਘਣਾ ਪੈਂਦਾ ਹੈ। ਹਰ ਰੋਜ਼ ਡਾਲਰਾਂ 'ਚ ਖ਼ਰਚ ਕਰਨ ਤੋਂ ਪਹਿਲਾਂ ਰਿਹਾਇਸ਼ ਅਤੇ ਨੌਕਰੀ ਲੱਭਣ ਲਈ ਦਿਨ-ਰਾਤ ਪੈਦਲ ਹੀ ਸੜਕਾਂ ਦੀ ਖਾਕ ਛਾਨਣੀ ਪੈਂਦੀ ਹੈ, ਕਿਉਂਕਿ ਘਰੋਂ ਲਿਆਂਦੇ ਲੱਖ-ਦੋ ਲੱਖ ਦੇ ਡਾਲਰ 4-5 ਦਿਨ ਅੰਦਰ ਹੀ ਕੈਨੇਡਾ ਦੀ ਮਹਿੰਗਾਈ 'ਚ ਗੁਆਚ ਜਾਂਦੇ ਹਨ।

ਕਾਫ਼ੀ ਟੱਕਰਾਂ ਮਾਰਨ ਦੇ ਬਾਵਜੂਦ ਕੰਮ ਨਹੀਂ ਮਿਲਦਾ। ਜੇਕਰ ਮਿਲਦਾ ਵੀ ਹੈ ਤਾਂ ਸ਼ਹਿਰ ਤੋਂ ਬਹੁਤ ਦੂਰ-ਦੁਰਾਡੇ ਹੋਟਲਾਂ 'ਚ ਭਾਂਡੇ ਮਾਂਜਣ, ਮੀਟ ਕੱਟਣ, ਸਫ਼ਾਈ ਕਰਨ, ਪੈਕਿੰਗ, ਇਕ ਥਾਂ ਤੋਂ ਦੂਜੀ ਜਗ੍ਹਾ ਸਾਮਾਨ ਢੋਹਣਾ, 10 ਘੰਟੇ ਦੀ ਸਖ਼ਤ ਮਿਹਨਤ ਤੇ ਮਜ਼ਦੂਰੀ ਕਰਨ ਦਾ। ਇਨ੍ਹਾਂ ਵਿੱਦਿਆਰਥੀਆਂ ਨੂੰ ਦੂਜੇ ਸਿੱਖਿਅਤ ਵਿੱਦਿਆਰਥੀਆਂ ਨਾਲੋਂ ਉਜਰਤ ਵੀ ਘੱਟ ਦਿੱਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਜਿਵੇਂ ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਤੋਂ ਪ੍ਰਵਾਸੀ ਲੋਕ ਸਾਡੇ ਪੰਜਾਬ 'ਚ ਆ ਕੇ ਹੋਟਲਾਂ, ਢਾਬਿਆਂ, ਘਰਾਂ ਅਤੇ ਖੇਤਾਂ 'ਚ ਮਿਹਨਤ ਮਜ਼ਦੂਰੀ ਕਰਦੇ ਹਨ ਠੀਕ ਉਸੇ ਤਰ੍ਹਾਂ ਸਾਡੇ ਪੰਜਾਬੀ ਨੌਜਵਾਨ ਕੈਨੇਡਾ ਵਰਗੇ ਯੂਰਪੀ ਦੇਸ਼ਾਂ 'ਚ ਜਾ ਕੇ ਹੋਟਲਾਂ-ਦੁਕਾਨਾਂ 'ਤੇ ਕੰਮ ਕਰਦੇ ਹਨ। ਸਮਝ ਤੋਂ ਬਾਹਰ ਹੈ ਕਿ ਸਾਡੇ ਨੌਜਵਾਨ ਆਪਣੇ ਦੇਸ਼ 'ਚ ਰਹਿਕੇ ਆਪਣੇ ਖੇਤਾਂ 'ਚ ਮਿਹਨਤ ਕਰ ਕੇ ਸਰਦਾਰੀ ਵਾਲੀ ਜ਼ਿੰਦਗੀ ਜਿਊਣ ਤੋਂ ਕਿਉਂ ਭੱਜ ਰਹੇ ਹਨ।

**ਸ਼ੁਰੂਆਤੀ ਦਿਨਾਂ 'ਚ ਕਰਨਾ ਪੈਂਦਾ ਭਾਰੀ ਮੁਸ਼ਕਿਲਾਂ ਦਾ ਸਾਹਮਣਾ**

ਕਾਲਜ ਦੀ ਪੜ੍ਹਾਈ ਕਰਨ ਤੋਂ ਬਾਅਦ ਲੰਮਾ ਸਫ਼ਰ ਤੈਅ ਕਰਨ ਉਪਰੰਤ ਆਪਣੇ ਅਸਥਾਈ ਪੀ.ਜੀ. ਜਾਂ ਬੇਸਮੈਂਟ 'ਚ ਜਾ ਕੇ ਛੋਟੀਆਂ-ਮੋਟੀਆਂ ਚੀਜ਼ਾਂ ਨਾਲ ਢਿੱਡ ਭਰਣ ਤੋਂ ਬਾਅਦ, ਬੱਸ-ਟਰੇਨ ਜਾਂ ਪੈਦਲ ਲੰਮਾ ਸਫ਼ਰ ਤੈਅ ਕਰ ਕੇ ਕੰਮ 'ਤੇ ਪਹੁੰਚਣਾ ਪੈਂਦਾ ਹੈ ਅਤੇ ਫ਼ਿਰ ਲਗਾਤਾਰ ਮਸ਼ੀਨ ਵਾਂਗ 8 ਤੋਂ 10 ਘੰਟੇ ਕੰਮ ਕਰਨ ਉਪਰੰਤ ਭਾਰੀ ਥਕਾਵਟ ਦੇ ਨਾਲ ਕਮਰੇ 'ਚ ਸਿਰਫ਼ ਸੌਣ ਲਈ ਆਉਣਾ ਪੈਂਦਾ ਹੈ। ਕੁੱਝ ਘੰਟੇ ਸੌਣ ਤੋਂ ਬਾਅਦ ਅਗਲੀ ਸਵੇਰੇ ਨੀਂਦਰੇ ਹਾਲਤ 'ਚ ਪੈਦਲ, ਬਸ ਜਾਂ ਟ੍ਰੇਨਾਂ ਰਾਹੀਂ ਕਾਲਜ ਪਹੁੰਚਣਾ ਪੈਂਦਾ। ਬੱਚਿਆਂ 'ਚ ਇੰਨਾ ਜ਼ਿਆਦਾ ਨੀਂਦਰੇ ਤੇ ਥਕਾਵਟ ਹੁੰਦੀ ਹੈ ਕਿ ਜ਼ਿਆਦਾਤਰ ਬੱਚੇ ਬੱਸਾਂ ਜਾਂ ਟਰੇਨਾਂ 'ਚ ਸੁੱਤੇ ਹੀ ਆਪਣੀ ਮੰਜ਼ਿਲ ਤੋਂ ਅੱਗੇ ਲੰਘ ਜਾਂਦੇ ਹਨ। ਕਈ ਵਿਚਾਰੇ ਕਾਲਜਾਂ ਦੀਆਂ ਕੁਰਸੀਆਂ, ਸੋਫ਼ਿਆਂ 'ਤੇ ਹੀ ਸੌਂ ਕੇ ਨੀਂਦ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਸ਼ਨੀਵਾਰ ਜਾਂ ਐਤਵਾਰ ਸਾਰਾ ਦਿਨ ਘਰ ਦਾ ਰਾਸ਼ਨ ਤੇ ਬੇਸਮੈਂਟ 'ਚ ਪਏ ਖਿਲਾਰੇ ਨੂੰ ਸਮੇਟਣ 'ਤੇ ਲੱਗ ਜਾਂਦੇ ਹਨ। ਘਰ ਤੋਂ ਲਿਆਂਦੇ ਪੈਸੇ ਤੇ ਜੀ.ਐੱਸ.ਆਈ. ਨਾਲ ਘਰ ਦੀ ਰੋਟੀ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਜੇਕਰ ਕਿਸੇ ਨੌਕਰੀ ਦਾ ਜੁਗਾੜ ਨਾ ਹੋਇਆ ਅਤੇ ਘਰਦਿਆਂ ਤੋਂ ਪੈਸੇ ਨਾ ਮਿਲਣ ਦੇ ਕੋਰੇ ਜਵਾਬ ਕਾਰਨ ਸੜਕਾਂ 'ਤੇ ਭੀਖ ਮੰਗਣ ਲਈ ਵੀ ਮਜ਼ਬੂਰ ਹੋਣਾ ਪੈਂਦਾ ਹੈ।

ਮਾਂ-ਪਿਓ ਦੀ ਬੁਢਾਪੇ ਅਵਸਥਾ 'ਚ ਇੰਨੀ ਬਿਮਾਰੀ ਵੱਧ ਜਾਂਦੀ ਹੈ ਕਿ ਉਹ ਲਾਡਾਂ-ਚਾਵਾਂ ਨਾਲ ਪਾਲੇ ਆਪਣੇ ਧੀ-ਪੁੱਤ ਦੀ ਸ਼ਕਲ ਦੇਖਣ ਤੋਂ ਬਗੈਰ ਬਿਨਾਂ ਇਲਾਜ ਦੇ ਇਸ ਜਹਾਨ ਤੋਂ ਤੁਰ ਜਾਂਦੇ ਹਨ। ਵਿੱਦਿਆਰਥੀ ਬੱਚੇ ਨੂੰ ਸੂਚਨਾ ਮਿਲਣ 'ਤੇ ਘਰ ਵਾਪਸ ਜਾਣ ਲਈ ਪੈਸੇ ਦਾ ਜੁਗਾੜ, ਨੌਕਰੀ ਛੱਡ ਕੇ ਜਾਣ 'ਤੇ ਬੜੀ ਮੁਸ਼ਕਿਲ ਨਾਲ ਮਿਲੀ ਨੌਕਰੀ ਖੁੱਸਣ ਦਾ ਡਰ ਆਦਿ ਮਜ਼ਬੂਰੀਆਂ ਉਸਨੂੰ ਘਰ ਜਾ ਕੇ ਆਪਣੇ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੋਣ 'ਤੇ ਬੇੜੀਆਂ ਪਾ ਦਿੰਦੀਆਂ ਹਨ ਅਤੇ ਉਹ ਸਿਰਫ਼ ਇੰਨਾ ਹੀ ਕਹਿੰਦਾ ਹੈ ਕਿ ਉਸ ਨੂੰ ਸੰਸਕਾਰ ਤੇ ਭੋਗ ਦੀ ਵੀਡੀਓ ਪਾ ਦਿਓ। ਕੈਨੇਡਾ ਦੀ ਬੇਸਮੈਂਟ 'ਚ ਇਕੱਲਾ ਬੈਠ ਰੋ-ਰੋ ਕੇ ਮਾਂ-ਬਾਪ ਦੇ ਵਿਛੋੜੇ ਦੀ ਪੀੜ ਨੂੰ ਆਪਣੇ ਦਿਲ 'ਚ ਹੀ ਦਬਾ ਲੈਂਦਾ ਹੈ ਜਿਸ ਵਿੱਦਿਆਰਥੀ ਦੇ ਪਿੱਛੇ ਮਾਂ-ਬਾਪ ਦਾ ਚੰਗਾ ਵਧੀਆ ਆਰਥਿਕ ਪਲੇਟਫ਼ਾਰਮ ਨਹੀਂ, ਉਸਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਸੁਨਿਆਰ ਦੇ ਭੱਠੀ 'ਚ ਪਏ ਸੋਨੇ ਵਾਂਗ ਕਈ-ਕਈ ਸਾਲ ਸੜਨਾ ਪੈਂਦਾ ਹੈ।

**ਕੈਨੇਡਾ ਗਏ ਵਿੱਦਿਆਰਥੀ ਕੰਮ ਨਾ ਮਿਲਣ ਕਾਰਨ ਹੋਣ ਲੱਗੇ ਭੁੱਖਮਰੀ ਦੇ ਸ਼ਿਕਾਰ**

ਕੈਨੇਡਾ ਦੇ ਕੁੱਝ ਵਿੱਦਿਆਰਥੀਆਂ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਾ ਹੈ ਕਿ ਆਪਣੇ ਦਿਲਾਂ ਅੰਦਰ ਅਕਾਸ਼ 'ਚ ਉੱਡਣ ਦੇ ਸੁਫ਼ਨੇ ਸਜਾਈ ਬੈਠੇ ਬਹੁਤੇ ਪੰਜਾਬੀ ਕੈਨੇਡੀਅਨ ਵਿੱਦਿਆਰਥੀ ਅੱਜਕੱਲ੍ਹ ਕੈਨੇਡਾ 'ਚ ਨੌਕਰੀਆਂ ਨਾ ਮਿਲਣ ਕਾਰਨ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ ਹਨ। ਇਸ ਵੇਲੇ ਬਹੁਤੇ ਵਿੱਦਿਆਰਥੀਆਂ ਕੋਲ ਪੀ.ਜੀ. ਦਾ ਕਿਰਾਇਆ ਤੇ ਰੋਟੀ ਖਾਣ ਲਈ ਪੈਸੇ ਨਾ ਹੋਣ ਕਾਰਨ ਕੁਝ ਵਿੱਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਜਾਂ ਮੇਨ ਚੌਕਾਂ 'ਚ 'ਪਲੀਜ਼ ਹੈਲਪ ਮੀ' ਲਿਖੀਆਂ ਤਖ਼ਤੀਆਂ ਹੱਥਾਂ 'ਚ ਫ਼ੜੀ ਖੜ੍ਹੇ ਦੇਖਿਆ ਗਿਆ ਹੈ। ਇਨ੍ਹਾਂ ਪੈਦਾ ਹੋਏ ਮਾੜੇ ਹਾਲਾਤ 'ਚ ਕਈ ਕੁੜੀਆਂ ਨੂੰ ਦੋ ਡੰਗ ਦੀ ਰੋਟੀ ਅਤੇ ਪੀ.ਜੀ. ਦਾ ਕਿਰਾਇਆ ਕੱਢਣ ਲਈ ਮਜ਼ਬੂਰੀ ਵੱਸ ਆਪਣਾ ਸਰੀਰ ਵੇਚਣ ਵਰਗੇ ਗਲਤ ਕੰਮ ਕਰਨੇ ਪੈ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਕੈਨੇਡਾ 'ਚ ਪੈਦਾ ਹੋਏ ਕਥਿਤ ਆਰਥਿਕ ਮੰਦਵਾੜੇ ਕਾਰਨ ਜ਼ਿਆਦਾਤਰ ਕੰਮਕਾਜ ਬੰਦ ਹੋ ਗਏ ਹਨ।

# ਟੋਰੌਂਟੋ 'ਚ ਭਾਰਤੀ ਵਿਦਿਆਰਥੀ ਪੁਲ ਹੇਠਾਂ ਜੀਵਨ ਬਤੀਤ ਕਰਨ ਲਈ ਮਜਬੂਰ




ਟੋਰੋਂਟੋ(ਪੰਜਾਬੀ ਅਖਬਾਰ ਬਿਊਰੋ)- ਓਨਟੈਰੀਓ ਦੇ ਮਹਾਂਨਗਰ ਟੋਰਾਂਟੋ ਲਾਗਲੇ ਸ਼ਹਿਰ ਸਕਾਰਬਰੋ 'ਚ ਇੱਕ ਅਜਿਹੇ ਭਾਰਤੀ ਵਿਦਿਆਰਥੀ ਦਾ ਪਤਾ ਲੱਗਾ ਹੈ ਜਿਸ ਦੀ ਆਰਥਿਕ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਉਸ ਨੂੰ ਹੁਣ ਇੱਕ ਪੁਲ ਹੇਠਾਂ ਜੀਵਨ ਬਤੀਤ ਕਰਨਾ ਪੈ ਰਿਹਾ ਹੈ। ਉਹ ਜਿਹੜੀ ਥਾਂ 'ਤੇ ਰਹਿ ਰਿਹਾ ਹੈ ਉੱਥੇ ਆਲੇ-ਦੁਆਲੇ ਕਾਫ਼ੀ ਪਾਣੀ ਖੜ੍ਹਾ ਹੈ, ਅਤੇ ਉੱਥੇ ਚੂਹਿਆਂ ਦੀ ਭਰਮਾਰ ਹੈ। ਉਸ ਦੀ ਅਜਿਹੀ ਹਾਲਤ ਬਾਰੇ ਸੋਸ਼ਲ ਮੀਡੀਆ ਤੋਂ ਪਤਾ ਲੱਗਾ ਹੈ ਜਦੋਂ ਕਿਸੇ ਨੇ ਇਸ ਵਿਦਿਆਰਥੀ ਦੀ ਇੱਕ ਵੀਡੀਓ ਸ਼ੇਅਰ ਕੀਤੀ।

ਦਰਅਸਲ, ਕੈਨੇਡਾ 'ਚ ਹੁਣ ਸਭ ਅੱਛਾ ਨਹੀਂ। ਇਸ ਦੇਸ਼ ਦੀ ਡਾਵਾਂਡੋਲ ਆਰਥਿਕ ਹਾਲਤ ਬਾਰੇ ਹੁਣ ਕੌਮਾਂਤਰੀ ਮੀਡੀਆ 'ਚ ਚਰਚਾ ਵੀ ਹੋਣ ਲੱਗ ਪਈ ਹੈ। ਅਮਰੀਕਾ ਅਤੇ ਕੈਨੇਡਾ ਦੋ ਅਜਿਹੇ ਦੇਸ਼ ਹਨ ਜਿੱਥੇ ਭਾਰਤੀ, ਖ਼ਾਸ ਤੌਰ 'ਤੇ ਪੰਜਾਬੀ, ਵਿਦਿਆਰਥੀ ਆ ਕੇ ਉਚੇਰੀ ਸਿੱਖਿਆ ਹਾਸਿਲ ਕਰਨ ਅਤੇ ਫ਼ਿਰ ਇੱਥੇ ਹੀ ਵੱਸ ਜਾਣ ਦੀ ਇੱਛਾ ਰੱਖਦੇ ਹਨ। ਇੱਥੇ ਖ਼ਰਚੇ ਇੰਨੇ ਜ਼ਿਆਦਾ ਹੋ ਗਏ ਹਨ ਕਿ ਨਵੇਂ ਪ੍ਰਵਾਸੀਆਂ ਦੀ ਤਨਖ਼ਾਹ ਕਦੋਂ ਖ਼ਤਮ ਹੋ ਜਾਂਦੀ ਹੈ, ਇਹ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ।

ਚਿਰਾਗ਼ ਗੋਂਦੀ ਨਾਂ ਦੇ ਵਿਅਕਤੀ ਵਲੋਂ ਸ਼ੇਅਰ ਕੀਤੀ ਗਈ ਵੀਡੀਓ ਤੋਂ ਸੜਕਾਂ 'ਤੇ ਰੁਲ ਰਹੇ ਭਾਰਤੀ ਵਿਦਿਆਰਥੀ ਬਾਰੇ ਜਾਣਕਾਰੀ ਮਿਲੀ ਹੈ। ਉਸ ਤੋਂ ਬਾਅਦ ਪਰਵਾਸੀ ਭਾਰਤੀਆਂ 'ਚ ਜਿਵੇਂ ਸਨਸਨੀ ਫ਼ੈਲ ਗਈ। ਚਿਰਾਗ਼ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਕਾਰ 'ਚ ਘੁੰਮ ਰਿਹਾ ਸੀ ਜਦੋਂ ਇਸ ਵਿਦਿਆਰਥੀ 'ਤੇ ਉਸ ਦੀ ਨਜ਼ਰ ਪਈ। ਉਸ ਨੇ ਉਸ ਕੋਲ ਰੁਕ ਕੇ ਗੱਲਬਾਤ ਕੀਤੀ। ਉਸ ਨੇ ਚਿਰਾਗ਼ ਤੋਂ ਇੱਕ ਮਿੰਟ ਲਈ ਫ਼ੋਨ ਮੰਗਦਿਆਂ ਕਿਹਾ ਕਿ ਉਹ ਭਾਰਤ 'ਚ ਰਹਿੰਦੇ ਆਪਣੇ ਮਾਪਿਆਂ ਨਾਲ ਗੱਲ ਕਰਨੀ ਚਾਹੁੰਦਾ ਹੈ ਕਿਉਂਕਿ ਉਸ ਕੋਲ ਇਸ ਵੇਲੇ ਇੱਕ ਵੀ ਡਾਲਰ ਨਹੀਂ। ਫ਼ਿਰ ਜਦੋਂ ਚਿਰਾਗ਼ ਅਤੇ ਉਸ ਦੇ ਸਾਥੀਆਂ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਕਾਰ 'ਚ ਚੱਲੇ ਅਤੇ ਉਹ ਉਸ ਨੂੰ ਉਸ ਦੇ ਘਰ ਛੱਡ ਦੇਣਗੇ ਤਾਂ ਉਸ ਵਿਦਿਆਰਥੀ ਦਾ ਜਵਾਬ ਸੀ ਕਿ ਉਹ ਬੇਘਰ ਹੈ।

ਦੁੱਖ ਦੀ ਗੱਲ ਇਹ ਵੀ ਹੈ ਕਿ ਟੋਰੌਂਟੋ 'ਚ ਰਾਤ ਨੂੰ ਕਾਫ਼ੀ ਠੰਢ ਹੋ ਜਾਂਦੀ ਹੈ, ਪਰ ਉਸ ਵਿਦਿਆਰਥੀ ਕੋਲ ਸਿਰਫ਼ ਇੱਕ ਪਤਲਾ ਜਿਹਾ ਕੰਬਲ ਹੀ ਹੈ। ਇਸ ਤੋਂ ਇਲਾਵਾ ਉਸ ਕੋਲ ਸਿਰਫ਼ ਇੱਕ ਬੈਗ ਹੈ ਜਿਸ 'ਚ ਉਸ ਦੀਆਂ ਕੁੱਝ ਨਿੱਜੀ ਵਸਤਾਂ ਹਨ। ਚਿਰਾਗ਼ ਨੇ ਇਹ ਵੀ ਦੱਸਿਆ ਕਿ ਇਹ ਵਿਦਿਆਰਥੀ ਕੁੱਝ ਮਹੀਨੇ ਪਹਿਲਾਂ ਹੀ ਭਾਰਤ ਤੋਂ ਆਇਆ ਸੀ, ਅਤੇ ਉਸ ਨੇ ਕਿਚਨਰ ਦੇ ਇੱਕ ਕਾਲਜ 'ਚ ਦਾਖ਼ਲਾ ਲਿਆ ਹੋਇਆ ਹੈ। ਉਸ ਕੋਲ ਜਿਹੜੀ ਥੋੜ੍ਹੀ-ਬਹੁਤ ਜਮ੍ਹਾਂ-ਪੂੰਜੀ ਸੀ, ਉਹ ਫ਼ੌਰਕ-ਲਿਫ਼ਟ ਲਾਇਸੈਂਸ ਲੈਣ 'ਤੇ ਖ਼ਰਚ ਹੋ ਗਈ ਸੀ। ਅਸਲ 'ਚ ਕਿਸੇ ਨੇ ਉਸ ਨੂੰ ਸਲਾਹ ਦਿੱਤੀ ਸੀ ਕਿ ਜੇ ਉਹ ਇਹ ਲਾਇਸੈਂਸ ਲੈ ਲਵੇਗਾ ਤਾਂ ਉਸ ਨੂੰ ਤੁਰੰਤ ਨੌਕਰੀ ਮਿਲ ਜਾਵੇਗੀ, ਪਰ ਅਜਿਹਾ ਕੁੱਝ ਨਹੀਂ ਹੋਇਆ।

ਕੈਨੇਡਾ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਗ਼ੈਰੰਟਿਡ ਇਨਕਮ ਸਰਟੀਫ਼ਿਕੇਟ (793) ਅਧੀਨ ਘੱਟੋ-ਘੱਟ 10 ਹਜ਼ਾਰ ਡਾਲਰ ਜਮ੍ਹਾਂ ਕਰਵਾਉਣੇ ਪੈਂਦੇ ਹਨ। ਇਹ ਧਨ ਵਿਦਿਆਰਥੀਆਂ ਦਾ ਹੁੰਦਾ ਹੈ, ਪਰ ਉਹ ਹਰ ਮਹੀਨੇ ਕਿਸ਼ਤਾਂ 'ਚ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਉਸ ਪੀੜਤ ਭਾਰਤੀ ਵਿਦਿਆਰਥੀ ਦੇ ਇਸ ਮਹੀਨੇ ਦੇ 793 ਵਾਲੇ 600 ਡਾਲਰ ਹਾਲੇ 28 ਜੁਲਾਈ ਨੂੰ ਆਉਣੇ ਸਨ ਅਤੇ ਉਸ ਨੇ ਸੋਚਿਆ ਕਿ ਜੇ ਉਹ ਕੁੱਝ ਦਿਨ ਕਿਸੇ ਪੁਲ ਹੇਠਾਂ ਬਿਤਾ ਲਵੇ ਤਾਂ ਉਹ ਪੈਸਾ ਬਚ ਸਕਦਾ ਹੈ।


# ਕੈਨੇਡਾ ਵਿੱਚ ਪੰਜਾਬੀਆਂ ਦੀ ਸਥਾਪਤੀ ਵੱਲ ਪੁਲਾਂਘ ਦਾ ਗਵਾਹ-ਪਿੰਡ ਪਾਲਦੀ (ਕੈਨੇਡਾ)

## ਹਾਲੇ ਕੁਝ ਨਿਸ਼ਾਨ ਬਾਕੀ ਨੇ--------

**ਮਾਇਓ ਲੰਬਰ ਕੰਪਨੀ ਦੀ ਸ਼ੁਰੂਆਤ-ਵੈਨਕੂਵਰ ਅਧੀਨ ਆਉਂਦੇ ਟਾਪੂਆਂ ਉੱਪਰ ਜੰਗਲਾਂ ਦੀ ਬਹੁਤਾਤ ਹੋਣ ਕਾਰਨ ਮਾਇਓ ਵਲੋਂ ਆਪਣੇ ਸਾਥੀਆਂ ਸਮੇਤ ਜ਼ਮੀਨ ਦੀ ਤਲਾਸ਼ ਕੀਤੀ। ਪਹਿਲਾਂ ਉਹ ਕੁੱਝ ਦਿਨਾਂ ਲਈ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿੱਚ ਰਹੇ। ਇਸ ਤੋਂ ਬਾਅਦ ਡੰਕਨ ਕੋਲ਼ ਰੇਲਵੇ ਵਿੱਚ ਨੌਕਰੀ ਕਰਦੇ ਇੱਕ ਭਾਰਤੀ ਵਿਅਕਤੀ ਕੋਲ਼ ਰਹਿ ਕੇ ਮਿੱਲ ਲਗਾਉਣ ਲਈ ਜ਼ਮੀਨ ਦੀ ਤਲਾਸ਼ ਕੀਤੀ। ਲੰਬਰ ਮਿੱਲ ਲਗਾਉਣ ਲਈ ਕੱਚੀ ਲੱਕੜ ਦੀ ਲੋੜ ਪੈਂਦੀ ਹੈ।**



ਗੁਰਪ੍ਰੀਤ ਸਿੰਘ ਤਲਵੰਡੀ ਦੀ ਵਿਸ਼ੇਸ਼ ਰਿਪੋਰਟ




ਕੈਨੇਡਾ ਵਿੱਚ ਪੰਜਾਬੀਆਂ ਦਾ ਵਸਣਾਂ 20 ਵੀਂ ਸਦੀ ਦੇ ਆਰੰਭ ਵਿੱਚ ਹੀ ਸ਼ੁਰੂ ਹੋ ਗਿਆ ਸੀ। ਸੰਨ 1900 ਤੋਂ ਬਾਅਦ ਸਭ ਤੋਂ ਪਹਿਲਾਂ ਕੈਨੇਡਾ ਪਹੁੰਚਣ ਵਾਲਿਆਂ ਵਿੱਚ ਭਾਵੇਂ ਪੰਜਾਬ ਦੇ ਦੁਆਬਾ ਖੇਤਰ ਨੇ ਮੱਲਾਂ ਮਾਰੀਆਂ। ਲੇਕਿਨ ਸ਼ੁਰੂਆਤੀ ਦਿਨਾਂ ਵਿੱਚ ਜੋ ਕਠਿਨਾਈਆਂ ਜਾਂ ਮੁਸ਼ਕਿਲ ਪ੍ਰਸਥਿੱਤੀਆਂ ਦਾ ਸਾਹਮਣਾਂ ਉਨਾਂ ਪੰਜਾਬੀਆਂ ਵਲੋਂ ਕੀਤਾ ਗਿਆ, ਉਹ ਹੁਣ ਵਾਲੀਆਂ ਪੀੜੀਆਂ ਲਈ ਸ਼ਾਇਦ ਮਹਿਸੂਸ ਹੀ ਨਾਂ ਕੀਤਾ ਜਾ ਸਕਦਾ ਹੋਵੇ। ਬੋਲੀ ਦੀ ਸਮੱਸਿਆ, ਪਹਿਰਾਵਾ ਅਤੇ ਨਸਲੀ ਵਿਤਕਰੇ ਕਾਰਨ ਕੰਮ ਨਾਂ ਮਿਲਣਾਂ ਸਭ ਤੋਂ ਵੱਡੀ ਸਮੱਸਿਆ ਸੀ। ਉਸ ਤੋਂ ਬਾਅਦ ਕਾਮਾਗਾਟਾਮਾਰੂ ਵਰਗੀਆਂ ਘਟਨਾਵਾਂ ਦਾ ਵਾਪਰਨਾਂ ਵੀ ਸ਼ਾਇਦ ਨਸਲੀ ਵਿਤਕਰੇ ਦਾ ਨਤੀਜਾ ਹੀ ਸੀ। ਇਸ ਸਭ ਕੁੱਝ ਦੇ ਚਲਦਿਆਂ ਮਿਹਨਤਕਸ਼ ਪੰਜਾਬੀਆਂ ਵਲੋਂ ਸਖਤ ਮਿਹਨਤ ਜ਼ਰੀਏ ਅਤੇ ਲੱਖ ਔਂਕੜਾਂ ਝੱਲ ਕੇ ਵੀ ਦ੍ਰਿੜ ਇਰਾਦਿਆਂ ਨਾਲ ਜੋ ਮੰਜ਼ਿਲਾਂ ਸਰ ਕੀਤੀਆਂ ਹਨ, ਉਹ ਅੱਜ ਪੂਰੀ ਦੁਨੀਆਂ ਦੇ ਸਾਹਮਣੇ ਹਨ।

ਕੈਨੇਡਾ ਵਿੱਚ ਪੰਜਾਬੀਆਂ ਦੀ ਸਥਾਪਤੀ ਦੇ ਇਤਿਹਾਸਕ ਵਰਣਨ ਕਰਨ ਵਾਲੇ ਜੇਕਰ ਕੈਨੇਡਾ ਵਿੱਚ ਵਸੇ ਹੋਏ ਪਿੰਡ ਪਾਲਦੀ ਦਾ ਜ਼ਿਕਰ ਨਾਂ ਕੀਤਾ ਜਾਵੇ ਤਾਂ ਇਹ ਪੰਜਾਬੀਆਂ ਦੁਆਰਾ ਮਿਹਨਤ ਅਤੇ ਦ੍ਰਿੜ ਇਰਾਦਿਆਂ ਨਾਲ਼ ਸਿਰਜੇ ਗਏ ਇਤਿਹਾਸ ਨਾਲ਼ ਨਾ-ਇਨਸਾਫੀ ਹੋਵੇਗੀ।

ਪੰਜਾਬ ਦੇ ਜਿਲਾ ਹੁਸ਼ਿਆਰਪੁਰ ਦੀ ਤਹਿਸੀਲ ਗੜਸ਼ੰਕਰ ਤੋਂ ਕਰੀਬ 20 ਕੁ ਕਿਲੋਮੀਟਰ ਦੂਰ ਇੱਕ ਪਿੰਡ ਪਾਲਦੀ ਵਿੱਚ ਸੰਨ 1888 ਦੇ ਜੰਮਪਲ਼ ਮਾਇਆ ਸਿੰਘ ਸੰਨ 1906 ਵਿੱਚ ਸਨਫਰਾਂਸਿਸਕੋ (ਅਮਰੀਕਾ) ਵਿੱਚ ਪਹੁੰਚੇ, ਉੱਥੇ ਉਨਾਂ ਆਪਣਾਂ ਕੰਮ ਕਾਰ ਸ਼ੁਰੂ ਕੀਤਾ। ਉੱਥੋਂ ਫਿਰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਦੇ ਵੈਨਕੂਵਰ ਦੇ ਟਾਪੂ ਤੇ ਰਹਿਣ ਲਈ ਪੁੱਜੇ। ਵੈਨਕੂਵਰ ਦੇ ਪਾਣੀਆਂ ਵਿਚਕਾਰ ਟਾਪੂ ਡੰਕਨ ਨੂੰ ਉਨਾਂ ਆਪਣੇ ਰਹਿਣ ਅਤੇ ਕੰਮ ਕਾਰ ਕਰਨ ਲਈ ਚੁਣਿਆਂ। ਡੰਕਨ ਨੂੰ ਉਸ ਵਕਤ 'ਗੋਸਟ-ਟਾਊਨ' ਭਾਵ ਭੂਤਾਂ ਦਾ ਸ਼ਹਿਰ ਕਿਹਾ ਜਾਂਦਾ ਸੀ। ਇਸਦਾ ਕਾਰਨ ਇਹ ਹੋ ਸਕਦਾ ਸੀ ਕਿ ਡੰਕਨ ਇੱਕ ਬੁਤ ਹੀ ਸੁੰਨਸਾਨ ਇਲਾਕਾ ਸੀ। ਇਸਦੇ ਇੱਕ ਪਾਸੇ ਠਾਠਾਂ ਮਾਰਦੀਆਂ ਲਹਿਰਾਂ ਵਾਲ਼ਾ ਸਮੁੰਦਰ ਅਤੇ ਦੂਸਰੇ ਪਾਸੇ ਘਣੇ ਜੰਗਲ ਅਤੇ ਵੱਡੇ ਪਹਾੜ। ਹੁਣ ਤਾਂ ਭਾਵੇਂ ਡੰਕਨ ਵਿੱਚ ਕੁੱਝ ਚਹਿਲ ਪਹਿਲ ਦਿਖਦੀ ਹੈ, ਪ੍ਰੰਤੂ ਹਨੇਰਾ ਹੋਣ ਤੋਂ ਪਹਿਲਾਂ ਹੀ ਏਥੇ ਚੁੱਪ ਪਸਰ ਜਾਂਦੀ ਹੈ। ਹੁਣ ਡੰਕਨ ਵਿੱਚ ਕਾਫੀ ਪੰਜਾਬੀ ਪਰਿਵਾਰ ਵੀ ਵਸਦੇ ਹਨ। ਏਥੇ ਮਾਇਆ ਸਿੰਘ, ਉਨਾਂ ਦੇ ਸਕੇ ਭਰਾ ਘਣੀਆਂ ਸਿੰਘ ਅਤੇ ਉਨਾਂ ਦੇ ਪਿੰਡ ਦੇ ਹੀ ਵਸਨੀਕ ਕਪੂਰ ਸਿੰਘ ਵਲੋਂ ਡੰਕਨ ਦੇ ਲਾਗੇ ਹੀ ਪਿੰਡ ਪਾਲਦੀ ਦੀ ਸਥਾਪਨਾਂ ਕੀਤੀ।

ਇਤਿਹਾਸ ਦੇ ਵਰਕੇ ਫਰੋਲ਼ੀਏ ਤਾਂ ਇਹ ਇਹ ਪਤਾ ਲੱਗਦਾ ਹੈ ਕਿ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੀ ਛੇਵੀਂ ਵਰੇਗੰਢ ਸੰਨ 1897 ਵਿੱਚ ਲੰਡਨ ਵਿੱਚ ਮਨਾਈ ਜਾਣੀ ਸੀ। ਉਸ ਵਿੱਚ ਭਾਗ ਲੈਣ ਲਈ ਭਾਰਤ ਤੋਂ ਵੀ ਭਾਰਤੀ ਫੌਜ਼ ਦੀ ਇੱਕ ਟੁਕੜੀ ਨੂੰ ਬੁਲਾਇਆ ਗਿਆ। ਭਾਰਤ ਉਸ ਵਕਤ ਅੰਗਰੇਜ਼ੀ ਸਾਮਾਰਾਜ ਦੇ ਅਧੀਨ ਸੀ। ਦੂਸਰੇ ਪਾਸੇ ਸਿੱਖ ਇੱਕ ਬਹਾਦਰ ਕੌਮ ਹੋਣ ਕਰਕੇ ਅੰਗਰੇਜ਼ ਸਿੱਖਾਂ ਨੂੰ ਵਧੇਰੇ ਅਹਿਮੀਅਤ ਦਿੰਦੇ ਸਨ। ਇਸ ਲਈ ਲੰਡਨ ਜਾਣ ਵਾਲ਼ੀ ਫੌਜੀ ਟੁਕੜੀ ਵਿੱਚ ਸਿੱਖਾਂ ਦਾ ਸ਼ਾਮਿਲ ਹੋਣਾਂ ਜਰੂਰੀ ਸੀ। ਸੋ, ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਭਾਰਤੀ ਫੌਜ਼ੀਆਂ ਦੀ ਇਹ ਟੁਕੜੀ ਸਮੁੰਦਰੀ ਜਹਾਜ ਰਾਹੀਂ ਵਾਪਸ ਜਾਣ ਮੌਕੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਤੱਟ ਤੇ ਕੁੱਝ ਦੇਰ ਲਈ ਰੁਕੀ। ਇਹਨਾਂ ਸਿੱਖ ਫੌਜੀਆਂ ਨੂੰ ਕੈਨੇਡਾ ਦੀ ਧਰਤੀ ਪਸੰਦ ਆਈ। ਇਹਨਾਂ ਵਿੱਚੋਂ ਬਹੁਤੇ ਫੌਜੀ ਸੇਵਾਮੁਕਤ ਹੋਣ ਦੀ ਚਾਹਨਾਂ ਵਿੱਚ ਸਨ। ਉਨਾਂ ਵਿੱਚੋਂ ਕਈਆਂ ਦਾ ਵਿਚਾਰ ਇਹ ਵੀ ਸੀ ਕਿ ਰਿਟਾਇਰ ਹੋਣ ਤੋਂ ਬਾਅਦ ਉਹ ਕੈਨੇਡਾ ਵਿੱਚ ਰਹਿ ਕੇ ਕੰਮ ਕਰਨਗੇ ਅਤੇ ਪੈਸੇ ਕਮਾ ਕੇ ਭਾਰਤ ਵਾਪਸ ਪਰਤ ਜਾਣਗੇ। ਕਈਆਂ ਦਾ ਵਿਚਾਰ ਇਹ ਵੀ ਸੀ ਕਿ ਉਹ ਫੌਜ ਵਿੱਚੋਂ ਰਿਟਾਇਰ ਹੋਣ ਤੋਂ ਬਾਅਦ ਹੋ ਪੈਸੇ ਮਿਲਣਗੇ ਉਹ ਉਨਾਂ ਪੈਸਿਆਂ ਨੂੰ ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਵਿੱਚ ਖਰਚ ਕੇ ਆਪਣਾਂ ਕੋਈ ਕੰਮ ਕਾਰ ਤੋਰ ਲੈਣਗੇ। ਕੁੱਝ ਕੁ ਸਿੱਖ ਸੈਨਿਕਾਂ ਨੇ ਵਾਪਸ ਕੈਨੇਡਾ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ।

ਹੁਸ਼ਿਆਰਪੁਰ ਦੇ ਪਿੰਡ ਪਾਲਦੀ ਦਾ ਵਸਨੀਕ ਘਣੀਆਂ ਸਿੰਘ ਮਿਨਹਾਸ ਵਾਪਸ ਕੈਨੇਡਾ ਪਹੁੰਚਣ ਵਾਲ਼ਿਆਂ ਵਿੱਚੋਂ ਇੱਕ ਸੀ, ਜੋ ਮਾਇਆ ਸਿੰਘ ਦਾ ਵੱਡਾ ਭਰਾ ਸੀ। ਵੱਡੇ ਭਰਾ ਦੇ ਮਗਰ ਛੋਟੇ ਭਰਾ ਦਾ ਵੀ ਵਿਦੇਸ਼ੀ ਧਰਤੀ ਤੇ ਪਹੁੰਚਣਾਂ ਸੁਭਾਵਿਕ ਹੀ ਸੀ। ਸੋ, ਮਾਇਆ ਸਿੰਘ ਸਭ ਤੋਂ ਪਹਿਲਾਂ ਬਸਟਲਿੰਗ ਪੋਰਟ ਸਨ-ਫਰਾਂਸਿਸਕੋ, ਕੈਲੀਫੋਰਨੀਆਂ ਅਮਰੀਕਾ ਵਿੱਚ ਪੁੱਜੇ। ਸਨ-ਫਰਾਂਸਿਸਕੋ ਉਸ ਵਕਤ ਭਾਰਤ ਦੀ ਅਜਾਦੀ ਲਈ ਲੜ ਰਹੀ ਗਦਰ ਪਾਰਟੀ ਦਾ ਮੁੱਖ ਟਿਕਾਣਾਂ ਸੀ। ਗਦਰ ਪਾਰਟੀ ਦੇ ਸਾਰੇ ਹੀ ਮੈਂਬਰ ਕੈਲੀਫੋਰਨੀਆਂ ਪਹੁੰਚਣ ਵਾਲ਼ੇ ਨਵੇਂ ਭਾਰਤੀਆਂ ਦਾ ਜ਼ੋਰਦਾਰ ਸਵਾਗਤ ਕਰਦੇ ਸਨ।

ਮਾਇਆ ਸਿੰਘ ਏੱਥੇ ਯੂਨੀਅਨ ਪੈਸੀਫਿਕ ਰੇਲਵੇ ਵਿੱਚ ਨੌਕਰੀ ਕਰਨ ਲੱਗ ਪਏ। ਉਹ ਇੱਕ ਦਿਨ ਹਨੇਰੇ ਦਾ ਫਾਇਦਾ ਚੁੱਕਦਿਆਂ ਬਾਰਡਰ ਪਾਰ ਕਰ ਕੇ ਕੈਨੇਡਾ ਵਿੱਚ ਦਾਖਲ ਹੋ ਗਏ। ਉੱਥੇ ਉਨਾਂ ਕੈਨੇਡੀਅਨ ਪੈਸੀਫਿਕ ਰੇਲਵੇ ਵਿੱਚ ਨੌਕਰੀ ਕੀਤੀ ਅਤੇ ਫਿਰ ਬ੍ਰਿਟਿਸ਼ ਕੋਲੰਬੀਆ ਵਿੱਚ ਹੀ ਕਈ ਲੱਕੜ ਦੀਆਂ ਮਿੱਲਾਂ ਵਿੱਚ ਵੀ ਕੰਮ ਕੀਤਾ। ਮਾਇਆ ਸਿੰਘ, ਘਣੀਆਂ ਸਿੰਘ, ਦੁੱਮਣ ਸਿੰਘ ਅਤੇ ਕਈ ਹੋਰ ਵਿਅਕਤੀਆਂ ਨੇ ਚਿਲੀਬੈਕ ਨੇੜੇ ਫਰਨਰਿੱਜ ਲੰਬਰ ਕੰਪਨੀ ਰੋਜ਼ਡੇਲ ਵਿੱਚ ਵੀ ਕੰਮ ਕੀਤਾ। ਵੱਖ ਵੱਖ ਥਾਂਈਂ ਕੰਮ ਕਰਨ ਦੌਰਾਨ ਉਨਾਂ ਨੂੰ ਨਸਲੀ ਵਿਤਕਰੇ ਸਮੇਤ ਕਈ ਤਰਾਂ ਦੀਆਂ ਸਮੱਸਿਆਵਾਂ ਦਾ ਸਾਹਮਣਾਂ ਕਰਨਾ ਪਿਆ।

ਪਾਲਦੀ ਪਿੰਡ ਦੀ ਸਥਾਪਨਾਂ ਸੰਨ 1916 ਵਿੱਚ ਮਾਇਆ ਸਿੰਘ ਮਿਨਹਾਸ, ਜੋ ਹੁਣ ਨਾਮ ਬਦਲਕੇ ਮਾਇਓ ਬਣ ਚੁੱਕਾ ਸੀ, ਉਸਦੇ ਭਰਾ ਘਣੀਆਂ ਸਿੰਘ ਅਤੇ ਚਚੇਰੇ ਭਰਾ ਦੁੱਮਣ ਸਿੰਘ ਨੇ ਕੀਤੀ। ਉਕਤ ਸਾਰੇ ਪਹਿਲਾਂ ਡੰਕਨ ਲਾਗੇ ਇੱਕ ਜਪਾਨੀ ਵਿਅਕਤੀ ਵਾਲ਼ੀ ਲੰਬਰ ਮਿੱਲ ਵਿੱਚ ਨੌਕਰੀ ਕਰਦੇ ਸਨ। ਫਿਰ ਹੌਲੀ ਹੌਲੀ ਇਹਨਾਂ ਨੇ ਉਕਤ ਮਿੱਲ ਵਿੱਚ ਹਿੱਸਾ ਪਾ ਲਿਆ। ਉਸ ਤੋਂ ਬਾਅਦ ਇਹ ਮਿੱਲ਼ ਦੇ ਪੂਰੀ ਤਰਾਂ ਮਾਲਕ ਬਣ ਗਏ। ਫਿਰ ਇੱਕ ਕਪੂਰ ਸਿੰਘ ਇਹਨਾਂ ਦੇ ਪਾਰਟਨਰ ਬਣੇ ਜੋ ਪਿੰਡ ਖੜੌਦੀ ਦੇ ਵਸਨੀਕ ਸਨ।

ਕੈਨੇਡਾ ਰਹਿੰਦਿਆਂ ਮੈਂ ਵੈਨਕੂਵਰ ਤੱਟ ਤੇ ਕਿਸੇ ਵੇਲੇ ਵਸੇ ਪਾਲਦੀ ਪਿੰਡ ਬਾਰੇ ਸੁਣਿਆਂ ਤਾਂ ਬਹੁਤ ਸੀ, ਲੇਕਿਨ ਇਸ ਪਿੰਡ ਦੀ ਹੋਂਦ ਬਾਰੇ ਮੇਰੇ ਪੰਜਾਬ ਵਸਦੇ ਮਿੱਤਰ ਮੇਜਰ ਸਿੰਘ ਮੁੱਲਾਂਪੁਰ, ਜੋ ਇਸ ਸਮੇਂ ਪੰਜਾਬ ਦੀ ਰਾਜਨੀਤੀ ਵਿੱਚ ਚੰਗਾ ਨਾਮ ਕਮਾਂ ਰਹੇ ਹਨ, ਉਨਾਂ ਪਾਸੋਂ ਕਾਫੀ ਕੁੱਝ ਜਾਣਕਾਰੀ ਮਿਲ਼ੀ। ਸ: ਮੁੱਲਾਂਪੁਰ ਖੁਦ ਆਪਣੇ ਪਰਿਵਾਰ ਸਮੇਤ ਕਾਫੀ ਲੰਮਾਂ ਸਮਾਂ ਡੰਕਨ ਵਿਖੇ ਰਹਿ ਕੇ ਆਪਣਾਂ ਕੰਮ ਕਰਦੇ ਰਹੇ ਹਨ। ਉਨਾਂ ਪਾਸੋਂ ਸਾਰੀ ਜਾਣਕਾਰੀ ਲੈ ਕੇ ਮੈਂ ਆਪਣੇ ਪਰਿਵਾਰ ਅਤੇ ਨਜਦੀਕੀ ਰਿਸ਼ਤੇਦਾਰ ਹਰਮੰਦਰ ਸਿੰਘ ਗਿੱਲ ਅਮਰੀਕਾ ਅਤੇ ਗੁਰਪ੍ਰੀਤ ਸਿੰਘ ਤੂਰ ਸਮੇਤ ਜੁਲਾਈ 2022 ਵਿੱਚ ਟਵਾਸਨ ਫੈਰੀ ਟਰਮੀਨਲ ਡੈਲਟਾ ਤੋਂ ਫੈਰੀ (ਇੱਕ ਸਮੁੰਦਰੀ ਜਹਾਜ਼) ਵਿੱਚ ਸਵਾਰ ਹੋ ਕੇ ਨਨੈਮੋ ਵਿਖੇ ਪੁੱਜੇ, ਜਿੱਥੋਂ ਕਾਰ ਰਾਹੀਂ ਮੇਰੇ ਮਿੱਤਰ ਸੰਦੀਪ ਸਿੰਘ ਖੜਗ ਕੋਲ਼ ਪੁੱਜ ਕੇ ਸਵੇਰ ਦੀ ਚਾਹ ਵਗੈਰਾ ਪੀ ਕੇ ਪਾਲਦੀ ਦਾ ਰਸਤਾ ਪੁੱਛ ਕੇ ਅਸੀਂ ਕਰੀਬ 11 ਕੁ ਵਜੇ ਸਵੇਰੇ ਗੁਰਦਵਾਰਾ ਸਾਹਿਬ ਪਾਲਦੀ ਵਿਖੇ ਪੁੱਜ ਗਏ। ਜਿੱਥੇ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਸੰਤੋਖ ਸਿੰਘ, ਜੋ ਪੰਜਾਬ ਤੋਂ ਆਦਮਪੁਰ ਲਾਗਲੇ ਪਿੰਡ ਘੁੜਿਆਲ਼ ਦੇ ਵਸਨੀਕ ਹਨ, ਉਹ ਸਾਡਾ ਇੰਤਜ਼ਾਰ ਕਰ ਰਹੇ ਹਨ। ਉਨਾਂ ਨਾਲ਼ ਕਰੀਬ 15 ਕੁ ਦਿਨ ਪਹਿਲਾਂ ਮੇਰੀ ਫੋਨ ਉੱਪਰ ਗੱਲਬਾਤ ਹੋਈ ਸੀ। ਸ: ਸੰਤੋਖ ਸਿੰਘ ਹੁਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਵਕਤ ਮਾਇਓ ਲੰਬਰ ਮਿੱਲ ਵਿੱਚ ਕਰੀਬ 1500 ਵਿਅਕਤੀ ਕੰਮ ਕਰਦੇ ਸਨ, ਜਿਨਾਂ ਵਿੱਚ ਪੰਜਾਬੀ, ਜਪਾਨੀ, ਚੀਨੀ ਅਤੇ ਗੋਰੇ ਵੀ ਸ਼ਾਮਿਲ ਸਨ। ਸੰਨ 1916 ਵਿੱਚ ਮਿੱਲ ਦੇ ਲਾਗੇ ਹੀ ਮਾਇਓ ਸਿੰਘ, ਦੁੱਮਣ ਸਿੰਘ, ਘਣੀਆਂ ਸਿੰਘ ਅਤੇ ਕਪੂਰ ਸਿੰਘ ਵਲੋਂ ਪਿੰਡ ਵਸਾਉਣ ਦੇ ਮਕਸਦ ਨਾਲ਼ ਕਰੀਬ 3000 ਏਕੜ ਜ਼ਮੀਨ ਖਰੀਦੀ ਗਈ। ਪਿੰਡ ਦਾ ਪਹਿਲਾ ਨਾਮ ਮਾਇਓ ਹੀ ਰੱਖਿਆ ਗਿਆ। ਲੇਕਿਨ ਕੈਨੇਡਾ ਦੇ ਹੀ ਕੇਂਦਰੀ ਸ਼ਾਸ਼ਤ ਪ੍ਰਦੇਸ਼ ਯੂਕੋਨ ਵਿੱਚ ਇਸੇ ਨਾਮ ਦਾ ਡਾਕਘਰ ਹੋਣ ਕਾਰਨ ਇਸ ਨਾਮ ਤੇ ਵਖੇੜਾ ਖੜਾ ਹੋ ਗਿਆ, ਸੋ ਸੰਨ 1936 ਵਿੱਚ ਇਸਦਾ ਨਾਮ ਬਦਲਕੇ ਪਾਲਦੀ ਰੱਖਿਆ ਗਿਆ।




ਮਾਇਓ ਲੰਬਰ ਕੰਪਨੀ ਦੀ ਸ਼ੁਰੂਆਤ-ਵੈਨਕੂਵਰ ਅਧੀਨ ਆਉਂਦੇ ਟਾਪੂਆਂ ਉੱਪਰ ਜੰਗਲ਼ਾਂ ਦੀ ਬਹੁਤਾਤ ਹੋਣ ਕਾਰਨ ਮਾਇਓ ਵਲੋਂ ਆਪਣੇ ਸਾਥੀਆਂ ਸਮੇਤ ਜ਼ਮੀਨ ਦੀ ਤਲਾਸ਼ ਕੀਤੀ। ਪਹਿਲਾਂ ਉਹ ਕੁੱਝ ਦਿਨਾਂ ਲਈ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿੱਚ ਰਹੇ। ਇਸ ਤੋਂ ਬਾਅਦ ਡੰਕਨ ਕੋਲ਼ ਰੇਲਵੇ ਵਿੱਚ ਨੌਕਰੀ ਕਰਦੇ ਇੱਕ ਭਾਰਤੀ ਵਿਅਕਤੀ ਕੋਲ਼ ਰਹਿ ਕੇ ਮਿੱਲ ਲਗਾਉਣ ਲਈ ਜ਼ਮੀਨ ਦੀ ਤਲਾਸ਼ ਕੀਤੀ। ਲੰਬਰ ਮਿੱਲ ਲਗਾਉਣ ਲਈ ਕੱਚੀ ਲੱਕੜ ਦੀ ਲੋੜ ਪੈਂਦੀ ਹੈ। ਸੋ, ਜਿਸ ਜਗਾ ਮਿੱਲ ਲਗਾਈ ਗਈ, ਉੱਥੇ ਅੱਜ ਵੀ ਘਣੇ ਜੰਗਲ਼ ਦੇਖੇ ਜਾ ਸਕਦੇ ਹਨ। ਇਸ ਟਾਪੂ ਤੇ ਸਹਤਲਮ ਜਿਲੇ ਵਿੱਚ ਪਹਿਲੀ ਮਾਇਓ ਲੰਬਰ ਕੰਪਨੀ ਸਾਅ ਮਿੱਲ ਦੀ ਸ਼ੁਰੂਆਤ ਮਾਰਚ-ਅਪ੍ਰੈਲ 1918 ਵਿੱਚ ਕੀਤੀ ਗਈ। ਇਸ ਕੰਪਨੀ ਦੀ ਲੱਕੜ ਨੂੰ ਕੱਟ ਕੇ ਤਰਾਸ਼ਣ ਦੀ ਕੁੱਲ ਕਪੈਸਟੀ ਇੱਕ ਦਿਨ ਵਿੱਚ 40 ਹਜ਼ਾਰ ਤੋਂ 50 ਹਜ਼ਾਰ ਫੁੱਟ ਦੇ ਕਰੀਬ ਸੀ। ਇਸ ਮਿੱਲ ਤੱਕ ਰੇਲਵੇ ਦਾ ਪ੍ਰਬੰਧ ਕਰਨ ਤੋਂ ਇਲਾਵਾ ਮਾਇਓ ਨੇ ਆਪਣੇ ਲਈ 2 ਜਹਾਜ਼ ਵੀ ਰੱਖੇ ਹੋਏ ਸਨ। ਪਾਲਦੀ ਵਿਖੇ ਉਸ ਵੇਲੇ ਹੈਲੀਪੈਡ ਹੋਣ ਬਾਰੇ ਵੀ ਪਤਾ ਲੱਗਦਾ ਹੈ। ਮਾਇਓ ਮਿੱਲ ਲਈ ਕੰਮ ਕਰਦੀ ਰੇਲਵੇ ਦਾ ਇੰਜਣ ਇਸ ਸਮੇਂ ਬ੍ਰਿਟਿਸ਼ ਕੋਲੰਬੀਆ ਅਧੀਨ ਪੈਂਦੇ ਪਹਾੜੀ ਸ਼ਹਿਰ ਕੈਲੋਨਾਂ ਵਿਖੇ ਸਥਿੱਤ ਮਿਊਜ਼ੀਅਮ ਵਿੱਚ ਖੜਾ ਹੈ। ਜਾਣਕਾਰੀ ਅਨੁਸਾਰ ਇਸ ਮਿੱਲ ਵਿੱਚ ਉਸ ਸਮੇਂ ਕਰੀਬ 1500 ਵਿਅਕਤੀ ਕੰਮ ਕਰਦੇ ਸਨ, ਜਿਨਾਂ ਵਿੱਚ ਜਿਆਦਾਤਰ ਪੰਜਾਬੀ, ਚੀਨੀ, ਜਪਾਨੀ ਅਤੇ ਕੁੱਝ ਕੁ ਗੋਰੇ ਵੀ ਸਨ। ਇਸ ਮਿੱਲ ਬਾਰੇ ਇਹ ਵੀ ਪਤਾ ਲੱਗਦਾ ਹੈ ਕਿ ਇਸ ਜਗਾ ਪਹਿਲਾਂ ਜਪਾਨੀ ਵਿਅਕਤੀਆਂ ਦੀ ਮਾਲਕੀ ਵਾਲ਼ੀ ਲੰਬਰ ਮਿੱਲ ਹੋਇਆ ਕਰਦੀ ਸੀ। ਜਿਸ ਵਿੱਚ ਮਾਇਓ ਅਤੇ ਉਸਦੇ ਸਾਥੀਆਂ ਨੇ ਪਹਿਲਾਂ ਹਿੱਸਾ ਪਾਇਆ ਅਤੇ ਫਿਰ ਇਸਨੂੰ ਪੂਰੀ ਤਰਾਂ ਖਰੀਦ ਲਿਆ ਸੀ। ਇਹ ਮਿੱਲ ਸੰਨ 1919 ਵਿੱਚ ਅੱਗ ਲੱਗਣ ਨਾਲ ਸੜ ਗਈ। ਇਸਦੀ ਮੁਰੰਮਤ ਕਰਕੇ ਇਸਨੂੰ ਸੰਨ 1921 ਵਿੱਚ ਦੁਬਾਰਾ ਚਾਲੂ ਕੀਤਾ ਗਿਆ। ਕੰਪਨੀ ਕੋਲ਼ 6 ਟਰੱਕ, ਦੋ ਮੀਲ ਲੰਬੀ ਰੇਲ ਗੱਡੀ ਅਤੇ ਘੋੜਾ ਗੱਡੀਆਂ ਵੀ ਹੋਇਆ ਕਰਦੀਆਂ ਸਨ, ਜੋ ਲੱਕੜ ਦੀ ਢੋਆ ਢੋਆਈ ਦੇ ਕੰਮ ਆਇਆ ਕਰਦੀਆਂ ਸਨ।

ਸੰਨ 1921 ਵਿੱਚ ਪਾਲਦੀ ਵਿਖੇ ਪਹਿਲੇ ਸਕੂਲ ਦੀ ਸ਼ੁਰੂਆਤ ਹੋਈ। ਮਾਇਓ ਸਿੰਘ ਵਲੋਂ ਉਹਨਾਂ ਦਿਨਾਂ ਵਿੱਚ ਗੈਰ ਕਨੂੰਨੀ ਪੰਜਾਬੀਆਂ ਦੀ ਵੀ ਮੱਦਦ ਕੀਤੀ ਗਈ। ਸੰਨ 1938 ਵਿੱਚ ਕਰੀਬ 300 ਗੈਰ ਕਾਨੂੰਨੀ ਪੰਜਾਬੀ ਬ੍ਰਿਟਿਸ਼ ਕੋਲੰਬੀਆ ਰਹਿ ਰਹੇ ਸਨ, ਜੋ ਆਪਣੇ ਪਰਿਵਾਰਾਂ ਅਤੇ ਬੱਚਿਆਂ ਕੋਲ਼ ਜਾਣ ਨੂੰ ਤਰਸਦੇ ਸਨ ਅਤੇ ਘੱਟ ਤਨਖਾਹਾਂ ਤੇ ਕੰਮ ਕਰਨ ਲਈ ਮਜ਼ਬੂਰ ਸਨ। ਮਾਇਓ ਸਿੰਘ ਵਲੋਂ ਉਨਾਂ ਪ੍ਰਵਾਸੀਆਂ ਨੂੰ ਵਰਕ ਪਰਮਿਟ ਦਿਵਾਉਣ ਜਾਂ ਉਨਾਂ ਨੂੰ ਉਨਾਂ ਦੇ ਬਣਦੇ ਹੱਕ ਦਿਵਾਉਣ ਲਈ ਕਾਨੂੰਨੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਰਹੀ ਹੈ।

ਮਾਇਓ ਸਿੰਘ ਦੀ ਮੌਤ ਸੰਨ 1955 ਵਿੱਚ ਅਤੇ ਉਸਦੀ ਪਤਨੀ ਬਿਸ਼ਨ ਕੌਰ ਦੀ ਮੌਤ ਸੰਨ 1952 ਵਿੱਚ ਹੋਈ। ਇਹਨਾਂ ਦੇ 7 ਧੀਆਂ/ਪੁੱਤਰ ਸਨ, ਜਿਨਾਂ ਦੇ ਨਾਮ ਜੋਗਿੰਦਰ ਕੌਰ, ਜੋਗਿੰਦਰ ਸਿੰਘ, ਰਾਜਿੰਦਰ, ਮਿੰਦੀ, ਗਿੰਦੀ, ਗਲੋਰੀਆ ਅਤੇ ਮਾਈਕ ਸਨ। ਅੱਗੇ ਰਜਿੰਦਰ ਸਿੰਘ ਦੇ ਦੋ ਬੱਚੇ ਰਜਿੰਦਰ ਮਾਇਓ, ਜੋ ਸੰਨ 1933 ਵਿੱਚ ਜਨਮੇ ਅਤੇ ਸੰਨ 2008 ਵਿੱਚ ਅਕਾਲ ਚਲਾਣਾਂ ਕਰ ਗਏ, ਜਦਕਿ ਉਸਦੀ ਪਤਨੀ ਜੋਆਨ ਮਾਇਓ ਜੋ ਸੰਨ 1931 ਵਿੱਚ ਜਨਮੀ, ਉਹ ਹਾਲੇ ਜੀਵਤ ਹੈ। ਉਨਾਂ ਨੇ 6 ਬੱਚੇ ਦਵਿੰਦਰ, ਰੌਬਿਨ, ਜ਼ੇਲ, ਡਰਸੀ, ਸ਼ੈਰੀ ਅਤੇ ਡੇਲ ਹਨ। ਜੋਆਨ ਮਾਇਓ, ਨੂੰ ਮਾਇਓ ਸਿੰਘ ਦੀ ਵਿਰਾਸਤ ਨੂੰ ਯਾਦ ਰੱਖਣ ਦਾ ਡਾਹਢਾ ਹੀ ਸ਼ੌਕ ਹੈ। ਉਹ ਭਾਵੇਂ ਕਾਫੀ ਜਿਆਦਾ ਉਮਰ ਦੇ ਹੋ ਚੁੱਕੇ ਹਨ, ਲੇਕਿਨ ਉਸ ਦੁਆਰਾ ਪਾਲਦੀ ਪਿੰਡ ਬਾਰੇ ਅਤੇ ਮਾਇਓ ਸਿੰਘ ਸਮੇਤ ਉਸਦੇ ਸਾਥੀਆਂ ਵਲੋਂ ਕੀਤੇ ਕਠਿੱਨ ਸੰਘਰਸ਼ ਬਾਰੇ ਲਿਖੀ ਗਈ ਕਿਤਾਬ ਵੀ ਪਾਲਦੀ ਦੇ ਇਤਿਹਾਸ ਬਾਰੇ ਜਾਨਣ ਦੇ ਚਾਹਵਾਨਾਂ ਲਈ ਕਾਫੀ ਸਾਰੀ ਜਾਣਕਾਰੀ ਪ੍ਰਦਾਨ ਕਰ ਰਹੀ ਹੈ। ਪਾਲਦੀ ਨਿਵਾਸੀਆਂ ਵਲੋਂ ਮ੍ਰਿਤਕਾਂ ਦੇ ਅੰਤਿਮ ਸੰਸਕਾਰ ਲਈ ਸ਼ਮਸ਼ਾਨਘਾਟ ਵੀ ਬਣਾਇਆ ਗਿਆ, ਜਿੱਥੇ ਸਿੱਖ ਭਾਈਚਾਰੇ ਵਾਂਗ ਹੀ ਕੈਨੇਡਾ ਦੀ ਧਰਤੀ ਤੇ ਵੀ ਮ੍ਰਿਤਕ ਵਿਅਕਤੀਆਂ ਦਾ ਅੰਤਿਮ ਸੰਸਕਾਰ ਕੀਤਾ ਜਾਂਦਾ ਰਿਹਾ। ਸੰਨ 1980 ਦੌਰਾਨ ਪਾਲਦੀ ਤੋਂ ਕਾਫੀ ਸਾਰੇ ਪਰਿਵਾਰ ਕੰਮਾਂ ਦੀ ਤਲਾਸ਼ ਵਿੱਚ ਲਾਗਲੇ ਕਸਬੇ ਡੰਕਨ, ਲੇਡੀ ਸਮਿੱਥ ਅਤੇ ਨਨੈਮੋ ਜਾ ਵਸੇ। ਸਿੱਖ ਪਰਿਵਾਰ ਆਪਣੇ ਮ੍ਰਿਤਕਾਂ ਦਾ ਸੰਸਕਾਰ ਪਾਲਦੀ ਦੇ ਸਮਸ਼ਾਨਘਾਟ ਵਿੱਚ ਹੀ ਕਰਦੇ ਰਹੇ ਹਨ। ਇਹ ਸਮਸ਼ਾਨ ਘਾਟ ਹਾਲੇ ਵੀ ਮੌਜੂਦ ਹੈ, ਜਿਸਦਾ ਨਾਮ ਕੋਵਾਚਿਨ ਵੈਲੀ ਈਸਟ ਇੰਡੀਅਨ ਕਰੀਮੇਟੋਰੀ ਹੈ। ਇਹ ਸਮਸ਼ਾਨਘਾਟ ਕੋਵਾਚਿਨ ਲੇਕ ਰੋਡ ਤੇ ਸਥਿੱਤ ਹੈ। ਮਾਇਓ ਸਿੰਘ ਦੇ ਚਾਰ ਸਪੁੱਤਰਾਂ ਵਿੱਚੋਂ ਵੱਡੇ ਲੜਕੇ ਦਾ ਪਰਿਵਾਰ ਪਾਲਦੀ, ਇੱਕ ਲੜਕਾ ਨਨੈਮੋ ਅਤੇ ਦੋ ਲੜਕਿਆਂ ਦੇ ਪਰਿਵਾਰ ਵੈਨਕੂਵਰ ਰਹਿ ਰਹੇ ਹਨ। ਉਸਦੇ ਵੱਡੇ ਲੜਕੇ ਦਾ ਲੜਕਾ ਦਵਿੰਦਰ ਸਿੰਘ ਇਸ ਸਮੇਂ ਗੁਰਦਵਾਰਾ ਸਿੱਖ ਟੈਂਪਲ ਪਾਲਦੀ ਦਾ ਪ੍ਰਧਾਨ ਵੀ ਹੈ, ਜੋ ਖੁਦ ਡੰਕਨ ਵਿਖੇ ਰਹਿ ਰਿਹਾ ਹੈ।

ਗੁਰਦਵਾਰਾ ਸਿੱਖ ਟੈਂਪਲ ਪਾਲਦੀ-ਗੁਰਦਵਾਰਾ ਸਿੱਖ ਟੈਂਪਲ ਪਾਲਦੀ ਦੀ ਸਥਾਪਨਾਂ 1 ਜੁਲਾਈ ਸੰਨ 1919 ਨੂੰ ਕੀਤੀ ਗਈ। ਇਹ ਸਿਤਮ ਜ਼ਰੀਫੀ ਹੀ ਹੈ ਕਿ ਪਾਲਦੀ ਪਿੰਡ ਵਸਾਉਣ ਵਾਲੇ ਮਾਇਓ ਸਿੰਘ ਦਾ ਜਨਮ ਵੀ 1 ਜੁਲਾਈ ਨੂੰ ਹੀ ਹੋਇਆ ਸੀ। ਇਸ ਦਿਨ ਕੈਨੇਡਾ ਡੇ ਵੀ ਹੁੰਦਾ ਹੈ। ਗੁਰਦਵਾਰਾ ਸਾਹਿਬ ਦਾ ਨਿਸ਼ਾਨ ਸਾਹਿਬ ਲੱਕੜ ਦਾ ਸੰਨ 1932 ਵਿੱਚ ਸਥਾਪਿਤ ਕੀਤਾ ਗਿਆ। ਗੁਰਦਵਾਰਾ ਸਾਹਿਬ ਦੇ ਮੁੱਖ ਦੁਆਰਾ ਲਾਗੇ ਇੱਕ ਪੁਰਾਤਨ ਖੂਹੀ ਹੈ, ਜੋ ਉਸ ਵਕਤ ਪਾਣੀ ਦੀ ਲੋੜ ਪੂਰੀ ਕਰਨ ਲਈ ਵਰਤੀ ਜਾਂਦੀ ਸੀ, ਇਹ ਖੂਹੀ ਅੱਜ ਵੀ ਮੌਜੂਦ ਹੈ। ਅੱਜ ਭਾਵੇਂ ਇਸ ਪਿੰਡ ਦੇ ਬਹੁਤਾਤ ਪਰਿਵਾਰ ਹੋਰਨਾਂ ਕਸਬਿਆਂ ਵਿੱਚ ਜਾ ਕੇ ਵਸ ਚੁੱਕੇ ਹਨ, ਪ੍ਰੰਤੂ ਇਕੱਲਾ ਗੁਰਦਵਾਰਾ ਸਾਹਿਬ ਹੀ ਪਾਲਦੀ ਪਿੰਡ ਦੀ ਹੋਂਦ ਦਾ ਇੱਕੋ ਇੱਕ ਗਵਾਹ ਹੈ।

ਘਣੇ ਜੰਗਲ਼ਾਂ ਵਿੱਚ ਘਿਰੇ ਇਸ ਪਿੰਡ ਬਾਰੇ ਇਹ ਵੀ ਇੱਕ ਹੈਰਾਨ ਕਰਨ ਵਾਲ਼ੀ ਗੱਲ ਹੈ ਕਿ ਪਿੰਡ ਦੀਆਂ ਗ਼ਲੀਆਂ ਦੇ ਨਾਮ ਮਾਇਓ ਪਰਿਵਾਰ ਦੇ ਬੱਚਿਆਂ ਦੇ ਨਾਮ ਤੇ ਰੱਖੇ ਗਏ ਸਨ, ਜਿਨਾਂ ਵਿੱਚੋਂ ਕੁੱਝ ਕੁ ਦੇ ਨਿਸ਼ਾਨ ਹਾਲੇ ਵੀ ਦਿਖਾਈ ਦਿੰਦੇ ਹਨ। ਗ਼ਲੀਆਂ ਦੇ ਨਾਮ ਬਿਸ਼ਨ ਰੋਡ, ਜਿੰਦੋ ਰੋਡ, ਰਣਜੀਤ ਰੋਡ, ਸਿੰਦੀ ਰੋਡ ਅਤੇ ਕਪੂਰ ਰੋਡ ਹਨ। ਹੋਰ ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਭਾਵੇਂ ਉਕਤ ਪਿੰਡ ਹੁਣ ਆਪਣਾਂ ਵਜੂਦ ਵੀ ਗਵਾ ਚੁੱਕਾ ਹੈ, ਲੇਕਿਨ ਪਿੰਡ ਦੀਆਂ ਗਲੀਆਂ ਦੇ ਨਾਮ ਹਾਲੇ ਵੀ ਗੂਗਲ ਮੈਪ ਤੇ ਦੇਖੇ ਜਾ ਸਕਦੇ ਹਨ। ਗੁਰਦਵਾਰਾ ਸਾਹਿਬ ਤੋਂ ਅੱਗੇ ਵੱਡ ਅਕਾਰੀ ਦਰੱਖਤਾਂ ਵਿੱਚ ਘਿਰਿਆ ਕੋਈ ਕੋਈ ਘਰ ਹੀ ਦਿਖਾਈ ਦਿੰਦਾ ਹੈ। ਹਰ ਐਤਵਾਰ ਡੰਕਨ ਤੋਂ ਕੁੱਝ ਸਿੱਖ ਪਰਿਵਾਰ ਏੱਥੇ ਆਕੇ ਗੁਰਦਵਾਰਾ ਸਾਹਿਬ ਵਿਖੇ ਹੋਣ ਵਾਲੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਦੇ ਹਨ, ਜਾਂ ਫਿਰ ਆਪਣਾਂ ਕੋਈ ਕਾਰ ਵਿਹਾਰ ਕਰਨ ਲਈ ਗੁਰਦਵਾਰਾ ਸਾਹਿਬ ਵਿਖੇ ਸਮਾਗਮ ਹੁੰਦਾ ਹੈ। ਹੁਸ਼ਿਆਰਪੁਰ ਜਿਲੇ ਦੇ ਆਦਮਪੁਰ ਲਾਗਲੇ ਪਿੰਡ ਘੁੜਿਆਲ਼ ਦੇ ਵਸਨੀਕ ਗਿਆਨੀ ਸੰਤੋਖ ਸਿੰਘ ਸੰਨ 1992 ਤੋਂ ਏਥੇ ਬਤੌਰ ਗ੍ਰੰਥੀ ਸੇਵਾ ਨਿਭਾਉਂਦੇ ਹਨ।

ਇੰਝ ਮਾਇਓ ਸਿੰਘ ਅਤੇ ਉਸਦੇ ਸਾਥੀਆਂ ਵਲੋਂ ਸਖਤ ਮਿਹਨਤ ਅਤੇ ਮੁਸ਼ੱਕਤ ਨਾਲ਼ ਵਸਾਇਆ ਗਿਆ ਪਾਲਦੀ ਪਿੰਡ ਵੀ ਮਾਇਓ ਸਿੰਘ ਤੋਂ ਜਾਣ ਬਾਅਦ ਥੋੜਾ ਸਮਾਂ ਹੀ ਵਸਦਾ ਰਹਿ ਸਕਿਆ ਹੈ। ਹੁਣ ਕੇਵਲ ਗੁਰਦਵਾਰਾ ਸਿੱਖ ਸੈਂਟਰ ਪਾਲਦੀ ਹੀ ਉਕਤ ਪਿੰਡ ਦੀ ਇੱਕੋ-ਇੱਕ ਵਿਰਾਸਤੀ ਨਿਸ਼ਾਨੀ ਬਚੀ ਹੈ।

ਸਰੀ, ਵੈਨਕੂਵਰ, ਵਿਕਟੋਰੀਆ, ਡੰਕਨ ਜਾਂ ਹੋਰਨਾਂ ਸ਼ਹਿਰਾਂ ਤੋਂ ਕੋਈ ਕੋਈ ਪੰਜਾਬੀ ਪਰਿਵਾਰ ਗੁਰਦਵਾਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਪਹਿਲਾਂ-ਪਹਿਲ ਪੰਜਾਬੀਆਂ ਵਲੋਂ ਘਾਲ਼ੀ ਗਈ ਘਾਲਣਾਂ ਨੂੰ ਸਜਦਾ ਕਰਦੇ ਹਨ।

-ਸਰੀ (ਕੈਨੇਡਾ)
778-980-9196

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇਂ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142






CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your construction site/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ!



# ਧਰਮ ਸਥਾਨ ਦੇ ਅੰਦਰ ਅਤੇ ਬਾਹਰ ਦੇ ਵਿਹਾਰ ਵਿੱਚ ਅੰਤਰ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਤਕਰੀਬਨ 90% ਲੋਕਾਂ ਦਾ ਧਰਮ ਅਸਥਾਨਾਂ ਦੇ ਅੰਦਰ ਵਿਹਾਰ ਹੋਰ ਹੁੰਦਾ ਹੈ ਤੇ ਬਾਹਰ ਹੋਰ। ਇਹ ਵੇਖ ਕੇ ਬੇਹੱਦ ਹੈਰਾਨੀ ਹੁੰਦੀ ਹੈ ਜਿਹੜਾ ਵਿਅਕਤੀ ਅੱਧਾ ਘੰਟਾ ਪਹਿਲਾਂ ਧਰਮ ਸਥਾਨ ਦੇ ਅੰਦਰ ਅੱਧ ਮੀਟੀਆਂ ਅੱਖਾਂ ਨਾਲ ਕਥਾ ਕੀਰਤਨ ਸੁਣਨ ਸਮੇਂ ਸ਼ਾਂਤੀ ਅਤੇ ਇਮਾਨਦਾਰੀ ਦਾ ਸਰੂਪ ਬਣ ਕੇ ਪ੍ਰਮਾਤਮਾਂ ਨਾਲ ਇੱਕ ਮਿੱਕ ਹੋਇਆ ਜਾਪਦਾ ਸੀ, ਉਹ ਬਾਹਰ ਆ ਕੇ ਕਿਸੇ ਗਰੀਬ ਰਿਕਸ਼ੇ ਵਾਲੇ ਨਾਲ ਦਸਾਂ ਰੁਪਿਆਂ ਪਿੱਛੇ ਝਗੜ ਰਿਹਾ ਹੈ। ਮਾਝੇ ਦਾ ਇੱਕ ਪ੍ਰਸਿੱਧ ਡੇਰਾ ਹੈ ਜਿੱਥੇ ਲੋਕ ਇੱਕ ਦੂਸਰੇ ਨੂੰ ਮਿਲਣ ਸਮੇਂ ਧਾਰਮਿਕ ਜੈਕਾਰਾ ਲਗਾ ਕੇ ਕਮਾਨ ਵਾਂਗ ਦੂਹਰੇ ਹੋ ਕੇ ਇੱਕ ਦੂਸਰੇ ਦੇ ਪੈਰਾਂ ਨੂੰ ਹੱਥ ਲਗਾਉਣ ਤੱਕ ਜਾਂਦੇ ਹਨ ਤੇ ਕਥਿੱਤ ਨਿਰਮਾਣਤਾ ਵਿੱਚ ਇੱਕ ਦੂਸਰੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੇ ਹਨ। ਪਰ ਸਮਾਗਮ ਖਤਮ ਹੋਣ ਤੋਂ ਬਾਅਦ ਉਹਨਾਂ ਲੋਕਾਂ ਦਾ ਵਰਤਾਰਾ ਬੱਸ ਅੱਡੇ 'ਤੇ ਵੇਖਣ ਵਾਲਾ ਹੁੰਦਾ ਹੈ ਕਿਵੇਂ ਬੱਸ ਦੀ ਸੀਟ ਮੱਲਣ ਪਿੱਛੇ ਫੰਡਿਓ ਫੰਡੀ ਹੋਣ ਤੱਕ ਜਾਂਦੇ ਹਨ।

ਮੈਂ ਕੁਝ ਦਿਨ ਪਹਿਲਾਂ ਅਨੰਦਪੁਰ ਸਾਹਿਬ ਵਿਖੇ ਇੱਕ ਧਰਮ ਸਥਾਨ 'ਤੇ ਪਰਿਵਾਰ ਸਮੇਤ ਮੱਥਾ ਟੇਕਣ ਲਈ ਗਿਆ ਸੀ। ਐਤਵਾਰ ਦਾ ਦਿਨ ਸੀ ਤੇ ਭੀੜ ਭੜੱਕਾ ਹੋਣ ਕਾਰਨ ਉਥੇ ਵੀ ਅਜਿਹਾ ਹੀ ਮਾਹੌਲ ਸੀ। ਧਰਮ ਸਥਾਨ ਦੇ ਅੰਦਰ ਲੋਕ ਹੱਥ ਜੋੜ ਕੇ ਬੇਹੱਦ ਅਨੁਸ਼ਾਸ਼ਨ ਨਾਲ ਮੱਥਾ ਟੇਕਣ ਲਈ ਆਪਣੀ ਵਾਰੀ ਦੀ ਉਡੀਕ ਵਿੱਚ ਅਰਾਮ ਨਾਲ ਖੜ੍ਹੇ ਸਨ। ਪਰ ਉਹ ਹੀ ਲੋਕ ਬਾਹਰ ਆ ਕੇ ਜੋੜਾਂ ਘਰ ਤੋਂ ਜੁੱਤੀਆਂ ਲੈਣ ਲਈ ਇੱਕ ਦੂਸਰੇ ਨਾਲ ਧੱਕਮ ਧੱਕਾ ਹੋ ਰਹੇ ਸਨ ਜਿਵੇਂ ਕਿਸੇ ਨੇ ਉਹਨਾਂ ਦੀ ਜੁੱਤੀ ਚੋਰੀ ਕਰ ਲੈਣੀ ਹੋਵੇ। ਕੁਝ ਲੋਕ ਤਾਂ ਧਾਰਮਿਕ ਮੇਲਿਆ ਵਿੱਚ ਸਿਰਫ ਔਰਤਾਂ ਨਾਲ ਛੇੜ ਛਾੜ ਕਰਨ ਵਾਸਤੇ ਹੀ ਜਾਂਦੇ ਹਨ। ਮੇਰੇ ਇੱਕ ਵਾਕਫ ਬੰਦੇ ਗੁਰਬੰਸ (ਕਾਲਪਨਿਕ ਨਾਮ) ਦੇ ਸਹੁਰੇ ਪਰਿਵਾਰ ਵਾਲੇ ਹਰਿਆਣੇ ਦੇ ਇੱਕ ਡੇਰੇ ਨੂੰ ਮੰਨਦੇ ਹਨ। ਪਰ ਉਸ ਦਾ ਇੱਕ ਸਾਲਾ ਜੈਲਾ (ਕਾਲਪਨਿਕ ਨਾਮ) ਥੋੜ੍ਹਾ ਜਿਹਾ ਤਰਕਸ਼ੀਲ ਵਿਚਾਰਾਂ ਵਾਲਾ ਅਗਾਂਹਵਧੂ ਕਿਸਮ ਦਾ ਇਨਸਾਨ ਹੈ। ਉਹ ਪਰਿਵਾਰ ਦੇ ਕਹਿਣ 'ਤੇ ਡੇਰੇ ਚਲਾ ਤਾਂ ਜਾਂਦਾ ਹੈ ਪਰ ਅੰਦਰੋ ਅੰਦਰੀ ਖਿਝਦਾ ਕ੍ਰਿਝਦਾ ਰਹਿੰਦਾ ਹੈ। ਗੁਰਬੰਸ ਦੀ ਸੱਸ ਤਾਰੋ (ਕਾਲਪਨਿਕ ਨਾਮ) ਥੋੜ੍ਹੀ ਕੰਮ ਚੋਰ ਕਿਸਮ ਦੀ ਔਰਤ ਹੈ। ਸਾਰਾ ਦਿਨ ਲੱਕ ਪੀੜ ਦਾ ਬਹਾਨਾ ਬਣਾ ਕੇ ਮੰਝੇ 'ਤੇ ਲੰਮੀ ਪਈ ਰਹਿੰਦੀ ਹੈ ਤੇ ਪਾਣੀ ਵੀ ਨੂੰਹਾਂ ਕੋਲੋਂ ਮੰਗਵਾ ਕੇ ਪੀਂਦੀ ਹੈ। ਇੱਕ ਵਾਰ ਸਾਰਾ ਪਰਿਵਾਰ ਡੇਰੇ ਗਿਆ ਤੇ ਖਿੱਚ ਧੂਹ ਕੇ ਜੈਲੇ ਨੂੰ ਵੀ ਨਾਲ ਲੈ ਗਏ। ਡੇਰੇ ਵਿੱਚ ਦੋ ਤਿੰਨ ਘੰਟੇ ਪ੍ਰਵਚਨ ਚੱਲਿਆ ਤੇ ਬਾਅਦ ਵਿੱਚ ਐਲਾਨ ਕੀਤਾ ਗਿਆ ਕਿ ਜਿਸ ਭਗਤ ਨੇ ਸਫਾਈ ਦੀ ਸੇਵਾ ਕਰਨੀ ਹੋਵੇ, ਉਹ ਝਾੜੂ ਲੈ ਲਵੇ। ਸਾਰਾ ਦਿਨ ਹਾਏ ਹਾਏ ਕਰਨ ਵਾਲੀ ਤਾਰੋ ਸਭ ਤੋਂ ਪਹਿਲਾਂ ਝਾੜੂ ਲੈਣ ਲਈ ਭੱਜ ਗਈ। ਜਦੋਂ ਜੈਲੇ ਨੇ ਆਪਣੀ ਮਾਂ ਨੂੰ ਮਸ਼ੀਨ ਵਾਂਗ ਝਾੜੂ ਫੇਰਦੇ ਹੋਏ ਵੇਖਿਆ ਤਾਂ ਉਸ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਨੇ ਤਾਰੋ ਕੋਲੋਂ ਝਾੜੂ ਖੋਹ ਪਰ੍ਹਾਂ ਵਗਾਹ ਮਾਰਿਆ ਤੇ ਬੋਲਿਆ ਕਿ ਘਰ ਤਾਂ ਕਦੇ ਤੂੰ ਮੇਜ 'ਤੇ ਕੱਪੜਾ ਨਹੀਂ ਮਾਰਿਆ, ਹੁਣ ਕਿੱਥੇ ਗਈ ਤੇਰੀ ਬਿਮਾਰੀ? ਜਦੋਂ ਵੀ ਕੋਈ ਸ਼ਰਧਾਲੂ ਕਿਸੇ ਧਰਮ ਸਥਾਨ ਦੇ ਦਰਸ਼ਨ ਕਰਨ ਜਾਂਦਾ ਹੈ ਤਾਂ ਉਸ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਥੋਂ ਕੋਈ ਧਾਰਮਿਕ ਵਸਤੂ ਨਿਸ਼ਾਨੀ ਦੇ ਤੌਰ 'ਤੇ ਖਰੀਦ ਲਈ ਜਾਵੇ। ਪਰ ਇਹ ਵੇਖਿਆ ਗਿਆ ਹੈ ਕਿ ਧਰਮ ਸਥਾਨਾਂ ਦੇ ਨਜ਼ਦੀਕ ਦੁਕਾਨਾਂ ਕਰਨ ਵਾਲੇ ਦੁਕਾਨਦਾਰ ਸਭ ਨਾਲੋਂ ਵੱਧ ਬੇਦਰਦੀ ਨਾਲ ਸ਼ਰਧਾਲੂਆਂ ਅਤੇ ਖਾਸ ਤੌਰ 'ਤੇ ਟੂਰਿਸਟਾਂ ਨੂੰ ਲੁੱਟਦੇ ਹਨ। ਤੜਕੇ 4 ਵਜੇ ਇਹ ਹੀ ਲੋਕ ਉਸ ਧਰਮ ਸਥਾਨ ਅੰਦਰ ਪੂਰੀ ਸ਼ਰਧਾ ਨਾਲ ਮੱਥਾ ਟੇਕ ਰਹੇ ਹੁੰਦੇ ਹਨ ਤੇ ਕੁਝ ਕੁ ਮਿੰਟਾਂ ਲਈ ਇਮਾਨਦਾਰੀ ਦੀ ਮੂਰਤ ਲੱਗਦੇ ਹਨ। ਜੇ ਇਹਨਾਂ ਨੂੰ ਧਰਮ ਸਥਾਨ ਦੀ ਹਦੂਦ ਅੰਦਰ ਕੋਈ ਪੈਸਾ ਟਕਾ ਡਿੱਗਿਆ ਹੋਇਆ ਮਿਲ ਜਾਵੇ ਤਾਂ ਬਹੁਤ ਹੀ ਸ਼ਰਧਾ ਨਾਲ ਗੋਲਕ ਵਿੱਚ ਪਾ ਦਿੰਦੇ ਹਨ ਪਰ ਦੁਕਾਨ ਦਾ ਸ਼ਟਰ ਚੁੱਕਦਿਆਂ ਸਾਰ ਇਮਾਨਦਾਰੀ ਤੇ ਧਰਮ ਕਰਮ ਹਵਾ ਹੋ ਜਾਂਦੇ ਹਨ।

ਸਾਡੇ ਸਮਾਜ ਵਿੱਚ ਸਭ ਤੋਂ ਪਵਿੱਤਰ ਸਥਾਨ ਸ਼ਮਸ਼ਾਨ ਘਾਟ ਨੂੰ ਮੰਨਿਆਂ ਜਾਂਦਾ ਕਿਉਂਕਿ ਇਥੇ ਆ ਕੇ ਹਰ ਇਨਸਾਨ ਦੀ ਜ਼ਿੰਦਗੀ ਦਾ ਸਫਰ ਪੂਰਾ ਹੋ ਜਾਂਦਾ ਹੈ। ਕੋਈ ਵਿਅਕਤੀ ਚਾਹੇ ਆਪਣੀ ਜ਼ਿੰਦਗੀ ਵਿੱਚ ਕਿਸੇ ਧਰਮ ਸਥਾਨ 'ਤੇ ਗਿਆ ਹੋਵੇ ਜਾਂ ਨਾ, ਪਰ ਆਖਰ ਹਰ ਕਿਸੇ ਨੂੰ ਇਥੇ ਆਉਣਾ ਹੀ ਪੈਂਦਾ ਹੈ। ਹਿੰਦੂ ਧਰਮ ਵਿੱਚ ਇਸ ਨੂੰ ਸ਼ਿਵ ਜੀ ਦਾ ਸਥਾਨ ਮੰਨ ਕੇ ਸ਼ਿਵਪੁਰੀ ਕਿਹਾ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਮੈਨੂੰ ਕਿਸੇ ਬਜ਼ੁਰਗ ਦੇ ਦਾਹ ਸੰਸਕਾਰ 'ਤੇ ਜਾਣਾ ਪਿਆ। ਮੇਰਾ ਇੱਕ ਸਾਥੀ ਉਸ ਬਜ਼ੁਰਗ ਦਾ ਅੰਤਿਮ ਸੰਸਕਾਰ ਹੁੰਦਾ ਵੇਖ ਕੇ ਕੁਝ ਜਿਆਦਾ ਹੀ ਭਾਵਕ ਹੋਇਆ ਪਿਆ ਸੀ। ਹਾਉਕਾ ਭਰ ਕੇ ਕਹਿਣ ਲੱਗਾ, ਉਲਉ ਜੀ, ਆਹ ਹੀ ਆ ਬੰਦੇ ਦਾ ਅਖੀਰ। ਇਨਸਾਨ ਸਾਰੀ ਉਮਰ ਲੋਭ ਲਾਲਚ ਵਿੱਚ ਪੈ ਕੇ ਪਾਪ ਕਰੀ ਜਾਂਦਾ, ਆਖਰ ਸਵਾਹ ਦੀ ਮੁੱਠ ਹੀ ਬਣ ਜਾਣਾ ਸਭ ਨੇ। ਸਭ ਕੁਝ ਐਥੇ ਹੀ ਰਹਿ ਜਾਣਾ, ਕੁਝ ਨਹੀਂ ਜਾਣਾ ਨਾਲ। ਐਵੇਂ ਮੇਰੀ ਮੇਰੀ ਕਰੀ ਜਾਂਦਾ ਬੰਦਾ।" ਸਾਰੇ ਉਸ ਦੇ ਵੈਰਾਗਮਈ ਪ੍ਰਵਚਨ ਸੁਣ ਕੇ ਸਹਿਮਤੀ ਨਾਲ ਸਿਰ ਹਿਲਾ ਰਹੇ ਸਨ।

ਜਦੋਂ ਸਾਰਾ ਕਿਰਿਆ ਕਰਮ ਨਿੱਬੜ ਗਿਆ ਤਾਂ ਵਾਪਸ ਜਾਣ ਲਈ ਉਹ ਮੇਰੀ ਗੱਡੀ ਵਿੱਚ ਬੈਠ ਗਿਆ ਕਿਉਂਕਿ ਮੇਰੇ ਨਾਲ ਹੀ ਆਇਆ ਸੀ। ਦਾਹ ਸੰਸਕਾਰ ਵੇਲੇ ਸ਼ਾਇਦ ਉਸ ਨੇ ਆਪਣਾ ਮੋਬਾਇਲ ਫੋਨ ਸਾਈਲੈਂਟ 'ਤੇ ਲਗਾਇਆ ਹੋਇਆ ਸੀ। ਉਸ ਨੇ ਫਟਾ ਫਟ ਮਿੱਸ ਕਾਲਾਂ ਵੇਖੀਆਂ ਤੇ ਇੱਕ ਨੰਬਰ 'ਤੇ ਫੋਨ ਲਗਾ ਲਿਆ। ਕੁਝ ਦੇਰ ਪਹਿਲਾਂ ਦੁਨੀਆਂ ਤੋਂ ਲਗਭਗ ਸੰਨਿਆਸ ਲੈਣ ਦੀ ਅਵਸਥਾ ਵਿੱਚ ਪਹੁੰਚਿਆ ਹੋਇਆ ਉਹ ਬੰਦਾ ਨੰਬਰ ਲੱਗਦਿਆਂ ਸਾਰ ਹੀ ਪਟਰ ਪਟਰ ਬੋਲਣ ਲੱਗਾ, ਉਹੈਂ ਕਿੰਨੇ ਨੂੰ? ਜਾ ਆਪਣਾ ਕੰਮ ਕਰ ਜਾ ਕੇ। 25000 ਤੋਂ ਇੱਕ ਰੁਪਈਆ ਘੱਟ ਨਹੀਂ ਲੈਣਾ ਗਜ਼ ਦਾ। ਪਲਾਟ ਤਾਂ ਵੇਖ ਕਿੰਨੇ ਟਿਕਾਣੇ 'ਤੇ ਆ। ਤੇਰੇ ਹੱਥ ਤੰਗ ਤੋਂ ਮੈਂ ਕੀ ਲੈਣਾ? ਮਹਿੰਗਾ ਲੱਗਦਾ ਆ ਤਾਂ ਕਿਸੇ ਹੋਰ ਕੋਲੋਂ ਲੈ ਲਾ ਜਾ ਕੇ ਸਸਤਾ।" ਉਸ ਨੇ ਅੱਧੇ ਪੌਣੇ ਘੰਟੇ ਦੇ ਸਫਰ ਦੌਰਾਨ ਅੱਠ ਦਸ ਫੋਨ ਲਗਾਏ ਜੋ ਸਾਰੇ ਹੀ ਲੋਭ ਲਾਲਚ ਅਤੇ ਮੋਹ ਮਾਇਆ ਦੇ ਮਾਮਲਿਆਂ ਸਬੰਧੀ ਸਨ।

# ਬੋਲ ਕਿ ਲਬ ਆਜ਼ਾਦ ਹੈਂ ਤੇਰੇ ਮਨੀਪੁਰ , ਤੂੰ ਕਿਉਂ ਜਲ ਰਿਹੈਂ ?



ਗੁਰਮੀਤ ਸਿੰਘ ਪਲਾਹੀ
9815802070

ਮਨੀਪੁਰ ਵਿੱਚ ਦੋ ਕਬਾਇਲੀ ਮਹਿਲਾਵਾਂ ਨੂੰ ਇੱਕ ਪਿੰਡ ਵਿੱਚ ਵੱਡੇ ਹਜ਼ੂਮ ਵਲੋਂ ਨੰਗਿਆਂ ਕਰਕੇ ਘੁੰਮਾਇਆ ਗਿਆ। ਇਹ ਘਟਨਾ ਚਾਰ ਮਈ 2023 ਦੀ ਹੈ, ਜਿਹੜੀ ਇੱਕ ਵੀਡੀਓ ਰਾਹੀਂ ਹੁਣ ਵਾਇਰਲ ਹੋਈ ਹੈ। ਵਿਸ਼ਵ ਭਰ ਵਿੱਚ ਇਸ ਘਟਨਾ ਦੀ ਨਿੰਦਿਆਂ ਹੋਈ ਹੈ। 'ਮਹਾਨ ਦੇਸ਼ ਭਾਰਤ' ਸ਼ਰਮਸਾਰ ਹੋਇਆ ਹੈ।

ਵੀਡੀਓ ਵਿਚਲੀਆਂ ਦੋ ਮਹਿਲਾਵਾਂ 'ਚੋਂ ਇੱਕ ਸਾਬਕਾ ਫੌਜੀ ਦੀ ਪਤਨੀ ਹੈ। ਇਸ ਫੌਜੀ ਨੇ ਕਾਰਗਿਲ ਜੰਗ ਲੜੀ ਸੀ। ਉਸਨੂੰ ਇਸ ਗੱਲ ਦਾ ਝੋਰਾ ਖਾ ਰਿਹਾ ਹੈ ਕਿ ਉਸਨੇ ਆਪਣੇ ਦੇਸ਼ ਨੂੰ ਤਾਂ ਮਹਿਫੂਜ਼ ਕਰ ਲਿਆ ਪਰ ਆਪਣੀ ਪਤਨੀ ਨੂੰ ਬੇਇੱਜ਼ਤ ਹੋਣ ਤੋਂ ਨਹੀਂ ਬਣਾ ਸਕਿਆ। ਇਸ ਮੁੱਦੇ ਦੇ ਵੀਡੀਓ ਵਾਇਰਲ ਹੁੰਦਿਆਂ ਹੀ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੰਦਿਆਂ ਚਿਤਾਵਨੀ ਦਿੱਤੀ ਗਈ ਕਿ ਜੇਕਰ ਉਹਨਾ ਵਲੋਂ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਸੁਪਰੀਮ ਕੋਰਟ ਆਪ ਕਾਰਵਾਈ ਕਰੇਗੀ। ਹੁਣ ਕੁਝ ਦਿਨਾਂ 'ਚ ਹੀ ਪੰਜ ਕਥਿਤ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ। ਦੋ ਮਹੀਨਿਆਂ ਤੋਂ ਵੱਧ ਸਮੇਂ ਬੀਤਣ ਬਾਅਦ ਵੀ ਆਖ਼ਰ ਸਰਕਾਰਾਂ ਨੇ ਕਾਰਵਾਈ ਕਿਉਂ ਨਹੀਂ ਕੀਤੀ? ਸਵਾਲ ਵੱਡਾ ਹੈ।

ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਉਹ ਬਹੁਤ ਗੁੱਸੇ 'ਚ ਹਨ ਅਤੇ ਇਹ ਘਟਨਾ ਸ਼ਰਮਨਾਕ ਹੈ। ਇਸ ਘਟਨਾ ਸਬੰਧੀ ਵਿਸ਼ਵ ਪ੍ਰਸਿੱਧ ਅਖ਼ਬਾਰ 'ਦੀ ਟੈਲੀਗ੍ਰਾਫ' ਨੇ ਪਹਿਲੇ ਸਫ਼ੇ 'ਤੇ ਮਗਰਮੱਛ ਦੀ ਫੋਟੋ ਛਾਪਕੇ 79 ਦਿਨਾਂ ਦੀ ਕਾਰਵਾਈ ਛਾਪਕੇ ਲਿਖਿਆ ਹੈ ਕਿ ਆਖ਼ਰ ਘਟਨਾ ਦੇ 79 ਵੇਂ ਦਿਨ ਮਨੀਪੁਰ, ਜੋ ਜਲ ਰਿਹਾ ਹੈ, ਸਬੰਧੀ 'ਮਗਰਮੱਛ ਦੇ ਹੰਝੂ' ਵਹਾਏ ਗਏ ਹਨ। ਇਹ ਅੱਥਰੂ ਕਿਸਦੇ ਹਨ, ਹਰ ਕੋਈ ਸਮਝ ਸਕਦਾ ਹੈ।

ਮਨੀਪੁਰ ਦੇ ਮੁੱਖ ਮੰਤਰੀ ਐਨ.ਬੀਰੇਨ ਨੇ ਮਨੀਪੁਰ 'ਚ ਵਾਪਰੀਆਂ ਘਟਨਾਵਾਂ ਸਬੰਧੀ ਕਿਹਾ ਕਿ ਸੂਬੇ ਮਨੀਪੁਰ 'ਚ ਇਹਨਾ ਦਿਨਾਂ 'ਚ ਸੈਂਕੜੇ ਘਟਨਾਵਾਂ ਵਾਪਰੀਆਂ ਹਨ। ਉਹਨਾ ਕਿਹਾ ਕਿ ਇਹਨਾ ਘਟਨਾਵਾਂ ਸਬੰਧੀ ਐਫ.ਆਈ.ਆਰ.(ਮੁਢਲੀਆਂ ਰਿਪੋਰਟਾਂ) ਦਰਜ਼ ਕੀਤੀਆਂ ਗਈਆਂ ਹਨ। ਪਰ ਜਿਸ ਢੰਗ ਨਾਲ ਮਨੀਪੁਰ 'ਚ ਪੁਲਿਸ/ ਸਿਵਲ ਪ੍ਰਸ਼ਾਸ਼ਨ ਕੰਮ ਕਰ ਰਹੀ ਹੈ, ਉਸਦੀ ਇੱਕ ਮਿਸਾਲ ਇਹ ਹੈ ਕਿ ਇੱਕ ਕਬਾਇਲੀ ਮਹਿਲਾ ਨੇ ਸੈਕੁਲ ਥਾਣੇ 'ਚ ਸ਼ਿਕਾਇਤ ਦਰਜ਼ ਕਰਵਾਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਚਾਰ ਮਈ 2023 ਨੂੰ ਕੋਨੂ ਮਾਰਗ ਨੇੜੇ ਕਿਰਾਏ ਦੇ ਮਕਾਨ 'ਚ ਉਸਦੀ 21 ਸਾਲਾ ਧੀ ਅਤੇ ਧੀ ਦੀ 24 ਸਾਲਾ ਦੋਸਤ ਦਾ ਜਬਰ ਜਨਾਹ ਕੀਤਾ ਗਿਆ ਅਤੇ ਫਿਰ ਉਸ ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਵਲੋਂ ਇਸ ਸਬੰਧੀ 16 ਮਈ 2023 ਨੂੰ ਐਫ.ਆਈ.ਆਰ. ਦਰਜ ਕੀਤੀ ਗਈ। ਇਸ ਔਰਤ ਨੇ ਦੋਸ਼ ਲਾਇਆ ਕਿ 4 ਮਈ 2023 ਨੂੰ ਦੋਵਾਂ ਲੜਕੀਆਂ ਨਾਲ ਬਹੁ-ਗਿਣਤੀ ਭਾਈਚਾਰੇ ਦੇ ਨਾਲ ਸਬੰਧਤ ਵਿਅਕਤੀਆਂ ਨੇ ਜਬਰ ਜਨਾਹ ਕੀਤਾ। ਪਰ ਸਮੂਹਿਕ ਜਬਰ ਜਨਾਹ ਨਾਲ ਸਬੰਧਤ ਧਾਰਾ, ਕੇਸ ਦਰਜ਼ ਕਰਨ ਲੱਗਿਆਂ, ਦਰਜ਼ ਨਹੀਂ ਕੀਤੀ ਗਈ, ਪੁਲਿਸ ਵਲੋਂ ਮਾਮਲਾ ਦਬਾਉਣ ਦੀ ਕੋਸ਼ਿਸ਼ ਹੋਈ ਹੈ।

ਮਨੀਪੁਰ 'ਚ ਹਿੰਸਾ ਦੌਰਾਨ 150 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। 5000 ਘਰ ਸਾੜੇ ਜਾ ਚੁੱਕੇ ਹਨ। 60,000 ਲੋਕ ਘਰ ਛੱਡਕੇ ਹੋਰ ਸੁਰੱਖਿਅਤ ਥਾਵਾਂ 'ਤੇ ਨਿਵਾਸ ਕਰ ਰਹੇ ਹਨ। ਮਨੀਪੁਰ ਹਿੰਸਾ ਨਾਲ ਝੰਭਿਆ ਪਿਆ ਹੈ। ਮਨੀਪੁਰ 'ਚ ਪਿਛਲੇ ਕੁਝ ਮਹੀਨਿਆਂ ਤੋਂ ਕੁਕੀ ਅਤੇ ਮੈਤੇਈ ਭਾਈਚਾਰਿਆਂ ਵਿਚਕਾਰ ਟਕਰਾਅ ਚੱਲ ਰਿਹਾ ਹੈ। ਨਫ਼ਰਤ, ਸਾੜੇ ਦੇ ਬੱਦਲ ਪੂਰੇ ਮਨੀਪੁਰ 'ਤੇ ਛਾਏ ਹੋਏ ਹਨ। ਆਖਰ ਕੌਣ ਜ਼ਿੰਮੇਵਾਰ ਹੈ ਇਸ ਨਫ਼ਰਤੀ ਮਾਹੌਲ ਦਾ?



ਮਨੀਪੁਰ 'ਚ ਘਟਨਾਵਾਂ ਤਾਂ ਸੈਂਕੜੇ ਵਾਪਰੀਆਂ ਹਨ ਜਾਂ ਵਾਪਰ ਰਹੀਆਂ ਹਨ ਪਰ ਔਰਤਾਂ ਉਤੇ ਜਬਰ ਜਨਾਹ ਦੀਆਂ ਘਟਨਾਵਾਂ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਵਾਪਰੀਆਂ ਇਹੋ ਜਿਹੀਆਂ ਘਟਨਾਵਾਂ ਦੀ ਯਾਦ ਤਾਜਾ ਕਰ ਰਹੀਆਂ ਹਨ, ਜਦੋਂ ਸਿੱਖਾਂ ਦਾ ਕਤਲੇਆਮ ਇਸੇ ਕਿਸਮ ਦੀਆਂ ਭੀੜਾਂ ਵਲੋਂ ਕੀਤਾ ਗਿਆ, ਉਹਨਾ ਦੇ ਘਰ ਸਾੜੇ ਗਏ। ਗਲਾਂ 'ਚ ਟਾਇਰ ਪਾਕੇ ਅੱਗ ਲਾਕੇ ਉਹਨਾ ਨੂੰ ਸਾੜਿਆ ਗਿਆ। ਸਿੱਖ ਔਰਤਾਂ ਨਾਲ ਸ਼ਰੇਆਮ ਬਲਤਕਾਰ ਹੋਏ। ਸੜਕਾਂ ਉਤੇ ਸ਼ਰੇਆਮ ਦਹਿਸ਼ਤੀ ਮਾਹੌਲ ਬਣਾਇਆ ਗਿਆ। ਇਹ ਸਭ ਕੁਝ ਹਾਕਮ ਧਿਰਾਂ ਦੇ ਪਾਲੇ "ਯੋਧਿਆਂ" ਦੀ ਕਮਾਨ ਹੇਠ ਹੋਇਆ। ਮਨੀਪੁਰ ਦੀਆਂ ਘਟਨਾਵਾਂ ਵੀ "ਹਾਕਮ ਟੋਲੇ" ਦੀ ਸ਼ਹਿ ਉਤੇ ਹੋਣ ਦੇ ਸਪਸ਼ਟ ਸੰਕੇਤ ਹਨ, ਕਿਉਂਕਿ ਜਿਹਨਾ ਦੋ ਔਰਤਾਂ ਨੂੰ ਨੰਗੇ ਘੁਮਾਇਆ ਗਿਆ, ਉਹਨਾ ਨੂੰ ਪਹਿਲਾਂ ਪੁਲਿਸ ਨੇ ਆਪਣੇ ਗੱਡੀ 'ਚ ਬੈਠਾਇਆ, ਫਿਰ ਥੋੜ੍ਹੀ ਦੇਰ ਬਾਅਦ 'ਚ ਭੀੜ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਪੀੜਤ ਔਰਤਾਂ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਹੈ।

ਜਦੋਂ ਮਨੀਪੁਰ ਸੜ ਰਿਹਾ ਸੀ। ਕੇਂਦਰ ਸਰਕਾਰ ਚੁੱਪ ਰਹੀ। ਸਰਕਾਰੀ ਅਸਲਾ ਖਾਨੇ ਵਿਚੋਂ 4000 ਸਵੈਚਾਲਿਤ ਹਥਿਆਰ ਅਤੇ ਗੋਲੀ ਬਰੂਦ ਲੁੱਟ ਲਿਆ ਗਿਆ, ਪਰ ਸੁਰੱਖਿਆ ਬਲ ਹੱਥ 'ਤੇ ਹੱਥ ਧਰਕੇ ਬੈਠੇ ਰਹੇ। ਦੇਸ਼ ਦੇ ਗ੍ਰਹਿ ਮੰਤਰੀ ਇੱਕ ਵੇਰ ਮਨੀਪੁਰ ਦੇ ਦੌਰੇ 'ਤੇ ਗਏ ਪਰ ਕੋਈ ਸਖ਼ਤ ਕਦਮ ਨਹੀਂ ਚੁੱਕਿਆ, ਜਿਸ ਨਾਲ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਆਖ਼ਿਰ ਉਪਰਲੀ, ਹੇਠਲੀ ਸਰਕਾਰ ਨੇ ਇਹਨਾ ਘਟਨਾਵਾਂ 'ਤੇ ਚੁੱਪੀ ਕਿਉਂ ਵੱਟੀ ਰੱਖੀ?

ਮਨੀਪੁਰ, ਭਾਰਤ ਦੇ ਉੱਤਰ,ਪੂਰਬ ਵਿੱਚ ਸਰਹੱਦੀ ਸੂਬਾ ਹੈ, ਜਿਸ ਦੀ 352 ਕਿਲੋਮੀਟਰ ਹੱਦ ਅੰਤਰਰਾਸ਼ਟਰੀ ਸਰਹੱਦਾਂ ਨਾਲ ਲਗਦੀ ਹੈ। ਇਸ ਦੇ ਉੱਤਰ ਵਿੱਚ ਨਾਗਾਲੈਂਡ, ਦੱਖਣ 'ਚ ਮੀਜ਼ੋਰਮ, ਪੂਰਬ 'ਚ ਮੀਆਂਮਾਰ ਅਤੇ ਪੱਛਮ 'ਚ ਆਸਾਮ ਦਾ ਇੱਕ ਜਿਲਾ ਕੱਚਰ ਲਗਦਾ ਹੈ।

ਮੌਜੂਦਾ ਘਟਨਾਵਾਂ ਦਾ ਆਰੰਭ ਉਸ ਵੇਲੇ ਹੋਇਆ ਜਦੋਂ ਸੂਬੇ ਦੇ ਦੋ ਗਰੁੱਪਾਂ ਕੁੱਕੀ ਅਤੇ ਮੈਤੇਈ ਗਰੁੱਪਾਂ 'ਚ ਹਿੰਸਕ ਝੜਪਾਂ ਤਿੰਨ ਮਈ 2023 ਨੂੰ ਆਰੰਭ ਹੋਈਆਂ। ਆਪਸੀ ਝੜਪਾਂ ਦਾ ਤਤਕਾਲੀ ਕਾਰਨ ਇਹ ਬਣਿਆ ਕਿ ਜਿਸ ਕੁੱਕੀ ਭਾਈਚਾਰੇ ਅਤੇ ਨਾਗਾ ਕਬੀਲਿਆਂ ਨੂੰ ਸ਼ਡਿਊਲਡ ਕਬੀਲੇ ਮੰਨਕੇ ਸਰਕਾਰ ਵਲੋਂ ਸਹੂਲਤਾਂ ਮਿਲਦੀਆਂ ਸਨ, ਉਹਨਾ ਵਿੱਚ ਮੈਤੇਈ ਕਬੀਲਿਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਤਾਂ ਕਿ ਉਹਨਾ ਨੂੰ ਵੀ ਬਣਦੇ ਆਰਥਿਕ ਲਾਭ ਮਿਲ ਸਕਣ। ਮੈਤੇਈ ਭਾਈਚਾਰਾ ਪਿਛਲੇ ਇੱਕ ਦਹਾਕੇ ਤੋਂ ਇਸਦੀ ਮੰਗ ਕਰ ਰਿਹਾ ਸੀ।

ਇਸ ਮੰਗ ਨੂੰ ਅਪ੍ਰੈਲ 2023 ਨੂੰ ਉਦੋਂ ਬੱਲ ਮਿਲਿਆ ਜਦੋਂ ਮਨੀਪੁਰ ਹਾਈਕੋਰਟ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਹ ਮੰਗ ਮੰਨੀ ਜਾਏ। ਅਤੇ ਇਸੇ ਸਾਲ ਮਈ ਦੇ ਅੱਧ ਤੱਕ ਲਾਗੂ ਕੀਤੀ ਜਾਵੇ। ਇਸ ਤਹਿਤ ਮੈਤੇਈ ਕਬੀਲੇ ਨੂੰ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਹਿੱਸਾ ਮਿਲ ਜਾਣਾ ਹੈ, ਜਿਹੜਾ ਪਹਿਲਾਂ ਸਿਰਫ਼ ਕੁੱਕੀ ਅਤੇ ਨਾਗਾ ਕਬੀਲਿਆਂ ਨੂੰ ਮਿਲਦਾ ਹੈ।

ਕੁੱਕੀ ਅਤੇ ਨਾਗਾ ਕਬੀਲੇ ਪਹਾੜੀ ਹਿੱਸੇ 'ਚ ਰਹਿੰਦੇ ਹਨ ਜਿਹੜੇ ਕੁੱਲ ਮਨੀਪੁਰ ਆਬਾਦੀ ਦਾ 43 ਫ਼ੀਸਦੀ ਹਨ ਅਤੇ ਉਸ ਖਿੱਤੇ 'ਚ ਰਹਿੰਦੇ ਹਨ ਜਿਹੜਾ ਕਿ ਵਿਕਸਤ ਨਹੀਂ ਹੈ ਜਦਕਿ ਮੈਤੇਈ ਕਬੀਲੇ ਦੇ ਲੋਕ (ਜਿਹਨਾ ਦੀ ਆਬਾਦੀ ਸੂਬੇ ਦੀ ਆਬਾਦੀ 'ਚੋਂ ਅੱਧ ਤੋਂ ਵੱਧ ਹੈ) ਵਿਕਸਿਤ ਇਲਾਕਿਆਂ 'ਚ ਰਹਿੰਦੇ ਹਨ। ਮਨੀਪੁਰ ਸੂਬੇ 'ਚ ਭਾਰਤੀ ਜਨਤਾ ਪਾਰਟੀ ਦਾ ਰਾਜ ਸਾਸ਼ਨ ਹੈ। ਅਤੇ ਇਥੋਂ ਦਾ ਮੁੱਖ ਮੰਤਰੀ ਬੀਰੇਨ ਸਿੰਘ, ਮੈਤੇਈ ਕਬੀਲੇ ਦਾ ਹੈ ਅਤੇ ਕੁੱਕੀ ਕਬੀਲੇ ਦੇ ਲੋਕਾਂ ਦਾ ਇਲਜ਼ਾਮ ਹੈ ਕਿ ਇਹ ਸਭ ਕੁਝ ਦੇ ਪਿੱਛੇ ਮੈਤੇਈ ਮੁੱਖ ਮੰਤਰੀ ਬੀਰੇਨ ਸਿੰਘ ਦੀ ਸਾਜ਼ਿਸ਼ ਹੈ ਅਤੇ ਉਹ ਹੀ ਇਹੋ ਜਿਹੀਆਂ ਘਟਨਾਵਾਂ ਖ਼ਾਸ ਕਰਕੇ ਪੁਲਿਸ ਪ੍ਰਸਾਸ਼ਨ ਨੂੰ ਚੁੱਪ ਕਰਾਉਣ-ਕਰਨ ਦੇ ਜ਼ਿੰਮੇਵਾਰ ਹਨ, ਜਿਹਨਾ ਦੀ ਸੂਬੇ 'ਚ ਸ਼ਾਂਤੀ ਬਹਾਲ ਕਰਨ ਦੀ ਜ਼ਿੰਮੇਵਾਰੀ ਹੈ।



ਇਸ ਵੇਲੇ ਮਨੀਪੁਰ ਗ੍ਰਹਿ ਯੁੱਧ ਝੱਲ ਰਿਹਾ ਹੈ। ਬਾਵਜੂਦ ਵੱਡੀ ਗਿਣਤੀ ਪੈਰਾ ਮਿਲਟਰੀ ਫੋਰਸਿਸ ਦੀ ਤਾਇਨਾਤੀ ਦੇ ਪੁਲਿਸ ਅਸਲਾ ਲੁੱਟਿਆ ਗਿਆ ਹੈ, ਸੈਂਕੜੇ ਚਰਚ ਅਤੇ ਇੱਕ ਦਰਜਨ ਮੰਦਿਰ ਅਤੇ ਗਏ ਹਨ।ਨਾਗਾ ਅਤੇ ਕੁੱਕੀ ਕਬੀਲਾ ਈਸਾਈ ਹੈ, ਮੈਤੇਈ ਬਹੁਤਾ ਕਰਕੇ ਹਿੰਦੂ ਹਨ, ਪਰ ਮੌਜੂਦਾ ਸੰਘਰਸ਼ ਧਾਰਮਿਕ ਨਹੀਂ ਹੈ।

ਭਾਵੇਂ ਲੰਮੇ ਸਮੇਂ ਤੋਂ ਮੈਤੇਈ, ਕੁੱਕੀ, ਨਾਗਾ ਕਬੀਲੇ ਇੱਕ-ਦੂਜੇ ਨਾਲ ਵੈਰ ਵਿਰੋਧ ਦੇ ਹੁੰਦਿਆਂ ਵੀ ਆਪਣੇ ਲਈ ਹੋਮ ਲੈਂਡ ਲਈ ਭਾਰਤ ਦੇ ਸੁਰੱਖਿਆ ਬਲਾਂ ਨਾਲ ਲੜਦੇ ਰਹੇ ਹਨ, ਪਰ ਹੁਣ ਵਾਲੀਆਂ ਘਟਨਾਵਾਂ ਪਿੱਛੇ ਹੋਰ ਵੀ ਵੱਡੇ ਕਾਰਨ ਹਨ, ਜਿਹਨਾ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਉਹਨਾ ਵਿੱਚ ਫੈਲੀ ਅਸੰਤੁਸ਼ਟਤਾ ਹੈ। ਇਹ ਮਨੀਪੁਰ ਦੇ ਸਾਰੇ ਵਰਗਾਂ ਦੇ ਲੋਕਾਂ 'ਚ ਹੈ। ਭਾਵੇਂ ਉਹ ਕਿਸੇ ਵੀ ਕਬੀਲੇ ਦੇ ਹਨ। ਜਿਹੋ ਜਿਹੀ ਗੰਭਿਰ ਸਥਿਤੀ ਮਨੀਪੁਰ ਵਿੱਚ ਬਣੀ ਹੋਈ ਹੈ, ਉਹ ਚਿੰਤਾ ਜਨਕ ਹੈ। ਇਹੋ ਜਿਹੇ ਸਮਿਆਂ 'ਚ ਹਾਕਮਾਂ ਦੀ ਚੁੱਪੀ ਪ੍ਰੇਸ਼ਾਨ ਕਰਦੀ ਹੈ। ਦੇਸ਼ ਵਿੱਚ ਘੱਟ ਗਿਣਤੀ ਨੂੰ ਸਬਕ ਸਿਖਾਉਣ ਦਾ ਜੋ ਵਰਤਾਰਾ ਚਲ ਰਿਹਾ ਹੈ, ਉਸਦੀ ਝਲਕ ਮਨੀਪੁਰ 'ਚ ਵਿਖਾਈ ਦੇ ਰਹੀ ਹੈ।

ਮਨੀਪੁਰ ਵਿੱਚ ਵਸਦੇ ਕੁਕੀ ਤੇ ਮੈਤੇਈ ਭਾਈਚਾਰਿਆਂ 'ਚ ਸ਼ੱਕ, ਨਫ਼ਰਤ, ਹਿੰਸਾ ਦਾ ਮਾਹੌਲ ਹੈ। ਇਸੇ ਕਰਕੇ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਦਿਨੋ-ਦਿਨ ਵੱਧ ਰਹੀਆਂ ਹਨ। ਦੋਹਾਂ ਧਿਰਾਂ 'ਚ ਆਪਸੀ ਭਰੋਸਾ ਪੈਦਾ ਕਰਨ ਦੇ ਕੋਈ ਯਤਨ ਨਹੀਂ ਹੋ ਰਹੇ। ਨਾ ਸਰਕਾਰੀ, ਨਾ ਹੀ ਗੈਰ ਸਰਕਾਰੀ, ਨਾ ਸਿਆਸੀ।ਸਵਾਲਾਂ ਦਾ ਸਵਾਲ ਇਹ ਹੈ ਕਿ ਭਾਰਤ ਦਾ ਗ੍ਰਹਿ ਵਿਭਾਗ ਇਹਨਾ ਵਾਪਰੀਆਂ ਘਟਨਾਵਾਂ 'ਤੇ ਚੁੱਪ ਕਿਉਂ ਹੈ? ਕੀ ਜੇਕਰ ਇਹ ਮਹਿਲਾਵਾਂ ਵਾਲੀ ਵੀਡੀਓ ਵਾਇਰਲ ਨਾ ਹੁੰਦੀ ਤਾਂ ਕੀ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪ ਹੀ ਬੈਠਾ ਰਹਿੰਦਾ? ਉਹ 79ਵੇਂ ਦਿਨ ਹੀ 4 ਮਈ ਦੀ ਸ਼ਰਮਨਾਕ ਘਟਨਾ 'ਤੇ ਕਿਉਂ ਬੋਲਿਆ? 4 ਮਈ 2023 ਦੀ ਘਟਨਾ ਸਬੰਧੀ ਦੇਸ਼ ਦਾ ਮੀਡੀਆ ਚੁੱਪ ਕਿਉਂ ਬੈਠਾ ਰਿਹਾ? ਕੀ ਦੇਸ਼ ਦੀਆਂ ਸਮਾਚਾਰ ਏਜੰਸੀਆਂ, ਵੱਡੇ-ਵੱਡੇ ਪ੍ਰਿੰਟ ਮੀਡੀਆ ਦੇ ਅਖ਼ਬਾਰ, ਚੈਨਲ ਇਹਨਾ ਘਟਨਾਵਾਂ ਦੀ ਥਾਹ ਹੀ ਨਾ ਪਾ ਸਕੇ?

ਗੋਦੀ ਮੀਡੀਆ ਨੇ ਤਾਂ ਚੁੱਪ ਵੱਟ ਕੇ ਬੈਠੇ ਹੀ ਰਹਿਣਾ ਸੀ, ਪਰ ਦੂਜਾ ਮੀਡੀਆ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਲੋਕਾਂ ਸਾਹਮਣੇ ਕਿਉਂ ਨਹੀਂ ਲੈ ਕੇ ਆ ਸਕਿਆ? ਆਖ਼ਰ ਸੋਸ਼ਲ ਮੀਡੀਆ ਹੀ ਇਹੋ ਜਿਹੀਆਂ ਸ਼ਰਮਨਾਕ ਘਟਨਾਵਾਂ ਉਤੋਂ ਪਰਦਾ ਚੁੱਕ ਸਕਿਆ ਹੈ।

ਇਥੇ ਹੈਰਾਨੀ ਵਾਲਾ ਸਵਾਲ ਸਿਆਸੀ ਆਗੂਆਂ ਨੂੰ ਵੀ ਪੁੱਛਿਆ ਜਾਣਾ ਬਣਦਾ ਹੈ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਕਿ ਉਹ ਮਨੁੱਖ ਮਾਰੂ ਔਰਤ ਵਿਰੋਧੀ, ਨਫਰਤ ਫੈਲਾਉਣ ਵਾਲੇ ਲੋਕਾਂ ਵਿਰੁੱਧ ਸਮੇਂ ਸਿਰ ਕਿਉਂ ਨਾ ਬੋਲ ਸਕੇ? ਕੀ ਇਸ ਘਟਨਾਵਾਂ ਦੀ ਸੂਚਨਾ ਉਹਨਾ ਤੱਕ ਪਹਿਲਾਂ ਨਹੀਂ ਪਹੁੰਚੀ? ਜਾਪਦਾ ਹੈ ਮਨੁੱਖ ਦਾ ਲਹੂ ਸਫੈਦ ਹੋ ਗਿਆ ਹੈ।

ਸਵਾਲ ਤਾਂ ਇਹ ਵੀ ਹੈ ਕਿ ਕਿਉਂ ਸਾਡੇ ਸਮਾਜ ਨੇ ਰੂੜੀਵਾਦੀ, ਭਰਾ ਮਾਰੂ, ਨਫਰਤੀ ਵਰਤਾਰੇ ਨੂੰ ਧਰਮ, ਜਾਤ ਦੇ ਨਾਅ 'ਤੇ ਵਧਣ ਫੁੱਲਣ ਦਿੱਤਾ ਹੋਇਆ ਹੈ? ਕਿਉਂ ਦੇਸ਼ ਦਾ ਬੁੱਧੀਜੀਵੀ, ਲੇਖਕ, ਸਭਿਅਕ ਆਗੂ, ਚੇਤੰਨ ਲੋਕ, ਭਾਰਤੀ ਪਰੰਪਰਾਵਾਂ ਦੇ ਹਿੱਤ 'ਚ ਬੋਲਣ ਦੀ ਥਾਂ ਡਰ ਦੇ ਮਾਹੌਲ 'ਚ ਜੀਊਣਾ ਸਿੱਖ ਰਹੇ ਹਨ।

ਫਿਲਾਸਫਰ ਸਾਰਤਰ ਦੇ ਸ਼ਬਦ ਯਾਦ ਆਉਂਦੇ ਹਨ, " ਸੱਤਾਧਾਰੀ, ਸਾਡੀਆਂ ਜਬਾਨਾਂ ਬੰਦ ਕਰਨ 'ਤੇ ਲੱਗੇ ਹੋਏ ਹਨ। ਅਸੀਂ ਚੁੱਪ ਹਾਂ। ਅਸੀਂ ਹਰ ਵੇਲੇ ਕੈਦ, ਜਲਾਵਤਨੀ ਤੇ ਮੌਤ ਬਾਰੇ ਸੋਚਣ 'ਤੇ ਮਜ਼ਬੂਰ ਕਰ ਦਿੱਤੇ ਗਏ ਹਾਂ। ਅੱਜ ਹਰ ਪਾਸੇ-ਕੰਧਾਂ 'ਤੇ, ਅਖ਼ਬਾਰਾਂ ਵਿੱਚ, ਮੀਡੀਆ ਤੇ, ਸਾਨੂੰ ਆਪਣੀ ਬੇਪੱਤੀ ਵਾਲੀ ਤਸਵੀਰ ਵੇਖਣ ਨੂੰ ਮਿਲ ਰਹੀ ਹੈ, ਜੋ ਕਿ ਸਾਡੇ ਹੁਕਮਰਾਨਾ ਸਾਨੂੰ ਕਬੂਲ ਕਰਾਉਣਾ ਚਾਹੁੰਦੇ ਹਨ।"

ਇਹ ਸਭ ਕੁਝ ਕਦੇ ਫਰਾਂਸ 'ਚ ਵਾਪਰਦਾ ਸੀ, ਅੱਜ ਇਥੇ ਵਾਪਰ ਰਿਹਾ ਹੈ। ਕੀ ਭਾਰਤੀ ਬੇਬਸ ਹੋ ਗਏ ਹਨ।

"ਬੋਲ ਕਿ ਲਬ ਆਜ਼ਾਦ ਹੈਂ ਤੇਰੇ,
ਬੋਲ ਜ਼ਬਾਂ ਅਬ ਤਕ ਤੇਰੀ ਹੈ,"-
ਫ਼ੈਜ਼ ਅਹਿਮਦ ਫ਼ੈਜ਼

# ਤੀਆਂ ਦੀ ਬਦਲਦੀ ਨੁਹਾਰ




ਧੀਆਂ ਦੀ ਜੀਵਨਸੈਲੀ ਬਦਲੀ ਤਾਂ ਤੀਆਂ ਵੀ ਬਦਲੀਆਂ। ਵੈਸੇ ਤਾਂ ਸਮੇਂ ਦੇ ਨਾਲ ਨਾਲ ਸਭ ਕੁਝ ਬਦਲਦਾ ਰਹਿੰਦਾ ਹੈ। ਉਂਝ ਕਿਹਾ ਵੀ ਜਾਂਦਾ ਹੈ ਕਿ ਵਕਤ ਦਾ ਸੰਗੀ ਬਣਨਾ ਪ੍ਰਗਤੀ ਦੀ ਨਿਸਾਨੀ ਹੁੰਦੀ ਹੈ। ਜੇ ਦੇਖਿਆ ਜਾਵੇ ਤਾਂ ਸਮੇਂ ਨੇ ਬਦਲਣ ਵਾਲੀ ਰਫਤਾਰ ਬਹੁਤ ਤੇਜ ਫੜੀ ਹੋਈ ਹੈ, ਹੁਣ ਤਾਂ ਇਸ ਦੇ ਨਾਲ ਨਾਲ ਭੱਜਣਾ ਪੈ ਰਿਹਾ ਹੈ। ਭੱਜਦੇ ਭੱਜਦੇ ਬਹੁਤ ਕੁਝ ਪਿੱਛੇ ਛੁੱਟਦਾ ਜਾ ਰਿਹਾ ਹੈ ਤੇ ਬਹੁਤ ਕੁਝ ਪੁਰਾਣਾ ਧੁੰਦਲਾ ਧੁੰਦਲਾ ਜਿਹਾ ਹੋ ਰਿਹਾ ਹੈ। ਬਹੁਤ ਕੁਝ ਫਿਰ ਵੀ ਨਾਲ ਨਾਲ ਚੱਲ ਰਿਹਾ ਹੈ। ਸਾਡਾ ਰਹਿਣ ਸਹਿਣ ਬਦਲਿਆ, ਸੁਭਾਅ ਬਦਲੇ, ਸੋਚ ਬਦਲੀ, ਸੰਸਕਾਰ ਬਦਲੇ, ਕੰਮ ਕਾਜ ਬਦਲੇ, ਰਿਵਾਜ ਬਦਲੇ, ਦਿਨ ਬਦਲੇ, ਤਿਉਹਾਰ ਬਦਲੇ ਮਤਲਬ ਕਿ ਮੁੱਢ ਕਦੀਮ ਤੋਂ ਹੀ "ਅੱਜ" ਵਿੱਚ ਪ੍ਰਵੇਸ ਹੁੰਦਿਆਂ ਹੀ ਅੱਜ ਦੀ ਦੁਨੀਆਂ ਰੰਗਲੀ ਰੰਗਲੀ ਜਾਪਣ ਲੱਗਦੀ ਹੈ। ਹਰ ਤਿਉਹਾਰ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ। ਵਿਸਵੀਕਰਨ ਹੋਣ ਕਰਕੇ ਸਾਡੇ ਪ੍ਰਚਲਿਤ ਤਿਉਹਾਰਾਂ ਉੱਪਰ ਵੀ ਪੱਛਮੀ ਸੱਭਿਅਤਾ ਦਾ ਰੰਗ ਤੇਜੀ ਨਾਲ ਚੜ੍ਹ ਰਿਹਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਖਾਸ ਵਿਸੇਸਤਾ ਹੈ। ਸਾਉਣ ਦਾ ਮਹੀਨਾ ਸੁਰੂ ਹੁੰਦਿਆਂ ਹੀ ਜਿੱਥੇ ਜੇਠ ਹਾੜ ਦੀਆਂ ਧੁੱਪਾਂ ਤੋਂ ਰਾਹਤ ਪਾਉਂਦੀਆਂ ਕਾਲੀਆਂ ਘਟਾਵਾਂ, ਕਣੀਆਂ ਦੀ ਕਿਣਮਿਣ, ਧਰਤੀ ਉੱਤੇ ਹਰਿਆਵਲ ਤੇ ਰੌਣਕ ਜਿਹੀ ਦਿਸਦੀ ਹੈ ਉੱਥੇ ਹੀ ਮਨ ਵਿੱਚ ਵੱਖਰਾ ਹੀ ਸਰੂਰ ਤੇ ਆਨੰਦ ਜਿਹਾ ਜਿਹਾ ਆਉਂਦਾ ਹੈ। ਘਰ ਦੀਆਂ ਰੌਣਕਾਂ, ਧੀਆਂ ਅਤੇ ਨੂੰਹਾਂ ਦੇ ਮਨਾਂ ਵਿੱਚ ਚਾਅ ਉਮੰਗ ਉਮੜਦੇ ਹਨ, ਪੇਕਿਆਂ ਵੱਲੋਂ ਵਿਆਹੀਆਂ ਧੀਆਂ ਨੂੰ ਸੰਧਾਰੇ ਵਿੱਚ ਬਿਸਕੁਟ, ਮਠਿਆਈਆਂ ਅਤੇ ਕੱਪੜੇ ਆਦਿ ਦੇਣ ਦਾ ਸਗਨ, ਕੁਆਰੀਆਂ ਕੁੜੀਆਂ ਵੱਲੋਂ ਹੱਥਾਂ ਤੇ ਮਹਿੰਦੀ ਰਚਾ ਕੇ ਤੇ ਰੰਗ ਬਿਰੰਗੀਆਂ ਵੰਗਾਂ ਚੜ੍ਹਾਉਣ ਦਾ ਚਾਅ, ਵਿਆਹੀਆਂ ਵੱਲੋਂ ਪੇਕੇ ਘਰ ਜਾ ਕੇ ਆਪਣੀਆਂ ਸਖੀਆਂ ਨੂੰ ਮਿਲਣ ਦੀ ਤਾਂਘ ਚਾਰੇ ਪਾਸੇ ਖੁਸੀਆਂ ਦਾ ਵਾਤਾਵਰਨ ਪੈਦਾ ਕਰ ਦਿੰਦੀ ਹੈ। ਤੀਆਂ ਦਾ ਤਿਓਹਾਰ ਸਾਉਣ ਮਹੀਨੇ ਦੀ ਚਾਨਣ ਪੱਖ ਦੀ ਤੀਜ ਤੋਂ ਸੁਰੂ ਹੋ ਕੇ ਸਾਰਾ ਮਹੀਨਾ ਚੱਲਣ ਵਾਲਾ ਕੁੜੀਆਂ ਦਾ ਤਿਓਹਾਰ ਹੈ।

ਪਹਿਲਿਆਂ ਸਮਿਆਂ ਵਿੱਚ ਧੀਆਂ ਧਿਆਣੀਆਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ ਜਮਾਨਾ ਬਦਲ ਗਿਆ ਹੈ, ਧੀਆਂ ਵਿਦੇਸਾਂ ਵੱਲ ਨੂੰ ਤੁਰ ਪਈਆਂ ਹਨ, ਇੱਥੇ ਰਹਿੰਦੀਆਂ ਧੀਆਂ ਉੱਤੇ ਵੀ ਪੱਛਮੀ ਸੱਭਿਅਤਾ ਦਾ ਰੰਗ ਚੜ੍ਹ ਗਿਆ ਹੈ। ਪਦਾਰਥਵਾਦੀ ਯੁੱਗ ਹੋਣ ਕਰਕੇ ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟ ਰਹੀ ਹੈ, ਨਵੀਂ ਸੱਭਿਅਤਾ ਦੇ ਪ੍ਰਭਾਵ ਹੇਠ ਪੁਰਾਣੇ ਗੀਤੀ ਰਿਵਾਜਾਂ ਦਾ ਕਤਲ ਹੋ ਰਿਹਾ ਹੈ, ਜਿਸ ਕਰਕੇ ਤੀਆਂ ਦਾ ਰੰਗ ਵੀ ਕੁਝ ਫਿੱਕਾ ਪੈਂਦਾ ਜਾ ਰਿਹਾ ਹੈ। ਪਿੰਡਾਂ ਵਿੱਚ ਪਿੱਪਲਾਂ ਬੋਹੜਾਂ ਥੱਲੇ ਇਕੱਠੇ ਹੋਣ ਦੀ ਰੀਤ ਲਗਭਗ ਅਲੋਪ ਹੋ ਰਹੀ ਹੈ ਜਿਸ ਕਰਕੇ ਪਿੰਡਾਂ ਦੇ ਪਿੜਾਂ ਵਿੱਚ ਤੀਆਂ ਦੇ ਗਿੱਧਿਆਂ ਤੇ ਕੁੜੀਆਂ ਦੀਆਂ ਵੰਗਾਂ ਦੀ ਛਣਕਾਹਟ ਪੈਣ ਦੀ ਥਾਂ ਹੁਣ ਇਹ ਤੀਆਂ ਸਕੂਲਾਂ, ਕਾਲਜਾਂ ਜਾਂ ਸਮਾਜ ਸੇਵੀ ਸੰਸਥਾਵਾਂ ਦੀਆਂ ਸਟੇਜਾਂ ਉੱਤੇ ਇੱਕ ਅੱਧੇ ਘੰਟੇ ਦਾ ਰੌਣਕ ਮੇਲਾ ਬਣਕੇ ਰਹਿ ਗਿਆ ਹੈ। ਇਸ ਵਿੱਚ ਵੀ ਬਹੁਤਾ ਕਰਕੇ ਅਖਬਾਰਾਂ, ਟੈਲੀਵਿਜਨ ਤੇ ਤੀਆਂ ਮਨਾਉਣ ਦੀਆਂ ਫੋਟੋਆਂ ਛਪਵਾਉਣ ਤੇ ਜਿਆਦਾ ਜੋਰ ਲਾ ਦਿੱਤਾ ਜਾਂਦਾ ਹੈ। ਸਕੂਲਾਂ ਕਾਲਜਾਂ ਵਿੱਚ ਵਪਾਰੀਕਰਨ ਵਧਣ ਕਾਰਨ ਇਸ ਨੂੰ ਸਿਰਫ ਸੰਸਥਾ ਦੇ ਪ੍ਰਚਾਰ ਦੇ ਇੱਕ ਅਹਿਮ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਹਨਾਂ ਵਿੱਚ ਤਿਉਹਾਰ ਦੀ ਅਹਿਮੀਅਤ ਤੇ ਘੱਟ ਜੋਰ ਦਿੱਤਾ ਜਾਂਦਾ ਹੈ ਤੇ ਸੰਸਥਾ ਦਾ ਨਾਂ ਮੋਟੇ ਅੱਖਰਾਂ ਵਿੱਚ ਛਪਵਾਉਣ ਤੇ ਜਿਆਦਾ ਜੋਰ ਦਿੱਤਾ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦੇ ਨਾਂ ਤੇ ਇਹ ਤਿਉਹਾਰ ਸਹਿਰਾਂ ਵਿੱਚ ਔਰਤਾਂ ਦੇ ਕਲੱਬਾਂ ਦੀ ਸਾਨ ਬਣ ਕੇ ਰਹਿ ਗਿਆ ਹੈ। ਅੱਜ ਦੀਆਂ ਔਰਤਾਂ ਸੋਹਲ ਹੋ ਚੁੱਕੀਆਂ ਹਨ। ਉਹ ਪਿੱਪਲਾਂ ਬੋਹੜਾਂ ਹੇਠ ਗਰਮੀ ਵਿੱਚ ਜਾਣ ਨਾਲੋਂ ਏਸੀਆਂ ਦੀਆਂ ਸਹੂਲਤਾਂ ਵਾਲੀਆਂ ਸਟੇਜਾਂ ਤੇ ਤੀਆਂ ਮਨਾਉਂਦੀਆਂ ਨਜਰ ਆਉਂਦੀਆਂ ਹਨ। ਬਹੁਤੀ ਜਗ੍ਹਾ ਤਾਂ ਡੀਜੇਆਂ ਤੇ ਰਿਕਾਰਡ ਕੀਤੀਆਂ ਬੋਲੀਆਂ ਉੱਪਰ ਨੱਚ ਟੱਪ ਕੇ ਹੀ ਉਸ ਨੂੰ ਤੀਆਂ ਦਾ ਨਾਂ ਦੇ ਕੇ ਵਾਹ ਵਾਹ ਖੱਟ ਲਈ ਜਾਂਦੀ ਹੈ। ਅੱਜ ਦੀਆਂ ਤੀਆਂ ਸਾਡੀਆਂ ਧੀਆਂ ਦੇ ਨਾਲ ਨਾਲ ਵਿਦੇਸਾਂ ਦੀਆਂ ਸਟੇਜਾਂ ਤੱਕ ਵੀ ਪਹੁੰਚ ਗਈਆਂ ਹਨ। ਜਿਸ ਵਿੱਚ ਪੰਜਾਬਣਾਂ ਦੇ ਸੁੰਦਰਤਾ ਦੇ ਮੁਕਾਬਲੇ, ਸਭਿਆਚਾਰ ਦੀ ਸੰਭਾਲ ਸਬੰਧੀ ਮੁਕਾਬਲੇ ਕਰਵਾਏ ਜਾਂਦੇ ਹਨ, ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਵਿਦੇਸਾਂ ਤੋਂ ਆਉਂਦੀਆਂ ਅਖਬਾਰਾਂ ਜਾਂ ਖਬਰਾਂ ਵਿੱਚ ਉੱਥੋਂ ਦੀਆਂ ਤੀਆਂ ਦੀਆਂ ਤਸਵੀਰਾਂ ਵੀ ਸਾਉਣ ਮਹੀਨੇ ਹਰ ਰੋਜ ਦੇਖਣ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ।



ਪਹਿਲਾਂ ਪਿੰਡਾਂ ਅਤੇ ਸਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਇਹੋ ਜਿਹੇ ਬੋਲਾਂ ਰਾਹੀਂ ਮਨੋਭਾਵ ਪ੍ਰਗਟ ਕਰਦੀਆਂ ਸਨ:-

**ਆਉਂਦੀ ਕੁੜੀਏ ਜਾਂਦੀ ਕੁੜੀਏ,**
**ਤੁਰਦੀ ਪਿਛਾਂਹ ਨੂੰ ਜਾਵੇਂ,**
**ਹੌਲੀ-ਹੌਲੀ ਪੈਰ ਪੱਟ ਲੈ, ਤੀਆਂ**
**ਲੱਗੀਆਂ ਪਿੱਪਲ ਦੀ ਛਾਵੇਂ।**

ਬਚਪਨ ਵਿੱਚ ਤੀਆਂ ਦਾ ਮਾਹੌਲ ਦੇਖਣ ਵਾਲੀਆਂ ਔਰਤਾਂ ਦੇ ਮਨ ਵਿੱਚ ਦੁਬਾਰਾ ਤੀਆਂ 'ਤੇ ਜਾਣ ਦਾ ਚਾਅ ਉਮੜਦਾ ਹੈ, ਉਹ ਨਵੀਂ ਪੀੜ੍ਹੀ ਦੀਆਂ ਕੁੜੀਆਂ ਨਾਲ ਇਸ ਨੂੰ ਸਾਂਝਾ ਕਰਨੀਆਂ ਚਾਹੁੰਦੀਆਂ ਹਨ ਪਰ ਅੱਜ ਕੱਲ੍ਹ ਦੇ ਬੱਚਿਆਂ ਕੋਲ ਸਮੇਂ ਦੀ ਘਾਟ ਹੋਣ ਕਰਕੇ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਜੇ ਕਿਤੇ ਕਲੱਬਾਂ ਸੰਸਥਾਵਾਂ ਵਿੱਚ ਜਾ ਕੇ ਤੀਆਂ ਮਨਾਉਣ ਨਾਲੋਂ ਪਿੰਡਾਂ ਦੇ ਪਿੱਪਲਾਂ ਬੋਹੜਾਂ ਹੇਠ ਜਾ ਕੇ ਤੀਆਂ ਮਨਾਉਣ ਲਈ ਪ੍ਰੇਰਿਤ ਕਰਕੇ ਬਜੁਰਗਾਂ ਦੀਆਂ ਪਾਈਆਂ ਪਿਰਤਾਂ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾਇਆ ਜਾਵੇ ਤਾਂ ਅਸੀਂ ਆਪਣੇ ਤੀਆਂ ਦੇ ਸੱਭਿਆਚਾਰਕ ਪਿਛੋਕੜ ਨੂੰ ਮੁੜ ਤੋਂ ਸੁਰਜੀਤ ਕਰ ਸਕਦੇ ਹਾਂ। ਫਿਰ ਵੀ ਤੀਆਂ ਮਨਾਉਣ ਦਾ ਚਾਅ ਤਾਂ ਹਰ ਇੱਕ ਔਰਤ ਅੰਦਰ ਮੌਜੂਦ ਹੈ ਇਹ ਗੱਲ ਵੱਖਰੀ ਹੈ ਕਿ ਮਨਾਉਣ ਦੇ ਢੰਗ ਤਰੀਕੇ ਬਦਲ ਗਏ ਹਨ ਜਿਸ ਕਰਕੇ ਇਹੋ ਜਿਹੀਆਂ ਬੋਲੀਆਂ ਸੁਣਨ ਨੂੰ ਵੀ ਕੰਨ ਤਰਸ ਗਏ ਹਨ ਜਿਨ੍ਹਾਂ ਰਾਹੀਂ ਤੀਆਂ ਦੇ ਤਿਉਹਾਰ ਨੂੰ ਮਨਾਉਣ ਲਈ ਇਕੱਠੀਆਂ ਹੋਈਆਂ ਕੁੜੀਆਂ ਦੇ ਇਕੱਠ ਤੋਂ ਲੈਕੇ ਵਿਛੜਨ ਤੱਕ ਦਾ ਭਾਵ ਪ੍ਰਗਟ ਕੀਤਾ ਜਾਂਦਾ ਸੀ।

**ਸਾਉਣ ਵੀਰ ਇਕੱਠੀਆਂ ਕਰੇ**
**ਭਾਦੋਂ ਚੰਦਰੀ ਵਿਛੋੜੇ ਪਾਵੇ।**

ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਜਿੰਦਜਾਨ ਹੈ ਅਤੇ ਗਿੱਧਾ ਤੇ ਬੋਲੀਆਂ ਇਸ ਦੀ ਰੂਹ ਹਨ, ਸਮੇਂ ਦੇ ਬਦਲਣ ਨਾਲ ਬਦਲਿਆ ਹੋਇਆ ਰੰਗ ਰੂਪ ਤਾਂ ਵੇਖਣ ਨੂੰ ਮਿਲ ਸਕਦਾ ਹੈ ਪਰ ਕਦੇ ਪੰਜਾਬੀਆਂ ਦੀ ਜਿੰਦਗੀ ਵਿੱਚੋਂ ਮਨਫੀ ਨਹੀਂ ਹੋ ਸਕਦਾ।

ਬਰਜਿੰਦਰ ਕੌਰ ਬਿਸਰਾਓ...
9988901324




# ਪੰਜਾਬੀ ਗਾਇਕੀ ਦੀ ਹਰ ਵਿਧਾ ਤੇ ਸੁਰਿੰਦਰ ਛਿੰਦੇ ਦੀ ਮਜਬੂਤ ਪਕੜ ਸੀ

ਪੰਜਾਬੀ ਲੋਕ-ਮਨਾਂ ਦੀ ਧੜਕਣ ਸੁਰਿੰਦਰ ਛਿੰਦਾ ਭਾਵੇਂ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ,ਪਰ ਉਹਨਾਂ ਦੀ ਆਵਾਜ਼ ਰਹਿੰਦੀ ਦੁਨੀਆ ਤੱਕ ਲੋਕ ਮਨਾ ਉੱਪਰ ਰਾਜ ਕਰਦੀ ਰਹੇਗੀ। ਆਓ ਫਿਰ ਅੱਜ ਸੁਰਿੰਦਰ ਛਿੰਦਾ ਦੀ ਗਾਇਕੀ ਦੇ ਸਫਰ ਉੱਪਰ ਝਾਤ ਮਾਰ ਲਈਏ।

ਉਸਤਾਦ ਜਸਵੰਤ ਭੰਵਰਾ ਦਾ ਇਹ ਲਾਡਲਾ ਸ਼ਗਿਰਦ ਜਿਸਨੇ 1975 ਵਿੱਚ ਭੰਵਰਾ ਸਾਹਿਬ ਦੇ ਸੰਗੀਤ ਵਿੱਚ ਸਹਿ ਗਾਇਕਾ ਸੁਦੇਸ਼ ਕਪੂਰ ਨਾਲ ਗਾਇਕੀ ਦੇ ਪਿੜ ਵਿੱਚ ਪੈਰ ਰੱਖਿਆ ਆਖਰੀ ਸਾਹਾਂ ਤੱਕ ਪੰਜਾਬੀਆਂ ਦੇ ਦਿਲਾਂ ਤੇ ਰਾਜ ਕੀਤਾ। ਸੁਰਿੰਦਰ ਸ਼ਿੰਦਾ ਦਾ ਪਹਿਲਾ ਸੁਪਰ-7 ਸੁਰਿੰਦਰ ਸ਼ਿੰਦਾ,ਰਮੇਸ ਰੰਗੀਲਾ ਅਤੇ ਬੀਬਾ ਸੁਦੇਸ ਕਪੂਰ ਦੀਆਂ ਆਵਾਜਾਂ ਵਿੱਚ ਆਇਆ ਜਿਸ ਵਿੱਚ 3 ਗੀਤ ਸੁਰਿੰਦਰ ਸ਼ਿੰਦਾ ਅਤੇ 3 ਗੀਤ ਰਮੇਸ ਰੰਗੀਲਾ ਨੇ ਸੁਦੇਸ ਕਪੂਰ ਨਾਲ ਦੋਗਾਣਿਆਂ ਦੇ ਰੂਪ ਵਿੱਚ ਗਾਏ ਸਨ। ਜਿਸ ਤਵੇ ਦਾ ਨਾਂ ਹੀ ਪੰਜਾਬੀ ਦੋਗਾਣੇ ਸੀ।

1977 ਵਿੱਚ ਗੀਤਕਾਰ ਦੇਵ ਥਰੀਕੇ ਵਾਲੇ ਦੀਆਂ ਲਿਖੀਆਂ ਤੇ ਸੰਗੀਤਕਾਰ ਰਾਮ ਸਰਨ ਦਾਸ ਦੀਆਂ ਸੰਗੀਤਬੱਧ ਕੀਤੀਆਂ ਚਾਰ ਲੋਕ-ਗਥਾਵਾਂ ਉੱਚਾ ਬੁਰਜ ਲਾਹੌਰ ਦਾ ਨਾਲ ਸੁਰਿੰਦਰ ਛਿੰਦੇ ਨੇ ਲੋਕਾਂ ਦੇ ਦਿਲਾਂ ਵਿੱਚ ਆਪਣਾ ਵੱਖਰਾ ਮੁਕਾਮ ਸਿਰਜ ਲਿਆ ਸੀ।

1978 ਵਿੱਚ ਬਿਲਕੁਲ ਨਵੇਂ ਸੰਗੀਤ ਨਿਰਦੇਸ਼ਕ ਚਰਨਜੀਤ ਆਹੂਜਾ ਨੂੰ ਲੈਕੇ ਬਾਰਾਂ ਲੋਕ-ਗਥਾਵਾਂ ਨੈਣਾਂ ਦੇ ਵਣਜਾਰੇ ਨਾਲ ਦੇਸ਼ ਵਿਦੇਸ਼ ਤੇ ਕਾਲਜੀਏਟ ਗੱਭਰੂ ਵੀ ਸੁਰਿੰਦਰ ਛਿੰਦੇ ਦੀ ਗਾਇਕੀ ਦੇ ਦੀਵਾਨੇ ਹੋ ਗਏ ।

ਉਸਤੋਂ ਬਾਅਦ ਚੱਲ ਸੋ ਚੱਲ ਦੋ-ਗਾਣੇ ਲੋਕ-ਤੱਥ, ਲੋਕ-ਗਥਾਵਾਂ, ਕਲੀਆਂ ਨਾਲ ਸੁਰਿੰਦਰ ਛਿੰਦੇ ਨੂੰ ਚਾਹੁਣ ਵਾਲਿਆਂ ਦੇ ਘੇਰਾ ਵਿਸ਼ਾਲ ਹੁੰਦਾ ਗਿਆ ।

1981 ਵਿੱਚ ਗੀਤਕਾਰ ਦੇਵ ਥਰੀਕੇ ਵਾਲੇ ਦੇ ਲੋਕ ਗਾਥਾ 'ਜਿਊਣਾ ਮੌੜ' ਦਾ ਉਪੇਰਾ ਸੁਰਿੰਦਰ ਛਿੰਦਾ ਦੀ ਗਾਇਕੀ ਦਾ ਸਿਖਰ ਸੀ,, ਇਸੇ ਅਰਸੇ ਦੌਰਾਨ ਪੰਜਾਬੀ ਫਿਲਮ ਪੁੱਤ ਜੱਟਾਂ ਦੇ ਵਿੱਚ ਉਸਦੀ ਗਾਇਕੀ ਤੇ ਅਦਾਕਾਰੀ ਵੱਜੋਂ ਪ੍ਰਵੇਸ਼ ਨੇ ਇੱਕ ਨਵੇਂ ਦੌਰ ਨੂੰ ਜਨਮ ਦਿੱਤਾ। ਉਪੇਰਿਆਂ ਵਿੱਚ ਜੱਟ ਮਿਰਜ਼ਾ ਖਰਲਾਂ ਦੇ,,,,ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ ਸ਼ਾਹਕਾਰ ਹਨ। ਸੰਨ 1977 ਵਿੱਚ ਵਿਸ਼ਵ ਪ੍ਰਸਿੱਧ


ਸੁਰਿੰਦਰ ਛਿੰਦਾ ਅਤੇ ਅਸ਼ੋਕ ਬਾਂਸਲ ਦੀ ਪੁਰਾਣੀ ਤਸਵੀਰ


ਰਿਕਾਰਡਿੰਗ ਕੰਪਨੀ ਐਚ ਐਮ ਵੀ ਨੇ ਹਰਦੇਵ ਦਿਲਗੀਰ (ਦੇਵ ਥਰੀਕੇ ਵਾਲਾ) ਦੀਆਂ ਲਿਖੀਆਂ ਚਾਰ ਲੋਕ-ਗਾਥਾਵਾਂ ਦਾ ਇਕ ਛੋਟਾ ਰਿਕਾਰਡ ਬਣਾ ਕੇ ਜਦੋਂ ਬਾਜ਼ਾਰ ਵਿੱਚ ਭੇਜਿਆ ਤਾਂ ਸੰਗੀਤ ਪ੍ਰੇਮੀਆਂ ਨੇ ਕੰਨ ਖੜ੍ਹੇ ਕਰ ਲਏ

ਇੱਕ ਚੌਵੀ ਪੱਚੀ ਵਰ੍ਹਿਆਂ ਦਾ ਗੱਭਰੂ,,ਹੱਥ ਤੂੰਬੀ ਤੇ ਤੁਰਲੇ ਆਲੀ ਪੱਗ,,, ਰਿਕਾਰਡ ਦੇ ਕਵਰ ਤੇ ਨਾਮ ਲਿਖਿਆ ਸੀ ਗਾਇਕ 'ਸੁਰਿੰਦਰ ਛਿੰਦਾ' ਸੰਗੀਤਕਾਰ ਰਾਮ ਸਰਨ ਦਾਸ, ਗੀਤਕਾਰ ਹਰਦੇਵ ਦਿਲਗੀਰ,,,,, ਚੇਤੇ ਰਹੇ ਇਸ ਰਿਕਾਰਡ ਦੇ ਆਉਣ ਤੋਂ ਪਹਿਲਾਂ ਕੁਲਦੀਪ ਮਾਣਕ ਦਾ ਲੋਕ ਗਾਥਾਵਾਂ ਦਾ ਐਲ ਪੀ ਰਿਕਾਰਡ ਮਕਬੂਲੀਅਤ ਦੀਆਂ ਸਿਖਰਾਂ ਛੋਹ ਚੁੱਕਿਆ ਸੀ। ਇਸ ਰਿਕਾਰਡ ਤੇ ਜੋ ਇਬਾਰਤ ਲਿਖੀ ਹੋਈ ਸੀ ਉਹ ਵੀ ਬਿਲਕੁਲ ਮਾਣਕ ਦੇ ਰਿਕਾਰਡ ਵਾਂਗੂੰ ਹੀ ਲਿਖੀ ਹੋਈ ਸੀ ਜੋ ਪਾਠਕਾਂ ਦੀ ਦਿਲਚਸਪੀ ਲਈ ਇੰਨਬਿੰਨ ਲਿਖ ਰਿਹਾ ਹਾਂ।

**ਸਾਈਡ -ਏ**

**1- ਰਾਣੀ ਇੱਛਰਾਂ**

ਇੱਛਰਾਂ ਪੂਰਨ ਦੀ ਸਕੀ ਮਾਂ,,, ਸਿਆਲਕੋਟ ਦੇ ਰਾਜੇ ਸਲਵਾਨ ਦੀ ਵੱਡੀ ਰਾਣੀ,,,, ਲੂਣਾਂ ਚੰਬੇ ਦੇ ਬਾਰੂ ਦੀ ਧੀ,,,,ਸਲਵਾਨ ਦੀ ਛੋਟੀ ਰਾਣੀ,,,,ਪੂਰਨ ਦੀ ਮਤ੍ਰੇਈ ਮਾਂ,,,,,,ਭਰੇ ਦਰਬਾਰ ਵਿੱਚ ਰਾਣੀ ਇੱਛਰਾਂ ਪੂਰਨ ਉੱਤੇ ਲੂਣਾਂ ਵੱਲੋਂ ਲਾਈ ਤੋਹਮਤ ਨੂੰ ਝੂਠੀ ਦੱਸਣ ਲਈ, ਰਾਜੇ ਸਲਵਾਨ ਅੱਗੇ ਵਾਸਤੇ ਪਾਉਂਦੀ ਹੈ




**2-ਦਹੂਦ ਬਾਦਸ਼ਾਹ**

ਗੜ੍ਹ ਬਗਦਾਦ ਦੇ ਰਾਜੇ ਜਨੇਜ ਦਾ ਲਾਲ,,,,,ਰਾਣੀ ਹੰਸਾਂ ਦੇ ਢਿੱਡੋਂ ਜੰਮਿਆ,,,, ਨੂਰਾਂ ਦਹੂਦ ਦੀ ਮੰਗੇਤਰ,,,ਮਿਸਰ ਦੇ ਰਾਜੇ ਸਜੌਦ ਦੀ ਧੀ,,,, ਘਰੋਂ ਬੇਘਰ ਹੋਈ ਰਾਣੀ ਹੰਸਾਂ ਦਹੂਦ ਨੂੰ ਨੂਰਾਂ ਨਾਲ ਵਿਆਹ ਦੀ ਆਸ ਛੱਡ ਦੇਣ ਲਈ ਮੱਤਾਂ ਦਿੰਦੀ ਹੈ

**ਸਾਈਡ-ਬੀ**

**1- ਰੂਪ ਬਸੰਤ**

ਰੂਪ-ਬਸੰਤ ਸੰਗਲਾਦੀਪ ਦੇ ਰਾਜੇ ਖੜਗਸੈਨ ਤੇ ਰਾਣੀ ਰੂਪਮਤੀ ਦੇ ਦੋ ਹੋਣਹਾਰ ਰਾਜਕੁਮਾਰ,,,,ਰਾਣੀ ਚੰਦਰਾਵਤੀ,,ਖੜਗਸੈਨ ਦੀ ਦੂਜੀ ਪਤਨੀ,, ਰੂਪਮਤੀ ਦੀ ਮੌਤ ਪਿੱਛੋਂ ਵਿਆਹੀ,,,ਚੰਦਰਾਵਤੀ ਰੂਪ ਬਸੰਤ ਉੱਤੇ ਤੋਹਮਤ ਲਾ ਰਾਜੇ ਨੂੰ ਆਖ ਮਹਿਲਾਂ ਵਿੱਚੋਂ ਕੱਢਵਾ ਦਿੰਦੀ ਹੈ।

**2-ਕਲੀ ਹੀਰ**

ਰਾਂਝਾ ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤ,,,,ਹੀਰ ਚੂਚਕ ਸਿਆਲ ਦੀ ਧੀ,,,ਰਾਂਝੇ ਦੀ ਮਸ਼ੂਕ,,, ਰੰਗਪੁਰ ਦੇ ਸੈਦੇ ਖੇੜੇ ਦੀ ਦੁਲਹਨ,,,, ਜੋਗੀ ਬਣਿਆ ਰਾਂਝਾ ਰੰਗਪੁਰ ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਕੋਲ ਪਹੁੰਚ ਜਾਂਦਾ ਹੈ,,, ਪਾਣੀ ਪੀਣ ਬਹਾਨੇ ਹੀਰ ਨੂੰ ਲੱਭਣ ਖਾਤਰ

ਇਸ ਰਿਕਾਰਡ ਦੇ ਆਉਣ ਨਾਲ ਗੀਤਕਾਰ ਵੀ ਉਹੀ ਤੇ ਲੋਕ ਗਾਥਾਵਾਂ ਵੀ ਉਸੇ ਤਰ੍ਹਾਂ ਦੀਆਂ ਤਾਂ ਆਮ ਸਧਾਰਨ ਸ੍ਰੋਤਿਆਂ ਵਿੱਚ ਇੱਕ ਚਰਚਾ ਜਿਹੀ ਛਿੜ ਪਈ ਕਿ ਮਾਣਕ ਦਾ ਇੱਕ ਨਵਾਂ ਚੇਲਾ ਆਇਆ ਐ? ਜੋ ਕਲੀਆਂ ਗਾਉਂਦੈ ।

ਪਰ ਅਗਲੇ ਵਰ੍ਹੇ ਬਾਰਾਂ ਲੋਕ ਗਾਥਾਵਾਂ ਦਾ ਐਲ ਪੀ ਰਿਕਾਰਡ (ਨੈਣਾਂ ਦੇ ਵਣਜਾਰੇ) ਆਉਣ ਨਾਲ ਸੁਰਿੰਦਰ ਛਿੰਦੇ ਦੀ ਵੱਖਰੀ ਤੇ ਵੱਡੀ ਪਹਿਚਾਣ ਬਣ ਗਈ ,, ਇਸ ਰਿਕਾਰਡ ਦੇ ਆਉਣ ਨਾਲ ਸੁਰਿੰਦਰ ਛਿੰਦਾ ਛਾਲ ਮਾਰ ਕੇ ਵੱਡੇ ਗਾਇਕਾਂ ਦੀ ਕਤਾਰ ਵਿੱਚ ਜਾ ਖਲੋਤਾ।

ਇਸ ਵਿਚਲੇ ਗੀਤ -----
ਦੋ ਊਠਾਂ ਵਾਲੇ ਨੀ ਲੁੱਟ ਕੇ
ਸੇਜ ਸੱਸੀ ਦੀ ਲੈ ਗਏ (ਸੱਸੀ)
ਇਹ ਮਿੱਤ ਕਿਸੇ ਦੇ ਨਾਂ
(ਲੋਕ ਤੱਥ)
ਲੁਧਿਆਣੇ ਜਿਲ੍ਹੇ ਦੀ ਸੁਣਾਵਾਂ
ਵਾਰਤਾ (ਕੇਹਰ ਸਿੰਘ ਦੀ ਮੌਤ)
ਧੂਣਾਂ ਰੋਡੇ ਨੇ ਦਰਾਂ ਦੇ ਮੂਹਰੇ
ਲਾਇਆ ਜਲਾਲੀ ਦੇ ਦੀਦਾਰ ਵਾਸਤੇ
(ਰੋਡਾ ਜਲਾਲੀ)

ਸਮੇਤ ਬਾਰਾਂ ਦੇ ਬਾਰਾਂ ਗੀਤ ਲੋਕਾਂ ਦੇ ਮੂੰਹ ਚੜ੍ਹ ਗਏ ਇੱਕ ਗੱਲ ਹੋਰ ਦੱਸ ਦੇਵਾਂ ਕਿ ਬਤੌਰ ਸੰਗੀਤ ਨਿਰਦੇਸ਼ਕ ਚਰਨਜੀਤ ਆਹੂਜਾ ਦਾ ਇਹ ਪਹਿਲਾ ਐਲ ਪੀ ਰਿਕਾਰਡ ਸੀ। ਇੱਥੇ ਇੱਕ ਹੋਰ ਗੱਲ ਵਰਨਣ ਯੋਗ ਹੈ ਕਿ ਅੱਜ ਦੇ ਚਰਚਿਤ ਗੀਤਕਾਰ ਸ਼ਮਸ਼ੇਰ ਸੰਧੂ ਦਾ ਵੀ ਪਹਿਲਾ ਗੀਤ (ਜਾਨੀ ਚੋਰ) ਵੀ ਇਸੇ ਐਲ ਪੀ ਰਿਕਾਰਡ ਵਿੱਚ ਰਿਕਾਰਡ ਹੋਇਆ ਸੀ।

ਇਸਤੋਂ ਬਾਅਦ ਸਹਿ ਗਾਇਕਾ ਸੁਰਿੰਦਰ ਸੋਨੀਆ ਨਾਲ ਦੋ-ਗਾਣਿਆਂ ਦਾ ਛੇ ਗੀਤਾਂ ਵਾਲੇ ਤਵੇ ਨਾਲ ਦੋ-ਗਾਣਾ ਗਾਇਕੀ ਦੇ ਸ੍ਰੋਤੇ ਵੀ ਸੁਰਿੰਦਰ ਛਿੰਦੇ ਦਾ ਲੋਹਾ ਮੰਨਣ ਲੱਗ ਪਏ । ਐਚ ਐਮ ਨਾਈਟ ਵਿੱਚ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦਾ ਗਾਇਆ ਤੇ ਲਾਲ ਪਧਿਆਣੇ ਦਾ ਲਿਖਿਆ (ਫੌਜੀ-ਫੌਜਨ) ਬੱਦਲਾਂ ਤੋਂ ਪੁੱਛ ਗੋਰੀਏ ਨਿੱਤ ਘਲਦਾ ਸੁਨੇਹੇ ਮੈਂ ਹਜ਼ਾਰ,,, ਦੋ ਗਾਣਾ ਗਾਇਕੀ ਵਿੱਚ ਸ਼ਾਹਕਾਰ ਹੈ।

ਉਪੇਰਾ ਜਿਉਣਾ ਮੌੜ ਸੁਰਿੰਦਰ ਛਿੰਦੇ ਦੀ ਮਕਬੂਲੀਅਤ ਦਾ ਸਿਖਰ ਐ, ਪੰਜਾਬੀ ਫਿਲਮ ਪੁੱਤ ਜੱਟਾਂ ਦੇ ਵਿੱਚ,,ਪੱਤ ਜੱਟਾਂ ਦੇ ਬੁਲਾਉਂਦੇ ਬੱਕਰੇ ਮੋਢਿਆਂ ਤੇ ਡਾਂਗਾਂ ਧਰੀਆਂ,,, ਪੰਜਾਬੀਆਂ ਦੇ ਖੁਸ਼ੀ ਦੇ ਮੌਕਿਆਂ ਦੀ ਸ਼ਾਨ ਬਣਿਆ,,,, ਇਸੇ ਫ਼ਿਲਮ ਵਿੱਚ ਛਿੰਦੇ ਦੀ ਸਫਲ ਅਭਿਨੇਤਾ ਵੱਜੋਂ ਐਂਟਰੀ ਹੋਈ ਸੀ। ਫਿਲਮ ਉੱਚਾ ਦਰ ਬਾਬੇ ਨਾਨਕ ਦਾ, ਵਿੱਚ ਸੁਰਿੰਦਰ ਛਿੰਦਾ ਦਾ ਗਾਇਆ ਉੱਚ ਦਰ ਬਾਬੇ ਨਾਨਕ ਦਾ ਪੰਜਾਬੀਆਂ ਦੇ ਘਰਾਂ ਵਿੱਚ ਅੰਮ੍ਰਿਤ ਵੇਲੇ ਸੁਣਿਆ ਜਾਂਦਾ ਹੈ। ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਨੀ ਬਾਬਿਆਂ ਦੇ ਚੱਲ ਚੱਲੀਏ,,,, ਦੁਨੀਆਂ ਭਰ ਦੇ ਟਰੱਕ ਡਰਾਈਵਰਾਂ ਦੀ ਪਹਿਲੀ ਪਸੰਦ ਐ । ਯੈਂਕੀ ਲਵ ਯੂ ਲਵ ਯੂ ਕਰਦੇ,, ਘਸੀਆਂ ਪੁਰਾਣੀਆਂ ਪੈਂਟਾ ਪਾ ਕੇ ਉਹਨੂੰ ਕਹਿੰਦੇ ਜੀਨ ਨੀ ਮਜਾਜ ਪੱਟੀ ਦੇ ਆਏ ਕਿੱਧਰੋਂ ਸ਼ੁਕੀਨ,,, ਨਾਲ ਪੰਜਾਬੀਆਂ ਦੀ ਨਵੀਂ ਪੀੜ੍ਹੀ ਸੁਰਿੰਦਰ ਛਿੰਦੇ ਦੀ ਦੀਵਾਨੀ ਹੋ ਗਈ ।

ਹਰਨੀਤ ਨੀਤੂ ਤੇ ਸੁਦੇਸ਼ ਕੁਮਾਰੀ ਵਰਗੀਆਂ ਗਾਇਕਾਵਾਂ ਦੀ ਪਹਿਲੀ ਵਾਰ ਐਂਟਰੀ ਸੁਰਿੰਦਰ ਛਿੰਦਾ ਨਾਲ ਹੋਈ। ਪੰਜਾਬੀ ਗਾਇਕੀ ਦੀ ਹਰ ਵਿਧਾ ਤੇ ਸੁਰਿੰਦਰ ਛਿੰਦੇ ਦੀ ਮਜਬੂਤ ਪਕੜ ਸੀ, ਪੰਜਾਬ ਦਾ ਉਹ ਮਹਿਜ ਇਕਲੌਤਾ ਕਲਾਕਾਰ ਸੀ। ਜਿਸਨੇ ਉਪੇਰੇ, ਧਾਰਮਿਕ, ਦੋ-ਗਾਣੇ, ਕਲੀਆਂ, ਲੋਕ ਗਾਥਾਵਾਂ, ਫਿਲਮੀ ਗੀਤ, ਸੋਲੋ ਗੀਤ, ਲੋਕ ਗੀਤਾਂ ਨੂੰ ਬੜੀ ਸ਼ਿੱਦਤ ਨਾਲ ਗਾਇਆ। ਇੱਥੋਂ ਤੱਕ ਕਿ ਬਿਲਕੁਲ ਨਵੀਂ ਪੀੜ੍ਹੀ ਲਈ ਯੈਂਕੀ ਲਵ ਯੂ ਲਵ ਯੂ ਕਰਦੇ, ਇਸਤੋਂ ਇਲਾਵਾ ਅਮਰ ਸਿੰਘ ਚਮਕੀਲਾ ਤੇ ਕੁਲਦੀਪ ਪਾਰਸ ਜਿਹੇ ਗਾਇਕ ਵੀ ਸੁਰਿੰਦਰ ਛਿੰਦੇ ਦੇ ਸ਼ਗਿਰਦ ਸਨ ।

ਸੁਰਿੰਦਰ ਛਿੰਦਾ ਜੀ ਦੇ ਤੁਰ ਜਾਣ ਨਾਲ ਪੰਜਾਬੀ ਸੰਗੀਤ ਨੂੰ ਕਦੇ ਵੀ ਨਾ ਪੂਰਿਆ ਜਾਣ ਵਾਲ ਘਾਟਾ ਪਿਆ ਐ ।? ਪਰਮਤਾਮਾ ਉਸਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

ਛਿੰਦਾ ਦੂਸਰੇ ਦੀ ਤਾਰੀਫ ਕਰਨ ਵਿੱਚ ਕਦੀ ਵੀ ਕੰਜੂਸੀ ਨਹੀਂ ਸੀ ਕਰਦਾ । ਮੇਰਾ ਸੁਰਿੰਦਰ ਛਿੰਦੇ ਨਾਲ ਤੀਹ ਸਾਲ ਭਰਾਵਾਂ ਵਾਲਾ ਸਾਥ ਰਿਹਾ। ਜਿੱਥੇ ਸੁਰਿੰਦਰ ਛਿੰਦੇ ਦੇ ਤੁਰ ਜਾਣ ਨਾਲ ਪੰਜਾਬੀ ਗਾਇਕੀ ਵਿੱਚ ਇੱਕ ਖਲਾਅ ਪੈਦਾ ਹੋ ਗਿਆ ਉੱਥੇ ਮੇਰੀ ਵੀ ਸੱਜੀ ਬਾਂਹ ਟੁੱਟ ਗਈ ਐ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕੁਲਤਾਰ ਸੰਧਵਾਂ-ਬਨਾਮ- ਕਵੀ ਸ਼ਿਵ ਨਾਥ !

ਗੱਲ ਇਨਾਂ ਹੀ ਦਿਨਾਂ ਦੀ ਹੈ, ਹੋਇਆ ਇਹ ਹੈ ਕਿ ਕਾਫੀ ਦਿਨਾਂ ਤੋਂ ਪੰਜਾਬੀ ਦਾ ਬਜੁਰਗ ਲੇਖਕ ਤੇ ਕਵੀ ਸ਼ਿਵ ਨਾਥ ਚੰਡੀਗੜ੍ਹ 32 ਸੈਕਟਰ ਵਾਲੇ ਸਰਕਾਰੀ ਹਸਪਤਾਲ ਵਿੱਚ ਦਾਖਿਲ ਹੈ। ਸ਼ਿਵ ਨਾਥ ਨੇ ਪੰਜਾਬੀ ਸਾਹਿਤ ਦੀ ਝੋਲੀ 22 ਕਿਤਾਬਾਂ ਪਾਈਆਂ ਹਨ। ਉਸਨੇ ਆਪਣਾ ਪੇਟ ਪਾਲਣ ਲਈ ਮੋਹਲੀ ਦੇ ਘਰਾਂ ਵਿੱਚ ਸਾਹਿਤਕ ਰਸਾਲੇ ਕਿਰਾਏ ਉਤੇ ਲਿਜਾਣੇ ਸ਼ੁਰੂ ਕੀਤੇ ਸਨ ਤੇ ਅਣਗਿਣਤ ਲੋਕਾਂ ਨੂੰ ਸਾਹਿਤ ਨਾਲ ਜੋੜਿਆ ਸੀ। ਸਾਇਕਲ ਉੱਤੇ ਜਾਂ ਪੈਦਲ ਹੀ ਸ਼ਿਵ ਨਾਥ ਗਲੀ?-ਗਲੀ ਭਾਉਂਦਾ ਫਿਰਦਾ ਰਹਿੰਦਾ ਸੀ। ਉਸਦੀ ਰੋਟੀ ਰੋਜੀ ਦੇ ਜੁਗਾੜ ਦਾ ਇਹੋ ਇੱਕੋ ਇੱਕ ਵਸੀਲਾ ਸੀ, ਬਸ ਰਸਾਲੇ ਘਰ ਘਰ ਕਿਰਾਏ ਉਤੇ ਦੇਣੇ। ਉਸਦਾ ਬੇਟਾ ਵੀ ਕਿਧਰੇ ਕੋਈ ਨੌਕਰੀ ਨਾ ਲੱਗ ਸਕਿਆ ਤੇ ਮਜਦੂਰੀ ਕਰਨ ਵਾਂਗ ਹੀ ਉਹ ਟੱਬਰ ਪਾਲ ਰਿਹਾ ਹੈ ਕਿਸੇ ਸਕੂਟਰ ਵਰਕਸ਼ਾਪ ਉਤੇ ਕੰਮ ਕਰਕੇ। ਸ਼ਿਵ ਨਾਥ ਅਜਿਹਾ ਸਾਹਿਤਕਾਰ ਨਹੀ ਸੀ ਕਿ ਉਹ ਹੋਰਨਾਂ ਸਾਹਿਤਕਾਰਾਂ ਵਾਂਗ ਚੁਸਤ ਚਲਾਕ ਹੁੰਦਾ, ਜਾਂ ਖੁਸ਼ਾਮਦੀ ਹੁੰਦਾ, ਜਾਂ ਫਿਰ ਕਿਸੇ ਤੋਂ ਕੋਈ ਫਾਇਦਾ ਲੈ ਲੈਂਦਾ, ਜਾਂ ਕਿਸੇ ਸਰਕਾਰ ਦੇ ਦਰਬਾਰ ਵਿੱਚ ਜਾ ਕੇ ਅਲਖ ਜਗਾਉਂਦਾ। ਉਹ ਮਸਤ ਮੌਲਾ ਜਿਹਾ ਤੇ ਭੋਲਾ ਭਾਲਾ ਜਿਹਾ ਲਿਖਾਰੀ ਹੈ, ਜੋ ਹੁਣ ਹਸਪਤਾਲ ਦਾਖਿਲ ਹੈ। ਖੈਰ!ਦੇਰ ਤੋਂ ਦਿੱਲੀ ਵੱਸਦੇ ਪ੍ਰਸਿੱਧ ਪੰਜਾਬੀ ਲੇਖਕ ਗੁਰਬਚਨ ਸਿੰਘ ਭੁੱਲਰ ਨਾਲ ਸ਼ਿਵ ਨਾਥ ਦਾ ਦਿਲੋਂ ਮੋਹ ਰਿਹਾ ਹੈ। ਇੱਕ ਦਿਨ ਸ੍ਰ ਭੁੱਲਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇੱਕ ਈਮੇਲ ਸ਼ਿਵ ਨਾਥ ਦੀ ਬੀਮਾਰੀ ਦੇ ਇਲਾਜ ਖਾਤਰ ਲਿਖ ਦਿੱਤੀ, ਤੇ ਨਾਲ ਹੀ ਇੱਕ ਈਮੇਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਵੀ ਲਿਖ ਦਿੱਤੀ। ਈਮੇਲ ਮਿਲਦਿਆਂ ਹੀ ਸੰਧਵਾ ਜੀ ਨੇ ਭੁੱਲਰ ਜੀ ਨੂੰ ਖੁਦ ਫੋਨ ਕੀਤਾ ਤੇ ਆਖਿਆ, "ਸਰ, ਜਦ ਸਰਕਾਰੀ ਪੈਸੇ ਮਨਜੂਰ ਹੋਣਗੇ, ਉਹ ਵੀ ਦੇ ਦਿਆਂਗੇ, ਫਿਲਹਾਲ ਮੈਂ ਆਪਣੀ ਜੇਬ 'ਚੋਂ ਸ਼ਿਵ ਨਾਥ ਜੀ ਨੂੰ ਇਲਾਜ ਵਾਸਤੇ ਪੈਸੇ ਦੇ ਕੇ ਆਉਂਦਾ ਹਾਂ।" ਕੁਲਤਾਰ ਸਿੰਘ ਸੰਧਵਾਂ ਨੇ ਜੋ ਕਿਹਾ, ਉਹ ਉਸਨੇ ਕੀਤਾ ਤੇ ਲਿਖਾਰੀ ਸ਼ਿਵ ਨਾਥ ਦਾ ਇਲਾਜ ਹੋਰ ਚੰਗੇ ਢੰਗ ਨਾਲ ਹੋਣ ਲੱਗਿਆ। ਉਸਦੇ ਪਰਿਵਾਰ ਦਾ ਟੁੱਟਾ ਹੌਸਲਾ ਬੱਝਣ ਲੱਗਿਆ। ਜਿਹੜੀ ਈਮੇਲ ਭੁੱਲਰ ਜੀ ਨੇ ਮੁੱਖ ਮੰਤਰੀ ਮਾਨ ਸਾਹਿਬ ਨੂੰ ਲਿਖੀ ਸੀ, ਉਹ ਉਨਾਂ ਦੇ ਦਫਤਰ ਵਿੱਚ ਮਿਲਦੇ ਸਾਰ ਮੁੱਖ ਮੰਤਰੀ ਨੇ ਪੰਜਾਬ ਦੇ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੂੰ ਭੇਜ ਦਿੱਤੀ। ਡਾ: ਬਲਬੀਰ ਸਿੰਘ ਨੇ ਭੁੱਲਰ ਜੀ ਨੂੰ ਆਪ ਫੋਨ ਕਰਿਆ ਤੇ ਆਖਿਆ, "ਪੰਜਾਬ ਸਰਕਾਰ ਵੱਲੋਂ ਇਲਾਜ ਮੁਫਤ ਵਾਸਤੇ ਹਸਪਤਾਲ ਨੂੰ ਆਖ ਦਿੱਤਾ ਹੈ,ਇਲਾਜ ਮੁਫਤ ਹੋ ਜਾਏਗਾ ਤੇ ਅਸੀਂ ਹੋਰ ਵੀ ਆਰਥਿਕ ਸਹਾਇਤਾ ਲਈ ਜਲਦੀ ਹੀ ਸਾਰਾ ਕੁੱਝ ਕਰਦੇ ਹਾਂ, ਆਪ ਫਿਕਰ ਨਾ ਕਰੋ।"

****ਇਹ ਜੋ ਕਿੱਸਾ ਆਪ ਨੇ ਸ਼ਿਵ ਨਾਥ ਵਾਲਾ ਪੜਿਆ ਹੈ, ਇਹ ਗੱਲ ਮਾਮੂਲੀ ਨਹੀਂ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਸਮੇਂ ਉਨਾਂ ਸਮਿਆਂ ਵਿੱਚ ਪੰਜਾਬ ਦੇ ਬੜੇ ਬੜੇ ਨਾਮਵਰ ਕਲਾਕਾਰ, ਲੇਖਕ, ਚਿੱਤਰਕਾਰ ਤੇ ਸੰਗੀਤਕਾਰ ਇਲਾਜ ਕਰਵਾਉਣ ਖੁਣੋ ਹੀ ਮਰ-ਖਪ ਗਏ। ਕਿਸੇ ਨੇ ਉਨਾਂ ਦੀ ਆਵਾਜ ਹੀ ਬੁਲੰਦ ਨਹੀ ਕੀਤੀ, ਜੇ ਕਿਸੇ ਨੇ ਕੀਤੀ ਵੀ ਸੀ, ਤਾਂ ਕਿਸੇ ਨੇ ਸੁਣੀ ਹੀ ਨਹੀਂ ਸੀ।

*** ਕੁਲਤਾਰ ਸਿੰਘ ਸੰਧਵਾਂ ਮੈਨੂੰ ਕੋਈ ਓਪਰਾ ਨਹੀ ਹੈ, ਮੇਰੇ ਜਿਲੇ ਦਾ ਹੈ। ਉਹ ਮੰਤਰੀ ਵੀ ਨਹੀ ਹੈ, ਤੇ ਉਹ ਸਿਰਫ ਸਪੀਕਰ ਪੰਜਾਬ ਵਿਧਾਨ ਸਭਾ ਹੋ ਕੇ ਇੱਕ ਮੰਤਰੀ ਤੋਂ ਵੀ ਵੱਧ ਫਰਜ ਨਿਭਾ ਗਿਆ ਹੈ। ਹੈ ਨਾ ਸੁਆਦ ਵਾਲੀ ਗੱਲ, ਤੇ ਨਾਲ ਮਾਣ ਕਰਨ ਵਾਲੀ ਵੀ ਗੱਲ ਵੀ! ਇੱਥੇ ਮੈਨੂੰ ਲਿਖਦੇ ਹੋਏ ਯਾਦ ਆ ਗਿਆ ਹੈ ਕਿ ਜੋ ਗੁਰਬਚਨ ਸਿੰਘ ਭੁੱਲਰ ਨੇ ਕੁਲਤਾਰ ਸਿੰਘ ਸੰਧਵਾਂ ਹੱਥੋਂ ਕਰਵਾਇਆ ਹੈ, ਉਹੀ ਮੈਂ 2018 ਵਿੱਚ ਉਸ ਵੇਲੇ ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਹੱਥੋਂ ਸਾਡੇ ਉਘੇ ਨਾਟਕਕਾਰ ਅਜਮੇਰ ਸਿੰਘ ਔਲਖ ਵਾਸਤੇ ਕਰਵਾਇਆ ਸੀ ਤੇ ਸਿੱਧੂ ਦੇ ਨਿੱਜੀ ਖਾਤੇ 'ਚੋਂ ਹੀ ਕਰਵਾਇਆ ਸੀ। ਸਿੱਧੂ ਖੁਦ ਸਾਡੇ ਨਾਲ ਫੋਰਟਿਸ ਹਸਪਤਾਲ ਔਲਖ ਜੀ ਦਾ ਬਕਾਇਆ ਲੱਖਾਂ ਰੁਪਏ ਦਾ ਬਿੱਲ ਅਦਾ ਕਰਨ ਗਏ ਸਨ। ਇਸ ਗੱਲ ਦੀ ਸੱਭਿਆਚਾਰਕ ਖੇਤਰ ਵਿੱਚ ਸਿਫਤ ਵੀ ਹੋਈ ਸੀ ਤੇ ਹੋਣੀ ਵੀ ਚਾਹੀਦੀ ਸੀ। ਖੈਰ ----

ਨਹੀਓਂ ਲੱਭਣੇ ਲਾਲ ਗੁਆਚੇ
ਮਿੱਟੀ ਨਾ ਫਰੋਲ ਜੋਗੀਆ

(ਨਿੰਦਰ ਘੁਗਿਆਣਵੀ ਦੀ ਬਿਜਲਈ ਕੰਧ ਉੱਪਰੋਂ ਬੜੇ ਮਾਣ ਨਾਲ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਇਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ




East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



# ਉਹ ਵੇਲਾ ਯਾਦ ਕਰ


ਬਲਵਿੰਦਰ ਕੌਰ ਬਰਾੜ
403 590 9629



## ਇੱਕ ਵਿਆਹ ਵਿੱਚ ਫੌਜੀ ਪ੍ਰਾਹੁਣਾ'ਬਲੱਡੀ ਫੂਲ' ਆਖੀ ਜਾਵੇ। ਅੱਗੋਂ ਅਨਪੜ੍ਹ ਜੱਟ ਹੱਸੀ ਜਾਵੇ।

ਕਦੇ ਨਾ ਆਇਆ ਵੇ ਤੂੰ ਹਸਦਾ ਖੇਡਦਾ
ਹਰ ਵੇਲੇ ਰੱਖੇਂ ਸੌ ਸੌ ਤਿਉੜੀ ਕਰ ਕੇ
ਤੈਨੂੰ ਦੱਬ ਕਿਉਂ ਨਾ ਦਿੱਤਾ ਵੇ ਕੁੜੀ ਕਰ ਕੇ-----

ਫੁੱਲਾਂ ਵਾਂਗ ਖਿੜੀ ਕਿਸੇ ਅੱਲ੍ਹੜ ਨੇ ਜਦ ਇਹ ਬੋਲੀ ਪਾਈ ਸੀ ਤਾਂ ਮੈਨੂੰ ਖ਼ੂਬਸੂਰਤ ਕੁੜੀ ਦੀ ਜੂਨ ਕਿਸੇ ਮੱਚੜ ਜਿਹੇ ਨਾਲ ਨਿਭਦੀ ਸੋਚ ਕੇ ਔਖ ਚੜ੍ਹੀ ਸੀ। ਕਈ ਲੋਕਾਂ ਦੇ ਮੱਥੇ ਤੇ ਛੋਟੀ ਗੱਲ ਤੋਂ ਹੀ ਤ੍ਰਿਸ਼ੂਲ ਬਣਿਆ ਰਹਿੰਦੈ। ਉਹ ਜ਼ਿੰਦਗੀ ਵਿੱਚ 'ਚੱਲ ਹੋਊ' ਕਰਨਾ ਹੀ ਨਹੀਂ ਜਾਣਦੇ। ਉਨ੍ਹਾਂ ਦੇ ਅੰਦਰਲੀ ਖਿੱਝ ਮੂੰਹ ਤੇ ਤਸਵੀਰ ਬਣਦੀ ਹੈ। ਮਨੋਵਿਗਿਆਨੀ ਗੁੱਸੇ ਨੂੰ ਮਾਨਸਿਕ ਰੋਗ ਦੱਸਦੇ ਹਨ। ਚਲੋ ਥੋੜ੍ਹਾ ਬਹੁਤਾ ਗੁੱਸਾ ਤਾਂ ਸੁਭਾਵਿਕ ਹੈ ਪਰ ਗੁੱਸੇ ਵਿੱਚ ਉਲਾਰ ਹੋ ਕੇ ਭਾਂਡੇ ਭੰਨਣੇ, ਜਵਾਕ ਕੁੱਟਣੇ, ਹੁੱਜਾਂ ਮਾਰਨੀਆਂ, ਕਚੀਚੀ ਵੱਟਣਾ, ਇਹ ਸਭ ਜ਼ਾਬਤੇ ਤੋਂ ਬਾਹਰ ਹੋਣ ਦੀਆਂ ਅਲਾਮਤਾਂ ਹਨ, ਜਦੋਂ ਬੇ-ਕਾਬੂ ਹੋਇਆ ਹਰਖ ਛੱਤਣੀਂ ਜਾ ਚੜ੍ਹਦਾ ਹੈ। ਘਰ ਦਾ ਮਾਹੌਲ ਦੂਸ਼ਿਤ ਹੋ ਕੇ ਦੁੱਭਰ ਹੋ ਜਾਂਦਾ ਹੈ। ਦੇਹੀ ਰੋਗ ਵਾਲੇ ਬੀ ਪੀ, ਥਾਏਰਡ, ਡਿਪਰੈਸ਼ਨ ਵੀ ਗੁੱਸੇ ਦਾ ਕਾਰਨ ਬਣਦੇ ਹਨ। ਕਿਹਾ ਜਾਂਦਾ ਹੈ ਮੁਸਕਰਾਉਣ ਲਈ 25 ਮਾਸ-ਪੇਸ਼ੀਆਂ (ਮੱਸਲਜ਼) ਕੰਮ ਕਰਦੀਆਂ ਹਨ ਪਰ ਤਿਉੜੀ ਪਾਉਣ ਲਈ 45 ਚਾਹੀਦੀਆਂ ਹਨ। ਤਕਨਾਲੋਜੀ ਨੇ ਤੇਜ਼ ਰਫ਼ਤਾਰ ਨਾਲ ਮਨੁੱਖ ਨੂੰ ਭਜਾ ਭਜਾ ਕੇ ਸਹਿਣ-ਸ਼ਕਤੀ ਤੋਂ ਕੋਰਾ ਹੀ ਕਰ ਦਿੱਤਾ ਹੈ। ਅਸੀਂ ਗੁੱਸੇ ਕਿਸੇ ਹੋਰ ਤੇ ਹੁੰਦੇ ਹਾਂ, ਗੁੱਸਾ ਕੱਢਦੇ ਕਿਸੇ ਹੋਰ ਤੇ ਹਾਂ ਤੇ ਨੁਕਸਾਨ ਸਾਡਾ ਆਪਣਾ ਹੋ ਜਾਂਦਾ ਹੈ। ਵੇਖਿਆ ਜਾਵੇ ਤਾਂ ਇੱਕ ਮਿੰਟ ਦਾ ਗੁੱਸਾ ਸਾਡੇ 60 ਸਕਿੰਟ ਬਰਬਾਦ ਕਰ ਧਰਦਾ ਹੈ। ਗੁੱਸੇ ਨਾਲ ਸਾਡੇ ਸਾਹ ਕਾਹਲ਼ੇ ਹੋ ਜਾਂਦੇ ਹਨ, ਮੂੰਹ ਲਾਲ, ਅੱਖਾਂ ਗਹਿਰੀਆ ਤੇ ਖ਼ੂਨ ਉਬਾਲ਼ੇ ਖਾਂਦਾ ਤੇਜ਼ ਗਤੀ ਫੜਦਾ ਹੈ, ਸਰੀਰ ਗਰਮ, ਦੂਰ ਨਿਗਾਹ ਕਮਜ਼ੋਰ ਅਤੇ ਸੋਚਣ-ਸ਼ਕਤੀ ਬੰਦ ਹੋ ਕੇ ਉਲਾਰ ਜਾਂ ਨਾਹ-ਪੱਖੀ ਹੋ ਜਾਂਦੀ ਹੈ। ਨੀਂਦ ਤੇ ਭੁੱਖ ਮਰਦੀ ਹੈ, ਹਰ ਸਿੱਧੀ ਗੱਲ ਵੀ ਪੁੱਠੀ ਲੱਗਦੀ ਹੈ। ਕਿਸੇ ਨੂੰ ਜਾਚਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਅਸੀਂ ਲਾਲ ਬੱਤੀ ਤੇ ਖੜ੍ਹੇ ਵੀ ਖਿਝੀ ਜਾਂਦੇ ਹਾਂ। ਸਾਡੀ ਦੇਹੀ ਵੀ ਮਸ਼ੀਨ ਨਾਲ ਇਕਸੁਰ ਹੁੰਦੀ ਅੰਦਰਲਾ ਸੰਤੁਲਨ ਗੁਆ ਲੈਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕੋਈ ਵੀ ਫੈਸਲਾ ਗੁੱਸੇ ਵਿੱਚ ਨਹੀਂ ਕਰਨਾ ਚਾਹੀਦਾ। ਗੁੱਸੇ ਦੀਆ ਵੀ ਵੱਖ ਵੱਖ ਪਰਤਾਂ ਹਨ। ਘਰ ਦਿਆਂ ਨਾਲ ਹਰਖ ਜਾਂ ਰੋਸਾ ਪਲਦਾ ਹੈ, ਹੋਰਨਾਂ ਤੇ ਗੁੱਸਾ ਵੱਖਰਾ ਰੋਹ ਚੜ੍ਹਾ ਦਿੰਦਾ ਹੈ, ਦੁਸ਼ਮਣਾਂ ਤੇ ਕ੍ਰੋਧ ਮਿਲੀ ਨਫ਼ਰਤ ਪਲ਼ਦੀ ਹੈ। ਉਮਰ ਨਾਲ ਵੀ ਇਸ ਦਾ ਸੰਬੰਧ ਹੈ। ਜੇ ਵੇਖਿਆ ਜਾਵੇ ਢਲ਼ਦੀ ਉਮਰੇ ਗੁੱਸਾ ਵੀ ਢਲਣਾ ਚਾਹੀਦਾ ਹੈ, ਹੋਰ ਲੋਕ ਸਾਡੇ ਤੋਂ ਛੋਟੇ ਹਨ, ਪਤਾ ਨਹੀਂ ਅਸੀਂ ਹੋਰ ਕਿੰਨੀ ਕੁ ਦੇਰ ਹਾਂ। ਛੋਟੇ ਹਾਲੇ ਸਾਡੇ ਵਾਂਗ ਗ਼ਲਤੀਆਂ ਦੇ ਰਾਹ ਤੇ ਹੋਣਗੇ। ਇਸ ਲਈ ਸਾਡਾ ਖਾਸਾ ਮੁਆਫ਼ ਕਰਨਾ ਬਣਦਾ ਹੈ।ਪਰ ਮੈਂ ਕਈ ਬਜ਼ੁਰਗ ਵੀ ਅੱਗ ਦੀ ਨਾ਼ਲ ਬਣੇ ਵੇਖੇ ਹਨ ਜਿਵੇਂ ਸਾਰੀ ਉਮਰ ਦੀਆਂ ਅਪ੍ਰਾਪਤੀਆਂ ਦਾ ਗਿਲਾ ਇਕੱਠਾ ਕਰੀ ਫਿਰਦੇ ਹੋਣ। ਜਵਾਨ ਉਮਰੇ ਖ਼ੂਨ ਦੇ ਉਬਾਲ਼ੇ ਸਮੇ ਸਾਰੀ ਕਾਇਨਾਤ ਦੀ ਬੇ-ਤਰਤੀਬੀ ਤੇ ਰੋਹ ਚੜ੍ਹਦਾ ਹੈ। ਪੂਰਾ ਨਿਜ਼ਾਮ ਹੀ ਮੂਧਾ ਮਾਰਨ ਜਿਹੀ ਖਿਝ ਪਨਪਦੀ ਹੈ। ਨਿੱਜੀ ਲਾਲਸਾਵਾਂ ਵੀ ਪੂਰੀਆਂ ਸਿਖਰ ਤੇ ਹੁੰਦੀਆਂ ਹਨ। ਤਾਰੇ ਤੋੜ ਕੇ ਮਹ੍ਬੂਬਾ ਦੇ ਸਿਰ ਟੰਗਣ ਦੀ ਰੀਝ ਦੇ ਰਾਹ ਵਿੱਚ ਜੋ ਵੀ ਸਿਰ ਚੁੱਕਦਾ ਹੈ, ਵਿਹੁ ਵਰਗਾ ਲੱਗਦਾ ਹੈ। ਇੱਥੋਂ ਹੀ ਗੁੱਸੇ ਦੇ ਗੁਬਾਰ ਅੰਦਰ ਪਲਸੇਟੇ ਮਾਰਨ ਲਗਦੇ ਹਨ। ਆਪਣਾ ਆਪ ਹੀ ਠੀਕ ਤੇ ਉਚਿੱਤ ਲਗਦਾ ਹੈ। ਪਰ ਜਦ ਇਹ ਪੜਾਅ ਲੰਘ ਜਾਂਦਾ ਹੈ ਫੇਰ ਅੱਖਾਂ ਮੂਹਰੇ ਸੱਚ ਨਿਤਰਨ ਲੱਗਦਾ ਹੈ ਫਰੀਦ ਨੇ ਗੁੱਸਾ ਮਨ ਤੋਂ ਪਰ੍ਹਾਂ ਰੱਖਣ ਨੂੰ ਠੀਕ ਕਿਹਾ ਸੀ।

ਵਿਗਿਆਨ ਦੱਸਦਾ ਹੈ ਕਿ ਜੀਭ ਦਾ ਜ਼ਖ਼ਮ ਛੇਤੀ ਭਰਦਾ ਹੈ ਪਰ ਗਿਆਨ ਦੱਸਦਾ ਹੈ ਜ਼ਬਾਨ ਦਾ ਦਿੱਤਾ ਹੋਇਆ ਜ਼ਖ਼ਮ ਕਦੇ ਠੀਕ ਨਹੀਂ ਹੁੰਦਾ। ਇੱਕ ਵਾਰੀ ਸਕੂਲੋਂ ਆ ਕੇ ਕਿਸੇ ਬੱਚੇ ਨੇ ਮਾਂ ਨੂੰ ਕਿਹਾ,'ਅੱਜ ਰਾਣੇ ਨੇ ਮੈਨੂੰ ਸੂਰ ਕਿਹਾ ਸੀ'। ਮਾਂ ਨੇ ਪੂਰਾ ਗੁੱਸਾ ਕੀਤਾ ਇਹ ਤਾਂ ਗਾਲ਼੍ਹ ਕੱਢੀ ਐ। ਅਗਲੇ ਦਿਨ ਉਹਨੇ ਰਾਣੇ ਨੂੰ ਢਾਹ ਲਿਆ। ਉਹ ਆਖੇ ਮੈਂ ਤਾਂ ਕੱਲ੍ਹ ਕਿਹਾ ਸੀ। ਦੂਜਾ ਆਖੇ ਕੱਲ੍ਹ ਮੈਨੂੰ ਅਰਥ ਨਹੀਂ ਪਤਾ ਸੀ। ਇਉਂ ਹੀ ਕਈ ਵਾਰ ਅਰਥਾਂ ਦੇ ਅਨਰਥ ਲਾਂਬੂ ਲਾਈ ਰੱਖਦੇ ਹਨ। ਗੁੱਸਾ ਕਦੇ ਵੀ ਉਸਾਰੂ ਨਹੀਂ ਹੁੰਦਾ, ਇਸ ਤੋਂ ਟਾਲ਼ਾ ਹੀ ਵਧੀਆ ਹੋ ਸਕਦੈ। ਜੇ ਵੱਧ ਗੁੱਸਾ ਆ ਜਾਵੇ, ਮੌਕੇ ਤੋਂ ਵੱਖਰੇ ਹੋ ਜੋ, ਠੰਢਾ ਪਾਣੀ ਪੀ ਲਓ, ਮਨ ਹੋਰ ਪਾਸੇ ਲਾ ਲਓ, ਬਾਹਰ ਤੁਰਨ ਜਾਓ, ਜਿੰਮ ਜਾਓ, ਮਨ ਹੋਰਥੇ ਪਾਓ, ਦੋਸਤ ਕੋਲ਼ ਜਾਓ, ਕੁੱਝ ਵੀ ਕਰੋ, ਬੱਸ ਉਸ ਸਥਿੱਤੀ ਤੋਂ ਟਲ਼ ਜਾਓ, ਲੰਮੇ ਸਾਹ ਲਓ, ਰੱਬ ਮੂਹਰੇ ਦੁਆ ਕਰੋ ਕਿ ਮੈਂ ਪਹਿਲੀ ਗ਼ਲਤੀ ਦੁਹਰਾਵਾਂ ਨਾ। ਦੂਜੇ ਦੀ ਥਾਂ ਤੇ ਖੜ੍ਹਨ ਨਾਲ ਪਾਸਾ ਪਲਟ ਜਾਂਦਾ ਹੈ। ਇੱਕ ਵਾਰੀ ਬਹੁਤੇ ਗੁੱਸੇ ਵਾਲਾ ਕਿਸੇ ਸਾਧ ਕੋਲ ਗਿਆ। ਸਾਧ ਨੇ ਤਰੀਕਾ ਦੱਸਿਆ ਜਦ ਵੱਧ ਗੁੱਸਾ ਆ ਜੇ, ਇੱਕ ਲੱਕੜ ਤੇ ਮੇਖ ਠੋਕ ਦਿਆ ਕਰ। ਵੀਹ ਮੇਖਾਂ ਠੋਕਣ ਤੋਂ ਬਾਅਦ ਉਸ ਦਾ ਗੁੱਸਾ ਘਟ ਗਿਆ। ਸਾਧ ਨੇ ਕਿਹਾ ਅੱਜ ਮੇਖਾਂ ਬਾਹਰ ਕੱਢ ਲੈ। ਮੇਖਾਂ ਪੁੱਟਣ ਪਿੱਛੋਂ ਲੱਕੜ ਤੇ ਹੋਈਆਂ ਮੋਰੀਆਂ ਦਿਖਾ ਕੇ ਸਾਧ ਨੇ ਕਿਹਾ, 'ਆਹ ਦੇਖ, ਗੁੱਸਾ ਕਰਨ ਨਾਲ ਹੋਈਆਂ ਮੋਰੀਆਂ ਨਾਲ ਕਿਸੇ ਦਾ ਸੀਨਾ ਛਲਣੀ ਹੋ ਜਾਂਦਾ ਹੈ। ਇਉਂ ਗੁੱਸੇ ਦੇ ਪਿੱਛੋਂ ਹੋਈ ਤਬਾਹੀ ਪਛਤਾਵਾ ਬਣਦੀ ਹੈ।'ਇੱਕ ਵਿਆਹ ਵਿੱਚ ਫੌਜੀ ਪ੍ਰਾਹੁਣਾ'ਬਲੱਡੀ ਫੂਲ' ਆਖੀ ਜਾਵੇ। ਅੱਗੋਂ ਅਨਪੜ੍ਹ ਜੱਟ ਹੱਸੀ ਜਾਵੇ। ਪੁੱਛਣ ਤੇ ਦੱਸੇ ਕਿ ਪ੍ਰਾਹੁਣਾ ਮੈਨੂੰ ਬਰਾਂਡੀ ਪੀਣ ਨੂੰ ਆਖਦੈ। ਸਾਰੇ ਪਾਸੇ ਹਾਸੜ ਮੱਚਗੀ। ਸਾਰਾ ਪੰਗਾ ਤਾਂ ਸਮਝ-ਬੇਸਮਝੀ ਤੇ ਆ ਜਾਂਦਾ ਹੈ। ਚਲੋ ਆਪਾਂ ਸਮਝਣ ਲੱਗੇ ਹੋਰਾਂ ਦੇ ਥਾਂ ਦਾ ਅਰਥ ਵੀ ਸਮਝੀਏ -

ਗੌਰ ਨਾਲ ਸੁਣੀਂਦਾ ਸਿਆਣਿਆਂ ਦੀ ਗੱਲ ਨੂੰ।
ਉਂਗਲ਼ੀ ਉਠਾਈਏ ਨਾ ਨਿਤਾਣਿਆਂ ਦੇ ਵੱਲ ਨੂੰ।
ਦੇਣਾ ਪਊ ਹਿਸਾਬ ਅੱਗੇ ਜਾ ਕੇ ਪਾਈ ਪਾਈ ਦਾ।
ਨਿੱਕੀ ਜਿਹੀ ਗੱਲ ਦਾ ਬੁਰਾ ਨਹੀਂ ਮਨਾਈਦਾ।

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ, M.sc. (Mathematics), M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਓ,' ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , ਫੋਨ ਕਾਲ: 825 889 6474 ***230***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 ***230***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਵਿ ਦਿਅਕ ਯੋਗਤਾ ਬੀ ਫਾਰਮੇਸੀ (ਇੰਡੀਆ) ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਐਡਮੰਟਨ ਅਤੇ ਕੈਲਗਰੀ ਨੂੰ ਪਹਿਲ । ਸੰਪਰਕ: 1 431 351 0752 ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਡਾਕਟਰ (ਸਰਜਨ) ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਚੰਗਾ ਪੜ੍ਹਿਆ ਲਿਖਿਆ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ,ਉਮਰ ਘੱਟੋ ਘੱਟ 30 ਸਾਲ ਤੋਂ ਉੱਪਰ ਵਾਲੇ ਹੀ ਸੰਪਰਕ ਕਰਨ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੀ ਜਨਮ 1998 ਕੱਦ 5 ਫੁੱਟ4 ਇੰਚ ਵੈੱਲ ਸੈਟਲਡ ਲੜਕੀ ਲਈ ਹਾਣ ਪ੍ਰਵਾਣ ਦੇ ਅੰਮ੍ਰਿਤਧਾਰੀ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਨੇਡਾ ਵਿੱਚ ਹੀ ਪੜਿਆ ਹੋਵੇ, ਸਿਰਫ ਅਮ੍ਰਿਤਧਾਰੀ ਲੜਕੇ ਵਾਲੇ ਹੀ ਸੰਪਰਕ ਕਰਨ । ਫ਼ੋਨ ਨੰਬਰ 403 455 4344 ***226***

### ਲੜਕੀ ਦੀ ਲੋੜ
Sikh Ramgarhia well settled family in Canada looking for a suitable match for their 32 year old son, doing business in Ontario and Winnipeg. Canadian citizen,5-10, Active in real estate and financing business. Call at 204-510-7658 or 437-881-7282. ***230***

### ਗੁਰਸਿੱਖ ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 **229**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

### ਲੜਕੀ ਦੀ ਲੋੜ
ਜੱਟ ਸਿੱਖ ਬਰਾੜ ਪਰਿਵਾਰ ਦੇ ਕਨੇਡਾ ਵਿੱਚ ਹੀ ਜੰਮੇ ਪਲੇ ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਯੂਨੀਵਰਿਸਟੀ ਮੈਨੀਟੋਬਾ ਤੋਂ ਬੈਚੂਲਰ ਆਫ ਆਰਟਸ,ਮੇਜਰ ਇਨ ਫਿਸਿਆਲੋਜੀ ਐਂਡ ਮਾਈਨਰ ਇਨ ਹਿਊਮਨ ਰਿਸੋਰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਬੈਂਕ ਵਿੱਚ ਅਸਿਸਟੈਂਟ ਮੈਨਟਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ ਐਡਮੰਟਨ ਵਿੱਚ ਆਪਣਾ ਘਰ ਹੈ। ਕੈਲਗਰੀ ਅਤੇ ਐਡਮੰਟਨ ਨੂੰ ਪਹਿਲ। ਸੰਪਰਕ: 1 204 960 5145 ***224***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1988,ਕੱਦ 5 ਫੁੱਟ 3 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਵਟਸਐਪ: 918360079862 ***224***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜ਼ਨ,ਜੱਟ ਸਿੱਖ ਬੈਨੀਪਾਲ ਪਰਿਵਾਰ ਦੇ ਪੱਗ ਬੰਨ੍ਹਣ ਦੇ ਸ਼ੌਕੀਨ ਲੜਕੇ,ਉਮਰ 34 ਸਾਲ,ਕੱਦ 6 ਫੁੱਟ 2 ਇੰਚ,ਬੀ ਟੈਕ,ਐਮ ਬੀ ਏ ਲਈ ਸੁੰਦਰ ਸੁਸ਼ੀਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 788 6113 ਵਟਸਐਪ: 919463004142 ***224***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1990,ਕੱਦ 5 ਫੁੱਟ 11 ਇੰਚ, ਕੰਪਿਊਟਿਰ ਸਾਇੰਸ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਿਨੀਪੈਗ ਨੂੰ ਪਹਿਲ, ਜੇਕਰ ਲੜਕੀ ਕਿਸੇ ਹੋਰ ਸਿਟੀ ਵਿੱਚ ਰਹਿੰਦੀ ਹੋਵੇ ਤਾਂ ਵਿਆਹ ਤੋਂ ਬਾਦ ਵਿਨੀਪੈਗ ਰਹਿਣ ਲਈ ਰਾਜੀ ਹੋਵੇ। ਸੰਪਰਕ: 1 431 278 2345 ***224***

### ਲੜਕੇ ਦੀ ਲੋੜ
ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 903 4149 ***227***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉਪਰ ( ਪੀ ਆਰ ਅਪਲਾਈ ਕੀਤਾ ਹੋਇਆ ਹੈ) ਨਰੂਲਾ ਪਰਿਵਾਰ ਦਾ ਲੜਕੇ ਉਮਰ 34 ਸਾਲ,ਕੱਦ 6 ਫੁੱਟ, ਬੀ ਟੈਕ ਕੰਪਿਊਟਰ ਸਾਇੰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਏਸ ਟਾਈਮ ਮੈਨੇਜਰ ਦੀ ਜੌਬ ਕਰ ਰਿਹਾ ਹੈ । ਸੰਪਰਕ: 403 973 4039 ***223***

### ਲੜਕੀ ਦੀ ਲੋੜ
ਜੱਟ ਸਿੱਖ ਉੱਪਲ ਪਰਿਵਾਰ ਦੇ ਲੜਕੇ ਉਮਰ 23 ਸਾਲ ,ਕੱਦ 6 ਫੁੱਟ, ਲੁਧਿਆਣਾ ਜਿਲੇ ਵਿੱਚ ਰਾਇਕੋਟ ਏਰੀਆ 8 ਕਿੱਲੇ ਜ਼ਮੀਨ ਦੀ ਮਾਲਕੀ, ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਵਿੱਚ ਵਿਜਟਿਰ ਵੀਜੇ ਉੱਪਰ ਆਇਆ ਹੋਇਆ ਹੈ ਅਤੇ ਉਸ ਨੇ ਵਰਕ ਪਰਮਿਟ ਵੀ ਅਪਲਾਈ ਕੀਤਾ ਹੋਇਆ ਹੈ। ਸੰਪਰਕ: 403 607 2874 ***223***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

### ਲੜਕੇ ਦੀ ਲੋੜ
Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

### ਲੜਕੀ ਦੀ ਲੋੜ
Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

### ਲੜਕੇ ਦੀ ਲੋੜ
ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 338 0570 ਜਾਂ 1 204 504 8723 ***226***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

### ਲੜਕੀ ਦੀ ਲੋੜ
ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ । ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ । ਸੰਪਰਕ: 587 837 4330 , ਵਟਸ ਐਪ: 8527485888 ***226***

### ਲੜਕੀ ਦੀ ਲੋੜ
ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

### ਲੜਕੀ ਦੀ ਲੋੜ
ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਿਸਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902 E mail: vijaykumarsuman25@yahoo.co.in ***225***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436




## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਜ਼ਮੀਨ ਵਿਕਾਊ ਹੈ
ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।
1-306 581 2187

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

## ਬਿਜਨਿਸ ਵਿਕਾਊ ਹੈ




ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।
ਸੰਪਰਕ: 306 850 9734


## Name Change
I, **RAMANDEEP KAUR** daughter of **JOGA SINGH,** holder of Indian Passport No # **V7489204**, issued at **JALANDHAR**, on 21/03/2022, permanent resident of, **V.P.O: AJNOHA,TEH: GARHSHANKAR,HOSHIARPUR PIN: 144404, PUNJAB, INDIA** and presently **residing at 59 Howse Hill Northeast Calgary, AB T3P0X1 Canada,** do hereby change my name from **RAMANDEEP KAUR** to **RAMANDEEP KAUR PARMAR**, with immediate effect.
Date: 01,AUG, 2023 Cont.: 587 581 9596

# BBB Consumer Alert: Beware of "free inspection" scams

CALGARY (PAB) With violent weather wreaking havoc on Calgary and southern Alberta homeowners in recent weeks, BBB is warning consumers to watch out for individuals offering free inspections.

"Following a major storm when there has been damage to homes there is an opportunity for fly-by-night operators to show up at your door and offer to take care of the damage to your home," says Mary O'Sullivan-Andersen, President and CEO of BBB Serving Southern Alberta and East Kootenay. "This could range from the roof to home siding and more." Adding, "Be very wary of unsolicited offers from people claiming to be contractors. Do your due diligence, check to see if they are accredited by BBB, ask them for references from other customers.

Other tips include:

Ask for multiple quotes. You should always shop around and get at least three quotes from different businesses.

Get your insurance company to inspect the damage: Before signing any paperwork or contracts with a roofing company, or other contractor, you can have your insurance company come out for an inspection to verify the need for repairs or replacements.

Get it in writing. Always get estimates in writing and never let any work begin without a written and signed contract. Do not be pressured into signing an agreement before you are ready and make sure you read and understand everything before signing. The contract should include contact information, start and completion dates, a detailed description of the exact work to be done, any material costs, payment arrangements, and warranty information.

Verify license and insurance: Always be sure that the company you decide to work with has the necessary licenses and insurance to work in your region.

Confirm building permits: Your contractor must have the correct permits before starting your project. They will usually obtain the permits, but you will probably pay for them. That should be detailed in your contract. Request that all final inspections be completed by the local building official prior to final payment.

Think about future service issues: Make sure you are aware of your warranty coverage and how to deal with service issues.

Get a receipt: Request a receipt marked "Paid in Full" when the job is completed, and your final payment made.


Keep your contract: Hold on to your contract for future reference or if any questions arise after the work is complete.

# ਪੁਸਤਕ ਸਮੀਖਿਆ ਅੰਬਰੀਂ ਉੱਡਣ ਤੋਂ ਪਹਿਲਾਂ



ਜਗਦੇਵ ਸਿੱਧੂ
403 351 1136



ਡਾ. ਗੁਰਮਿੰਦਰ ਸਿੱਧੂ ਨੇ ਸਾਹਿਤ ਜਗਤ ਨੂੰ ਦੋ ਦਰਜਨ ਤੋਂ ਵੱਧ ਮਿਆਰੀ ਪੁਸਤਕਾਂ ਦੇ ਕੇ ਅਮੀਰ ਕੀਤਾ ਹੈ ਜੋ ਕਈ ਵਿਧਾਵਾਂ ਵਿਚ ਹਨ। "ਅੰਬਰੀਂ ਉੱਡਣ ਤੋਂ ਪਹਿਲਾਂ" ਉਸ ਦਾ ਪਹਿਲਾ ਨਾਵਲ ਹੈ। ਇਸ ਨਾਵਲ ਦੀ ਪਟ-ਕਥਾ ਸੱਚੀ ਕਹਾਣੀ 'ਤੇ ਆਧਾਰਿਤ ਹੈ, ਜਿਸ ਵਿਚ ਲੋੜ ਅਨੁਸਾਰ ਵਿਅਕਤੀਆਂ ਅਤੇ ਸਥਾਨਾਂ ਦੇ ਨਾਂਵਾਂ ਸਮੇਤ ਪਤੇ ਬਦਲੇ ਗਏ ਹਨ। ਕਥਾ-ਜੁਗਤ ਮੁੱਖ ਤੌਰ ਤੇ ਵਾਰਤਾਲਾਪੀ ਹੈ। ਨਾਵਲ ਦੀ ਸਮੱਗਰੀ ਇੱਕ ਮਾਂ ਦੀ ਡਾਇਰੀ ਹੈ ਜਿਸ ਉੱਤੇ ਕਹਾਣੀ ਉਸਰਦੀ ਹੈ। ਇੱਕ ਨਿਵੇਕਲੀ ਖ਼ੂਬੀ ਇਹ ਹੈ ਕਿ ਪਾਤਰਾਂ ਦੇ ਨਾਂ ਆਪਮੁਹਾਰੇ ਕਹਾਣੀ ਵਿਚ ਆਏ ਹਨ ਪਰ ਇੱਕ ਮੁੱਖ ਪਾਤਰ, ਜੋ ਸਰਘੀ ਦੀ ਮਾਂ ਹੈ ਅਤੇ ਡਾਇਰੀ ਲਿਖਦੀ ਹੈ, ਨਾਲੋ-ਨਾਲ ਸੂਤਰਧਾਰ ਵਜੋਂ ਕਹਾਣੀ ਦੇ ਸਮੁੱਚੇ ਕਾਠ ਨੂੰ ਥਮਲੇ ਅਤੇ ਲਟੈਣ ਵਾਂਗ ਸਾਂਭੀ ਬੈਠੀ ਹੈ, ਉਹ ਕਿਤੇ ਵੀ ਆਪਣਾ ਨਾਂ ਉਜਾਗਰ ਨਹੀਂ ਹੋਣ ਦਿੰਦੀ। ਇਹ ਬਹੁਤ ਹੀ ਕਲਾ-ਮਈ ਅਤੇ ਅਹਿਮ ਪੱਖ ਹੈ ਕਿਉਂਕਿ ਇਹ ਨਾ ਸਿਰਫ਼ ਸਰਘੀ ਦੀ ਮਾਂ ਹੈ, ਸਗੋਂ ਉਨ੍ਹਾਂ ਸਾਰੀਆਂ ਮਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਨ੍ਹਾਂ ਦੀਆਂ ਧੀਆਂ ਅਜਿਹੇ ਸੰਤਾਪ ਹੰਢਾਉਂਦੀਆਂ ਹਨ। ਵੈਸੇ ਵੀ ਮਾਂ ਤਾਂ ਮਾਂ ਹੁੰਦੀ ਹੈ, ਉਸ ਨੂੰ ਇਸ ਤੋਂ ਵਧੀਆ ਹੋਰ ਕਿਹੜਾ ਨਾਂ ਦੇ ਸਕਦੇ ਹਾਂ। ਦੂਜੀਆਂ ਭਾਸ਼ਾਵਾਂ, ਵਿਸ਼ੇਸ਼ ਕਰ ਕੇ ਅੰਗ੍ਰੇਜ਼ੀ ਵਿਚ ਅਜਿਹੇ ਨਾਵਲ ਰਚੇ ਗਏ ਹਨ ਜਿਹੜੇ ਡਾਇਰੀ ਵਾਂਗ ਦਿਨਾਂ, ਤਰੀਕਾਂ ਅਤੇ ਸਾਲਾਂ ਦੇ ਵੇਰਵਿਆਂ ਨੂੰ ਚੈਪਟਰ ਦਾ ਨਾਂ ਦੇ ਕੇ ਲਿਖੇ ਗਏ ਹਨ। ਅਜਿਹੀ ਵਿਧੀ ਨਾਵਲ ਨੂੰ ਕਿਸੇ ਕਾਲ-ਖੰਡ ਦਾ ਇਤਿਹਾਸ ਬਣਾ ਦਿੰਦੀ ਹੈ। ਇਸ ਡਾਇਰੀ ਵਿਚ ਮਾਂ-ਧੀ ਦੀ ਆਪਸੀ ਵਾਰਤਾਲਾਪ ਕਹਾਣੀ ਦਾ ਮੁੱਖ ਧੁਰਾ ਬਣਦੀ ਹੈ। ਇਸ ਵਾਰਤਾਲਾਪ ਰਾਹੀਂ ਪਾਤਰ ਸਿਰਜੇ ਗਏ ਹਨ, ਉਨ੍ਹਾਂ ਦੀ ਉਸਾਰੀ ਕੀਤੀ ਗਈ ਹੈ, ਕਹਾਣੀ ਨੂੰ ਅੱਗੇ ਤੋਰਿਆ ਗਿਆ ਹੈ, ਰੌਚਿਕਤਾ ਬਣਾਈ ਰੱਖੀ ਗਈ ਹੈ, ਪਾਠਕ ਦੀ ਸੋਚ ਨੂੰ ਝੰਜੋੜਿਆ ਗਿਆ ਹੈ ਅਤੇ ਪ੍ਰਿਸਥਿਤੀਆਂ ਨੂੰ ਉਘਾੜਿਆ ਗਿਆ ਹੈ।

ਨਾਵਲ ਦਾ ਸੁਨੇਹਾ ਅਤੇ ਉਦੇਸ਼ ਸਪਸ਼ਟ ਕਰਨ ਲਈ ਲੇਖਿਕਾ ਦੁਆਰਾ ਇੱਕ ਵਿਦਵਾਨ ਸਾਹਿਤਕਾਰਾ ਨੂੰ ਭੇਟ ਕੀਤੀ ਪੁਸਤਕ ਦੇ ਪਹਿਲੇ ਖਾਲੀ ਪੰਨੇ 'ਤੇ ਹੱਥੀਂ ਉੱਕਰੇ ਇਹ ਸ਼ਬਦ ਕਾਫ਼ੀ ਹਨ, "ਆਪ ਦੀ ਹਯਾਤੀ ਵਿਚ ਆਉਣ ਵਾਲੀ \ ਹਰ ਧੀ ਨੂੰ \ ਉਸ ਦੇ ਹਿੱਸੇ ਦਾ ਅੰਬਰ ਮਿਲੇ \ ਅੰਬਰ ਵਿਚ ਉਡਾਣ ਮਿਲੇ \ ਇਸੇ ਦੁਆ ਨਾਲ਼।" ਖੁੱਲ੍ਹੇ ਅੰਬਰੀਂ ਉਡਾਣ ਵਿਅਕਤਿਤਵ ਆਜ਼ਾਦੀ, ਚਾਵਾਂ, ਖ਼ੁਸ਼ੀਆਂ, ਸੱਧਰਾਂ, ਪ੍ਰਾਪਤੀ ਦੇ ਮੌਕਿਆਂ, ਜ਼ਿੰਦਗੀ ਦੀ ਖ਼ੂਬਸੂਰਤੀ ਅਤੇ ਬ੍ਰਹਿਮੰਡੀ ਵਿਸਮਾਦ ਦਾ ਚਿੰਨ੍ਹ ਹੈ। ਆਪਣੇ ਹਿੱਸੇ ਦਾ ਅੰਬਰ ਪ੍ਰਾਪਤ ਕਰਨ, ਫਿਰ ਉਸ ਅੰਬਰ ਵਿਚ ਉਡਾਰੀ ਲਾਉਣ ਅਤੇ ਆਪਣੀ ਮਰਜ਼ੀ ਮੁਤਾਬਕ ਜੀਊਣ ਲਈ ਜਿਸ ਸੰਘਰਸ਼ ਅਤੇ ਜੁਰਅੱਤ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਹੀ ਇਸ ਨਾਵਲ ਦਾ ਬ੍ਰਿਤਾਂਤ ਹੈ।

ਨਾਵਲ ਦੇ ਮੁੱਖ ਪਾਤਰ ਹਨ - ਸਰਘੀ, ਉਸ ਦੀ ਮਾਂ, ਪਿਤਾ ਦੇਵ, ਪਤੀ ਕੰਵਰ, ਸਹੁਰਾ ਬੀਰ ਬਹਾਦਰ ਸਿੰਘ ਕੰਗ, ਸੱਸ, ਨਨਾਣ ਡੌਲੀ, ਨਨਦੋਈਆ, ਭਰਾ ਅਰਸ਼ ਅਤੇ ਕੁੱਝ ਹੋਰ ਸਾਕ-ਸੰਬੰਧੀ, ਦੋਸਤ ਵਗੈਰਾ। ਕਰਮ-ਭੂਮੀ ਪੰਜਾਬ ਦਾ ਮਹਾਂਨਗਰ ਮੁਹਾਲੀ, ਆਸਟ੍ਰੇਲੀਆ ਅਤੇ ਕੈਨੇਡਾ ਹਨ। ਅੱਜ-ਕੱਲ੍ਹ ਦੇ ਰੁਝਾਨ, ਫੋਕੀਆਂ ਸਮਾਜੀ ਕਦਰਾਂ ਕੀਮਤਾਂ, ਰਿਸ਼ਤਿਆਂ ਵਿਚ ਆਇਆ ਨਿਘਾਰ, ਰੁਜ਼ਗਾਰ ਪ੍ਰਾਪਤ ਕਰਨ ਅਤੇ ਬਿਹਤਰ ਜ਼ਿੰਦਗੀ ਖ਼ਾਤਰ ਪੜ੍ਹੇ-ਲਿਖੇ ਮੁੰਡੇ ਕੁੜੀਆਂ ਦਾ ਦੂਜੇ ਮੁਲਕਾਂ ਜਿਵੇਂ ਕੈਨੇਡਾ, ਆਸਟ੍ਰੇਲੀਆ ਆਦਿ ਨੂੰ ਜਾਣਾ, ਉੱਥੇ ਜਾ ਕੇ ਪੜ੍ਹਾਈ ਦੇ ਨਾਲ਼ ਛੋਟੇ-ਮੋਟੇ ਗੋਲੇ-ਧੰਦੇ ਕਰਨਾ, ਉੱਥੋਂ ਦੇ ਕਾਨੂੰਨ ਅਤੇ ਨਿਯਮਾਂ ਮੁਤਾਬਕ ਆਪਣੇ ਆਪ ਨੂੰ ਢਾਲਣਾ, ਬੇ-ਜੋੜ ਸ਼ਾਦੀਆਂ, ਵਿਆਹੁਤਾ ਧੀਆਂ ਦੇ ਦੁਖੜਿਆਂ ਦੀ ਦਾਸਤਾਨ, ਜਾਗੀਰਦਾਰੀ ਪ੍ਰਬੰਧ ਦੀ ਰਹਿੰਦ-ਖੂੰਹਦ ਅੰਦਰ ਫੋਕੀ ਸ਼ਾਨੋ-ਸ਼ੌਕਤ ਵਾਲ਼ੇ ਵਿਗੜੇ ਤਿਗੜੇ ਮੁੰਡੇ, ਔਰਤਾਂ ਲਈ ਦਮ-ਘੋਟੂ ਘਰੇਲੂ ਮਾਹੌਲ, ਮਾਪਿਆਂ ਦੁਆਰਾ ਧੀ ਦੇ ਸੁਖ ਖ਼ਾਤਰ ਹਰ ਹੀਲਾ ਵਰਤਣਾ ਆਦਿ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਨਾਵਲ ਦੇ ਤਾਣੇ-ਬਾਣੇ ਅੰਦਰ ਬੜੇ ਸਚਿਆਰ ਨਾਲ਼ ਬੁਣਿਆ ਗਿਆ ਹੈ। ਸਰਘੀ ਦੇ ਮਾਤਾ ਪਿਤਾ ਦੋਵੇਂ ਮੈਡੀਕਲ ਡਾਕਟਰ ਹਨ, ਲੇਖਕ ਹਨ, ਅਗਾਂਹਵਧੂ ਕਦਰਾਂ ਕੀਮਤਾਂ ਦੇ ਧਾਰਨੀ ਹਨ ਅਤੇ ਸਮਾਜ ਵਿਚ ਚੰਗਾ ਰੁਤਬਾ ਰੱਖਣ ਵਾਲੀਆਂ ਮੁਹਤਬਰ ਹਸਤੀਆਂ ਹਨ। ਸਰਘੀ ਨੂੰ ਡਾਕਟਰੀ ਦੀ ਡਿਗਰੀ ਮਿਲਣ ਉਪ੍ਰੰਤ ਉਸ ਲਈ ਚੰਗਾ ਵਰ ਟੋਲਣ ਵਿਚ ਕੋਈ ਕਸਰ ਨਹੀਂ ਛਡਦੇ। ਲਿਖਿਆ ਹੈ, 'ਧੀ ਦਾ ਰਿਸ਼ਤਾ ਲਭਦਿਆਂ ਪਿਓ ਦੀ ਜੁੱਤੀ ਘਸ ਜਾਂਦੀ ਹੈ।' ਕਿਵੇਂ ਕੁੜੀ ਨੂੰ ਸਜਾਈ ਹੋਈ ਵਿਕਾਊ ਵਸਤੂ ਵਾਂਗ ਲੜਕੇ ਵਾਲਿਆਂ ਦੇ ਸਾਹਮਣੇ ਪ੍ਰੋਸਿਆ ਜਾਂਦਾ ਹੈ। ਅੱਕ ਕੇ ਸਰਘੀ ਨੂੰ ਕਹਿਣਾ ਪੈਂਦਾ ਹੈ-"ਮੈਨੂੰ ਕਿਤੇ ਹੋਰ ਨਾ ਦਿਖਾਇਓ। ਬਸ ਏਥੇ ਈ ਮੁਕਾਓ ਗੱਲ। ਮੁਕਤੀ ਕਰੋ ਮੇਰੀ।" ਵਿਆਹ ਤੋਂ ਮਗਰੋਂ ਸਹੁਰਿਆਂ ਦਾ, ਖਾਸ ਕਰ ਕੇ ਕੰਵਰ ਦਾ ਵਤੀਰਾ ਏਨਾ ਮਾੜਾ ਹੋ ਜਾਂਦਾ ਹੈ ਕਿ ਕੁੱਝ ਹੀ ਦਿਨਾਂ ਮਗਰੋਂ ਸਰਘੀ ਆਪਣੇ ਪਤੀ ਕੰਵਰ ਨਾਲ਼ ਆਸਟ੍ਰੇਲੀਆ ਜਾਣ ਤੋਂ ਪਹਿਲਾਂ ਕਹਿੰਦੀ ਹੈ- "ਮੈਂ ਤੇਰੇ ਘਰ ਆਖਰੀ ਹਾਸਾ ਹੱਸ ਗਈ ਮਾਂ।" ਕੰਵਰ ਸਰਘੀ ਨੂੰ ਆਹਨੀਂ-ਬਹਾਨੀਂ ਤੰਗ ਪ੍ਰੇਸ਼ਾਨ ਕਰਦਾ ਹੈ ਤੇ ਉਹ ਵਿਚਾਰੀ ਮਾਨਸਿਕ ਪੀੜਾ ਦਾ ਸ਼ਿਕਾਰ ਹੁੰਦੀ ਹੈ। ਕੰਵਰ ਨਿਖੱਟੂ ਹੈ, ਸ਼ਰਾਬੀ ਹੈ, ਚੰਗਾ ਖਾਂਦਾ, ਚੰਗਾ ਪਹਿਨਦਾ, ਵਾਹਵਾ ਖਰਚੀਲਾ ਹੈ ਪਰ ਸਰਘੀ ਦੀ ਕਮਾਈ 'ਤੇ ਵਿਹਲਾ ਰਹਿ ਕੇ ਐਸ਼ ਕਰਦਾ ਹੈ, ਉਸ ਨੂੰ ਬਣਦਾ ਸਤਿਕਾਰ ਤਾਂ ਕੀ ਦੇਣਾ ਸੀ, ਸਗੋਂ ਆਹਨੀਂ-ਬਹਾਨੀਂ ਟੋਕਦਾ ਹੈ, ਮੰਦਾ ਬੋਲਦਾ ਹੈ, ਉਸ ਦੇ ਮਾਂ-ਬਾਪ ਦਾ ਨਾਂ ਲੈ ਕੇ ਗਾਲ੍ਹਾਂ ਦਿੰਦਾ ਹੈ, ਬੇ-ਵਜਾਹ ਬੇ-ਇੱਜ਼ਤੀ ਕਰਦਾ ਹੈ ਜਿਸ ਨੂੰ ਸਰਘੀ ਲੰਮੀ ਸੋਚ ਕੇ ਬਰਦਾਸ਼ਤ ਕਰਦੀ ਰਹਿੰਦੀ ਹੈ ਪਰ ਮਾਂ ਨਾਲ਼ ਫੋਨ 'ਤੇ ਦੁੱਖ-ਸੁੱਖ ਸਾਂਝਾ ਕਰ ਲੈਂਦੀ ਹੈ। ਇਹ ਫੋਕੀ ਧੌਂਸ, ਅੜਵਾਈ ਤੇ ਸੀਨਾਜ਼ੋਰੀ ਸਮਾਜ ਅੰਦਰ ਪੀੜ੍ਹੀਆਂ ਤੋਂ ਚਲੀ ਆ ਰਹੀ ਹੈ। ਕੰਵਰ ਆਪਣੀ ਭੈਣ ਡੌਲੀ ਦੇ ਪਤੀ ਨਾਲ਼ ਤਾਂ ਭੈਣ ਦੀ ਹਿਮਾਇਤ ਵਿਚ ਆਢਾ ਲਾਉਂਦਾ ਹੈ ਪਰ ਭੁੱਲ ਜਾਂਦਾ ਹੈ ਕਿ ਸਰਘੀ ਵੀ ਕਿਸੇ ਦੀ ਧੀ ਭੈਣ ਹੈ। ਸਹੁਰਿਆਂ ਦਾ ਜੁੱਗਾਂ ਪੁਰਾਣਾ ਵਤੀਰਾ ਅਜੇ ਵੀ ਬਦਲਿਆ ਨਹੀਂ ਜਦੋਂ ਸੱਸ ਕਹਿੰਦੀ ਹੈ, "ਤੁਸੀਂ ਆਵਦੀ ਡਾਟਰ ਨੂੰ ਸਮਝਾਓ ਕਿ ਪਤੀ ਪ੍ਰਮੇਸ਼ਰ ਦੇ ਕਹਿਣੇ 'ਚ ਰਹੇ।" ਕੰਵਰ ਹਰ ਸਿਤਮ ਢਾਹੁਣ ਨੂੰ ਆਪਣਾ ਹੱਕ ਸਮਝਦਾ ਹੈ, "ਇਹਨੂੰ ਕੁਛ ਦੇਵਾਂ ਭਾਵੇਂ ਨਾ ਦੇਵਾਂ। ਮੇਰੀ ਤੀਵੀਂ ਐਂ, ਜਿਵੇਂ ਮਰਜ਼ੀ ਰੱਖਾਂ, ਜੇ ਕਹਾਂ ਘਰ ਰਹਿ ਤਾਂ ਘਰ ਰਹੇ, ਜੇ ਕਹਾਂ ਬਾਹਰ ਜਾ ਤਾਂ ਬਾਹਰ ਜਾਵੇ।" ਮਿੰਨਤਾਂ ਦਾ ਵੀ ਪੁੱਠਾ ਜਵਾਬ ਦਿੰਦਾ ਹੈ, "ਇਹ ਰਹਿਮ ਰੂਹਮ ਵਰਗੇ ਸ਼ਬਦ ਮੇਰੀ ਡਿਕਸ਼ਨਰੀ 'ਚ ਨਹੀਂ ਹੈਗੇ।"

ਆਸਟ੍ਰੇਲੀਆ ਗਈ ਸਰਘੀ ਨਾਲ਼ ਮਾਂ ਜੋ ਗੱਲਬਾਤ ਕਰਦੀ ਹੈ, ਉਹ ਮਾਂ-ਧੀ ਦੇ ਰਿਸ਼ਤੇ ਦੀ ਅੰਤਾਂ ਦੀ ਡੂੰਘੀ ਸਾਂਝ ਦੀ ਮਿਸਾਲ ਹੈ। ਇਹ ਵਾਰਤਾਲਾਪ ਧਰਤੀ ਦਾ ਸੀਨਾ ਪਾੜਨ ਵਾਲ਼ੀ ਹੈ। ਅਨੇਕਾਂ ਹੀ ਵਾਕ ਧੀਆਂ ਦੇ ਦੁੱਖਾਂ ਨਾਲ਼ ਭਿੱਜ ਕੇ ਨਾਵਲ ਦੀ ਹਿੱਕ 'ਤੇ ਛਾਲੇ ਬਣ ਗਏ ਹਨ, ਉਦਾਹਰਨ ਵਜੋਂ - 'ਹਾਂ ਮੇਰੀ ਧੀ ਨਾਲ਼ ਉਹੀ ਭਾਣਾ ਵਰਤ ਗਿਆ ਹੈ ਜਿਹੜਾ ਇਸ ਦੇਸ ਵਿਚ ਬਹੁਤੀਆਂ ਕੁੜੀਆਂ ਨਾਲ਼ ਵਾਪਰਦਾ ਹੈ', 'ਚੰਨ ਚਾਨਣੀ ਰਾਤ ਹੈ ਪਰ ਮੇਰੀ ਧੀ 'ਤੇ ਮੱਸਿਆ ਹਾਵੀ ਹੈ', 'ਤੇ ਅੱਜ ਉਹ ਸ਼ੋਖ਼ ਬੱਚੀ ਬੇਗਾਨੀ ਧਰਤੀ ਉੱਤੇ ਬੈਠੀ ਲਾਵਾਂ ਦੀਆਂ ਗੰਢਾਂ ਵਿੱਚੋਂ ਮੁਹੱਬਤ ਤਲਾਸ਼ ਰਹੀ ਹੈ', 'ਅਸੀਂ ਕੰਡਿਆਲੀਆਂ ਪੌਣਾਂ ਵਿਚ ਲਟਕਦੇ ਤ੍ਰਿਸ਼ੰਕੂ ਹਾਂ', 'ਅਸੀਂ ਫੋਨ ਦੇ ਚਰਖਿਆਂ 'ਤੇ ਦੁੱਖਾਂ ਦੀਆਂ ਪੂਣੀਆਂ ਕੱਤੀ ਜਾ ਰਹੀਆਂ ਹਾਂ', 'ਉਹਦੇ ਬਾਲ ਜਦੋਂ ਵੀ ਹੋਣ, ਉਹਦੀ ਵੱਖੀ 'ਤੇ ਫੁੱਲ ਬਣ ਕੇ ਖਿੜਨ, ਪੈਰਾਂ ਦੀ ਬੇੜੀ ਬਣ ਕੇ ਨਹੀਂ'। ਕਿੰਨੇ ਹੀ ਖ਼ੂਬਸੂਰਤ ਵਾਕ ਅਟੱਲ ਸਚਾਈ ਦੇ ਜਾਮਨ ਬਣ ਗਏ ਹਨ, ਮਿਸਾਲ ਵਜੋਂ- ਚੁੱਪ ਹਮੇਸ਼ਾ ਸੁੱਖ ਨਹੀਂ ਹੁੰਦੀ, ਜਿਨ੍ਹਾਂ ਦੀਆਂ ਧੀਆਂ ਸੁਖੀ, ਮਾਵਾਂ ਆਪੇ ਘੋੜੇ ਵਰਗੀਆਂ, ਦਿਲਾਸੇ ਵੀ ਪਤਾਸੇ ਹੀ ਹੁੰਦੇ ਨੇ, ਜੀਭ ਉੱਤੇ ਭੁਰਦੇ ਨੇ ਤਾਂ ਜ਼ਿੰਦਗੀ ਦਿੰਦੇ ਨੇ, ਅੱਡੀ ਹੇਠ ਭੁਰਦੇ ਨੇ ਤਾਂ ਖ਼ੁਦ ਕਤਲ ਹੋ ਜਾਂਦੇ ਨੇ, ਅੰਦਰ ਚੱਲ ਰਹੇ ਆਰਿਆਂ ਦੀ ਆਵਾਜ਼ ਨੂੰ ਹਾਸੇ ਦੇ ਸੰਗੀਤ ਵਿਚ ਲੁਕੋਣਾ ਔਰਤ ਦੇ ਹਿੱਸੇ ਹੀ ਆਇਆ ਹੈ, ਇਸ ਜਹਾਨ ਵਿਚ ਬਹੁਤ ਖ਼ੂਬਸੂਰਤ ਤੇ ਖ਼ੂਬਸੀਰਤ ਲੋਕ ਵੀ ਵਸਦੇ ਨੇ, ਮਾਵਾਂ ਦੇ ਚਮ੍ਹਲਾਏ ਪੁੱਤ ਦੂਜਿਆਂ ਦੀਆਂ ਧੀਆਂ ਨੂੰ ਝੱਲਣੇ ਪੈਂਦੇ ਨੇ।

ਨਾਵਲ ਵਿਚ ਔਰਤ ਨੂੰ ਕਿਤੇ ਵੀ ਅਬਲਾ ਜਾਂ ਕਮਜ਼ੋਰ ਨਹੀਂ ਦਿਖਾਇਆ ਗਿਆ। ਜਿੱਥੇ ਸਰਘੀ ਸਮਾਜ ਦੀਆਂ ਵਲਗਣਾਂ ਅੰਦਰ ਰਹਿੰਦੀ ਹੋਈ ਅੰਦਰੂਨੀ ਸ਼ਕਤੀ ਅਤੇ ਜ਼ਾਬਤੇ ਨਾਲ਼ ਰਿਸ਼ਤੇ ਨੂੰ ਟੁੱਟਣ ਤੋਂ ਬਚਾਉਣ ਲਈ ਹਰ ਉਤਪੀੜਨ ਝੱਲ ਕੇ ਕਿਸੇ ਉਮੀਦ ਦੇ ਸਹਾਰੇ ਨਾ ਆਪ ਡੋਲਦੀ ਹੈ ਨਾ ਮਾਪਿਆਂ ਨੂੰ ਕੋਈ ਸਖ਼ਤ ਕਦਮ ਚੁੱਕਣ ਲਈ ਉਕਸਾਉਂਦੀ ਹੈ, ਉੱਥੇ ਮਾਂ ਵੀ ਨਾਰੀ ਸ਼ਕਤੀ ਦਾ ਪ੍ਰਤੀਕ ਹੋ ਕੇ ਸਾਹਮਣੇ ਆਉਂਦੀ ਹੈ। ਜਦੋਂ ਦੇਵ ਕਹਿੰਦਾ ਹੈ ਕਿ ਤੂੰ ਇੱਕੋ ਵੇਲ਼ੇ ਏਨੀਆਂ ਜ਼ਿੰਦਗੀਆਂ ਕਿਵੇਂ ਜੀਅ ਲੈਨੀਐਂ, ਤਾਂ ਮਾਂ ਕਹਿੰਦੀ ਹੈ, "ਹਾਂ ਜੀਅ ਲੈਨੀਆਂ, ਜੀਣਾ ਈ ਪੈਂਦੈ, ਮੈਨੂੰ ਈ ਨਹੀਂ, ਹਰ ਔਰਤ ਨੂੰ।" ਉਹ ਕਹਿੰਦੀ ਹੈ ਕਿ ਇਹ ਸਾਨੂੰ ਹੀ ਨਹੀਂ, ਸਾਰੀਆਂ ਔਰਤਾਂ ਨੂੰ 'ਬਖ਼ਸ਼' ਹੈ ਕਿ ਉਹ ਆਖ਼ਰੀ ਦਮ ਤੱਕ ਰਿਸ਼ਤਿਆਂ ਦੇ ਮਘੋਰਿਆਂ ਨੂੰ ਟਾਕੀ ਲਾ ਸਕਦੀਆਂ ਹਨ, ਮੈਂ ਪਾਟ ਰਹੀ ਉਮੀਦ ਦੀਆਂ ਲੀਰਾਂ ਕਿਰਨਾਂ ਦੇ ਧਾਗਿਆਂ ਨਾਲ਼ ਸਿਊਣ ਲੱਗੀ ਹਾਂ। ਮਾਂ ਬੇਬੇ ਦੀ ਕਹੀ ਹੋਈ ਗੱਲ ਸੁਣਾਉਂਦੀ ਹੈ ਕਿ ਤੀਵੀਂ ਧਰਤੀ ਹੁੰਦੀ ਐ ਜਿਹਦੀ ਹਿੱਕ ਹਲ਼ ਦੇ ਫਾਲ਼ੇ ਚੀਰ ਦਿੰਦੇ ਐ ਤਾਂ ਵੀ ਖ਼ਲਕਤ ਨੂੰ ਅੰਨ ਤੇ ਮੇਵੇ ਦਿੰਦੀ ਐ। ਮਾਂ ਸਰਘੀ ਨੂੰ ਉਸ ਦੇ ਚੰਗੇ ਭਵਿੱਖ ਲਈ ਵਿਸ਼ਵਾਸ ਦਿਵਾਉਂਦੀ ਹੈ ਤੇ ਕਹਿੰਦੀ ਹੈ, 'ਉਹ ਆਪਣੀ ਤਕਦੀਰ ਆਪ ਲਿਖੂਗੀ ਉਹਨੂੰ ਡੋਲਣ ਨਹੀਂ ਦੇਊਂਗੀ ਮੈਂ, ਇਹ ਮੇਰਾ ਜ਼ਿੰਮਾ'। 'ਇੱਕ ਦਿਨ ਤੇਰੀ ਮਨ ਮਰਜ਼ੀ ਚੱਲੂ -- ਇੱਕ ਦਿਨ ਇਹ ਸਭ ਭੁੱਲਿਆ ਵਿਸਰਿਆ ਖ਼ਾਬ ਹੋਜੂਗਾ ਬੇਟਾ'। ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਬਾਰੇ ਮਾਂ ਦਾ ਇਹ ਕਹਿਣਾ ਅਸਲੀ ਸਥਿਤੀ ਬਿਆਨ ਕਰਦਾ ਹੈ, "ਪੰਜਾਬ ਹੁਣ ਕਿਸੇ ਇੱਕ ਖ਼ਿੱਤੇ ਦਾ ਨਾਂ ਨਹੀਂ ਬੇਟਾ। ਇਹ ਤਾਂ ਹੁਣ ਸਾਰੀ ਦੁਨੀਆਂ 'ਚ ਫੈਲ ਗਿਐ।"

ਪ੍ਰਚਲਤ ਰੀਤੀ ਰਿਵਾਜਾਂ 'ਤੇ ਵੀ ਤਿੱਖੇ ਸਵਾਲ ਖੜ੍ਹੇ ਕੀਤੇ ਹਨ, ਜਿਵੇਂ ਸਰਘੀ ਦਾ ਇਹ ਕਹਿਣਾ ਕਿ ਰੱਬ ਦੇਖਦਾ ਤਾਂ ਇਉਂ ਕਿਉਂ ਹੁੰਦਾ, ਕਿ ਹਰ ਲਾਂਵ ਤੋਂ ਬਾਅਦ ਗੁਰੂ ਨੂੰ ਟੇਕਿਆ ਮੱਥਾ ਅਸ਼ਟਾਮ ਨਹੀਂ ਹੁੰਦਾ ਮਾਂ। ਇਸੇ ਤਰ੍ਹਾਂ ਮਾਂ ਨੂੰ ਇਸ ਰਿਸ਼ਤੇ ਬਾਰੇ ਮਜਬੂਰਨ ਕਹਿਣਾ ਪੈਂਦਾ ਹੈ, 'ਇਹ ਰਿਸ਼ਤਾ ਜਿਵੇਂ ਸਤਮਾਹਿਆਂ ਬਾਲ ਹੈ, ਜਿਹੜਾ ਜੰਮਦਿਆਂ ਹੀ ਮਰ ਗਿਆ ਹੈ ਤੇ ਸਰਘੀ ਉਹਦੀ ਲਾਸ਼ ਮੋਢਿਆਂ 'ਤੇ ਚੁੱਕੀ ਫਿਰਦੀ ਹੈ'। ਕਈ ਵਾਰ ਮਾਂ-ਧੀ ਏਨੇ ਦੁੱਖਾਂ ਦੀ ਇੰਤਹਾ ਦੇ ਕਿਨਾਰੇ ਜਾ ਕੇ ਰੋਣੇ ਰੋਂਦੀਆਂ ਵੀ ਖਿੜਖਿੜਾ ਕੇ ਹੱਸ ਪੈਂਦੀਆਂ ਹਨ ਜਿਸ ਨੂੰ ਲੇਖਿਕਾ ਕੈਕਟਸ 'ਤੇ ਫੁੱਲ ਖਿੜਨ ਦਾ ਨਾਂ ਦਿੰਦੀ ਹੈ। ਇਹ ਪਾਠਕ ਦੀ ਬਿਰਤੀ ਨੂੰ ਵੀ ਸੁਖਾਵਾਂ ਕਰ ਦਿੰਦਾ ਹੈ। ਸਰਘੀ ਦੇ ਮਾਂ ਬਾਪ ਆਸਟ੍ਰੇਲੀਆ ਜਾ ਕੇ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਧੀ ਨੂੰ ਧਰਵਾਸ ਦੇ ਕੇ ਚੰਗੀ ਉਮੀਦ ਸਹਿਤ ਵਾਪਸ ਮੁਹਾਲ਼ੀ ਆ ਜਾਂਦੇ ਹਨ। ਮਾਂ ਦੇ ਸ਼ਬਦ ਉਸ ਵੇਲ਼ੇ ਦੀ ਤਰਜਮਾਨੀ ਇਉਂ ਕਰਦੇ ਹਨ - ਧੀ ਦੀਆਂ ਮੇਢੀਆਂ ਵਿਚ ਅੰਬਰੀ ਉਡਾਣਾਂ ਗੁੰਦ ਕੇ, ਉਹਦੇ ਪੈਰਾਂ ਵਿਚ ਜੁਅੱਰਤ ਦੀਆਂ ਪੰਜੇਬਾਂ ਪਾ ਕੇ ਤੇ ਆਪਣੇ ਨੈਣਾਂ ਵਿਚ ਭਲੇ ਦਿਨਾਂ ਦੇ ਖ਼ਾਬ ਸਜਾ ਕੇ ਅਸੀਂ ਵਤਨ ਦੀ ਧਰਤੀ ਉੱਤੇ ਉੱਤਰ ਆਏ ਹਾਂ। ਇਹ ਨਾਵਲ ਦਾ ਮਹੱਤਵਪੂਰਨ ਤੇ ਫੈਸਲਾਕੁਨ ਮੋੜ ਹੈ ਜੋ ਕਹਾਣੀ ਦਾ ਸਿਖਰ ਹੈ।

ਇਸ ਸਮੁੱਚੇ ਕੋਹੜ ਦੀ ਜੜ੍ਹ ਜਾਗੀਰਦਾਰੀ ਢਾਂਚੇ ਵਿਚ ਤਾਂ ਹੈ ਹੀ। ਇਹ ਜਗੀਰਦਾਰੀ ਰੁਚੀਆਂ ਆਮ ਜਨਤਾ ਅੰਦਰ ਦੇਖੋ-ਦੇਖੀ ਘਰ ਕਰ ਗਈਆਂ। ਲੇਖਿਕਾ ਇਸ ਅਹਿਮ ਤੱਥ ਨੂੰ ਇੱਕੋ ਸਤਰ ਵਿਚ ਬਿਆਨ ਕਰ ਦਿੰਦੀ ਹੈ, 'ਇਸ ਜਗੀਰਦਾਰੀ ਰਵੇ ਨੇ ਕੀਹਨੂੰ ਚੈਨ ਨਾਲ਼ ਰਹਿਣ ਦਿੱਤਾ। 'ਸਮਾਜ ਉਪਰ ਭਾਰੂ ਜਗੀਰੂ ਸੋਚ ਲੋਭ ਅਤੇ ਪਖੰਡ ਵਿਚ ਗ੍ਰਸਤ ਰਹਿੰਦੀ ਹੈ। ਕੰਗ ਪਰਿਵਾਰ ਤਲਾਕ ਨੂੰ ਟਾਲਣ ਲਈ ਸਿਫ਼ਾਰਸ਼ਾਂ, ਸਰਕਾਰੀ ਪਹੁੰਚ ਅਤੇ ਡਰਾਉਣ ਧਮਕਾਉਣ ਦੇ ਹੀਲੇ ਵਸੀਲੇ ਵਰਤਦਾ ਹੈ, ਪਾਂਧੇ-ਪੱਤਰੀਆਂ 'ਤੇ ਟੇਕ ਰਖਦਾ ਹੈ ਪਰ ਆਪਣੇ ਅਵੈੜੇ ਮੁੰਡੇ ਨੂੰ ਸਮਝਾਉਣ ਦੀ ਖੇਚਲ਼ ਨਹੀਂ ਕਰਦਾ। ਇਨ੍ਹਾਂ ਰੁਚੀਆਂ ਨੇ ਔਰਤਾਂ ਦੀ ਸੋਚ ਨੂੰ ਵੀ ਗ੍ਰਹਿਣ ਲਾ ਰੱਖਿਆ ਹੈ। ਆਪ ਸਭ ਕੁੱਝ ਜਾਣਦੀਆਂ ਅਤੇ ਸਹਾਰਦੀਆਂ ਹੋਈਆਂ ਵੀ ਸੱਸ ਅਤੇ ਨਣਦ ਡੌਲੀ ਸਰਘੀ ਦੀ ਹਿਮਾਇਤ ਕਰਨ ਦੀ ਬਜਾਏ ਉਲਟਾ ਉਸ ਨੂੰ ਜਾਣ ਬੁੱਝ ਕੇ ਕਸੂਰਵਾਰ ਠਹਿਰਾਉਂਦੀਆਂ ਹਨ।

ਜਿੱਥੇ ਸਰਘੀ ਰਵਾਇਤਾਂ ਕਾਇਮ ਰਖਦੀ ਹੋਈ , ਸਭ ਕੁੱਝ ਬਰਦਾਸ਼ਤ ਕਰਦੀ ਹੋਈ ਤਲਾਕ ਲੈਣ ਦੀ ਨੌਬਤ ਸਹੇੜਨ ਤੋਂ ਗੁਰੇਜ਼ ਕਰਦੀ ਰਹਿੰਦੀ ਹੈ, ਉੱਥੇ ਮਾਂ ਵੀ ਉਸ ਦੇ ਹਰੇਕ ਫੈਸਲੇ ਨਾਲ਼ ਸਹਿਮਤ ਹੁੰਦੀ ਰਹਿੰਦੀ ਹੈ ਪਰ ਨਾਲ਼ ਦੀ ਨਾਲ਼ ਉਸ ਨੂੰ ਹਰ ਤਰ੍ਹਾਂ ਦਾ ਧਰਵਾਸ, ਦਿਲਾਸਾ, ਹੌਸਲਾ, ਉਮੀਦ ਅਤੇ ਆਸਰਾ ਦਿੰਦੀ ਰਹਿੰਦੀ ਹੈ। ਉਹ ਸਰਘੀ ਵੱਲੋਂ ਆਖਰੀ ਫੈਸਲੇ ਦੀ ਉਡੀਕ ਕਰਦੀ ਹੈ ਅਤੇ ਜਦੋਂ ਇਹ ਫੈਸਲਾ ਤਲਾਕ ਦੀ ਸ਼ਕਲ ਵਿਚ ਲੈਣਾ ਪੈਂਦਾ ਹੈ ਤਾਂ ਮਾਂ ਬਾਪ ਹਰ ਹੀਲੇ ਇਸ ਨੂੰ ਸਿਰੇ ਚੜ੍ਹਾਉਂਦੇ ਹਨ। ਸਰਘੀ ਦਾ ਕਿਰਦਾਰ ਰਿਵਾਇਤੀ ਔਰਤ ਦਾ ਹੋ ਕੇ ਵੀ ਨਾਰੀ ਸ਼ਕਤੀ ਦਾ ਪ੍ਰਤੀਕ ਹੈ ਜਿਸ ਦੀ ਉੱਤਮ ਮਿਸਾਲ ਉਸ ਦੀ ਮਾਂ ਹੈ। ਇਹੋ ਸ਼ਕਤੀ ਜਦੋਂ ਦੇਵ ਵਰਗੇ ਮਰਦ ਦੇ ਗੁੱਸੇ ਅਤੇ ਦਰਦ ਨੂੰ ਠਰ੍ਹੰਮੇ ਨਾਲ਼ ਸੰਚਾਲਿਤ ਕਰਦੀ ਹੈ ਤਾਂ ਅੰਤ ਬੜਾ ਸੁਖਾਵਾਂ ਹੋ ਨਿਬੜਦਾ ਹੈ। ਦੇਵ ਇੱਕ ਥਾਂ ਕਹਿੰਦਾ ਹੈ - 'ਮੇਰੀ ਤਾਂ ਠਾਹ-ਸੋਟੇ ਵਾਲੀ ਗੱਲ ਹੁੰਦੀ ਐ'। ਉਹ ਮੰਨਦਾ ਹੈ, 'ਧੰਨ ਐਂ ਤੂੰ ਤੇ ਧੰਨ ਐਂ ਤੇਰੀ ਸਹਿਣ ਸ਼ਕਤੀ'। ਇਹ ਤਿੰਨੇ ਕਿਰਦਾਰ ਮਿਸਾਲੀ ਹਨ ਜੋ ਸਮਾਜ ਨੂੰ ਸਹੀ ਪਰ ਅਤੀ ਲੋੜੀਂਦੀ ਸੇਧ ਪ੍ਰਦਾਨ ਕਰਦੇ ਹਨ। ਦੇਵ ਦਾ ਕਿਰਦਾਰ ਬਤੌਰ ਪਤੀ ਕੰਵਰ ਦੇ ਕਿਰਦਾਰ ਤੋਂ ਬਿਲਕੁਲ ਉਲਟ ਇੱਕ ਆਦਰਸ਼ ਪਤੀ ਵਾਲ਼ਾ ਕਿਰਦਾਰ ਹੈ ਜਿਹੜਾ ਆਪਣੀ ਪਤਨੀ ਦੀ ਹਰ ਗੱਲ ਮੰਨਦਾ ਹੈ, ਹਰ ਤਰ੍ਹਾਂ ਦਾ ਸਾਥ ਦਿੰਦਾ ਹੈ, 'ਏਕ ਜੋਤਿ ਦੁਇ ਮੂਰਤੀ' ਦੀ ਸ਼ਾਨਦਾਰ ਮਿਸਾਲ ਹੈ। ਨਾਵਲ ਨੇ ਅੰਤ ਨੂੰ ਜੋ ਸੁਨੇਹਾ ਜਾਂ ਸੁਝਾਅ ਪੇਸ਼ ਕਰਨਾ ਹੈ ਇਹ ਉਸੇ ਦਾ ਝਲਕ ਮਾਤਰ ਇਸ਼ਾਰਾ ਹੈ।

ਲਿਖਣ ਸ਼ੈਲੀ ਲੇਖਿਕਾ ਦੀ ਆਪਣੀ ਨਿੱਜੀ ਪਛਾਣ ਹੈ। ਹਰੇਕ ਸਤਰ ਉਪਰ ਉਸ ਦੀ ਮੁਹਰਛਾਪ ਹੈ। ਕੋਈ ਚਾਰ ਸਤਰਾਂ ਬਾਹਰ ਕੱਢ ਲਓ, ਪਤਾ ਲੱਗ ਜਾਏਗਾ ਕਿ ਗੁਰਮਿੰਦਰ ਸਿੱਧੂ ਦੀਆਂ ਲਿਖੀਆਂ ਹੋਈਆਂ ਹਨ। ਜਿੰਨੇ ਪਿਆਰੇ ਤੇ ਗਹਿਰੇ ਅਹਿਸਾਸ, ਓਨੇ ਹੀ ਮਨ-ਟੁੰਬਵੇਂ ਉਸ ਦੇ ਪ੍ਰਗਟਾਵੇ ਦੇ ਸ਼ਬਦ ਤੇ ਵਾਕ ਹਨ। ਨਾਵਲ ਦੀ ਸਾਰੀ ਵਾਰਤਾ ਅਤੇ ਵਾਰਤਕ ਬਹੁਤ ਹੀ ਸੰਵੇਦਨਸ਼ੀਲ, ਮਿੱਠੇ, ਪਿਆਰੇ, ਸਾਦ-ਮੁਰਾਦੇ ਅਤੇ ਲੋਕ-ਗੀਤਾਂ ਵਰਗੇ ਖ਼ੂਬਸੂਰਤ ਸ਼ਬਦਾਂ ਅਤੇ ਵਾਕਾਂ ਨਾਲ਼ ਸਜੀ ਹੋਈ ਹੈ। ਮਿਸਾਲ ਵਜੋਂ ਕੁੱਝ ਸਤਰਾਂ ਕਾਫ਼ੀ ਹਨ -'ਜਾਂਦਾ ਜਾਂਦਾ ਸੂਰਜ ਪੱਛਮੀ ਅੰਬਰ ਉੱਤੇ ਫਿਰ ਪਰਤ ਆਉਣ ਦਾ ਸੰਧੂਰੀ ਇਕਰਾਰ ਲਿਖ ਗਿਐ', 'ਉਹ ਦੀਆਂ ਰੀਝਾਂ 'ਤੋਂ ਸੱਧਰਾਂ ਦੇ ਲਿਉੜ ਲਹਿ ਰਹੇ ਨੇ', 'ਉਹ ਦੇ ਤੂੰਬੀ ਵਾਂਗ ਟੁਣਕਦੇ ਬੋਲਾਂ ਨਾਲ਼ ਮੇਰੀ ਮਰਨਾਊ ਦੇਹ ਨੂੰ ਗੁਲੂਕੋਜ਼ ਚੜ੍ਹ ਗਿਆ ਹੈ'। ਕਿੰਨੇ ਹੀ ਮੁਹਾਵਰੇ, ਅਖਾਣਾਂ, ਟੂਕਾਂ ਅਤੇ ਲੋਕ-ਗੀਤਾਂ ਦੇ ਟੋਟਕਿਆਂ ਨਾਲ਼ ਨਾਵਲ ਦੀ ਕਥਾ ਨੂੰ ਰਵਾਨੀ ਅਤੇ ਰੌਚਿਕਤਾ ਦੀ ਚਾਸ਼ਨੀ ਚਾੜ੍ਹੀ ਗਈ ਹੈ। ਉਦਾਹਰਣ ਵਜੋਂ - ਗਪੌੜਸੰਖ ਨਾ ਮਾਰ, ਭੈਣਾਂ ਵਰਗਾ ਸਾਕ ਨਾ ਕੋਈ ਟੁੱਟ ਕੇ ਨਾ ਬਹਿ ਜੀਂ ਵੀਰਨਾ, ਬਹੁਤਿਆਂ ਭਰਾਵਾਂ ਵਾਲ਼ੀਏ ਗੱਡੀ ਜਾਂਦੀ ਐ ਸੰਦੂਕੋਂ ਖਾਲੀ, ਕੰਨ ਤੱਤੇ ਹੋ ਗਏ ਜੀਭ ਸੁੱਕ ਗਈ, ਪੁੜਪੁੜੀਆਂ ਵੱਜਣ ਲੱਗ ਪਈਆਂ, ਡਾਲਰਾਂ ਨੇ ਭੂਤਨੀ ਭੁਲਾਈ ਪਈ ਐ, ਐਵੇਂ ਮਾਰਦੈ ਗਿੱਦੜਭਬਕੀਆਂ, ਉਹਦੀ ਅਕਲ ਵੀ ਘਾਹ ਚਰਨ ਈ ਗਈ ਐ, ਨਾਈ ਬੱਦੋਵਾਲ਼ ਦਾ ਤੇ ਏਹੋ ਗੱਲਾਂ ਭਾਲ਼ਦਾ, ਮੁਰਦਾ ਬੋਲੂ ਤਾਂ ਖੱਫਣ ਈ ਪਾੜੂ, ਝੱਜੂ ਪਾ ਬਹਿੰਦਾ, ਠੂਣਾ ਤਾਂ ਤੇਰੇ ਸਿਰ ਈ ਭੱਜਣਾ, ਐਵੇਂ ਨਾ ਸੰਸਿਆਂ ਨੂੰ ਚੁੱਲ੍ਹੇ-ਨਿਉਂਦਾ ਦੇ ਦਿਆ ਕਰ, ਦੁਫਸਲੇ ਬਟੇਰੇ, ਧਿਜਣਾ, ਤੁਹਾਨੂੰ ਜੋਤੇ ਦੇ ਉਡੀਕੀ ਜਾਨੇ ਆਂ, ਹਾਦਸਿਆਂ ਦੇ ਅੰਨ੍ਹੇ ਥੇਹ, ਹੋਲ਼ਾਂ ਵਾਂਗੂੰ ਭੁੰਨਦੈ, ਕਲੇਜਾ ਮੂੰਹ ਨੂੰ ਆ ਜਾਂਦੈ, ਪਾਂਧਾ ਨਾ ਪੁੱਛੋ, ਉਹ ਨੂੰ ਠੁੰਮ੍ਹਣਾ ਦਿੰਦੇ ਮੇਰੇ ਬੋਲਾਂ ਨੂੰ ਲਕਵਾ ਮਾਰ ਗਿਐ, ਮੈਂ ਆਪੇ ਆਵਦੀ ਫਸੀ ਨਿਬੇੜੂੰ, ਉਹਦੇ ਬੋਲ ਹਉਕਿਆਂ ਦੀ ਜੂਨੇ ਪੈ ਗਏ ਨੇ, ਢੈਲ਼ੇ ਪੈ ਗਏ ਐ, ਪਿੱਟ-ਸਿਆਪਾ ਪਾ'ਤਾ, ਗਲ਼ 'ਚ ਗੂਠਾ, ਮਹੀਓਂ ਤੇਰੇ ਨਾਲ਼ ਕੱਟੀਆਂ ਵੇ ਹੋਰ ਕੋਈ ਕੱਟੇ ਵੀ ਨਾ, ਨਰਮ ਸਰੀਰਾਂ ਨੂੰ ਪੈ ਗਏ ਮਾਮਲੇ ਭਾਰੀ, ਪੇਟ ਵਿਚ ਬੀੜਾ ਉੱਠਣਾ, ਗਿੱਟਿਆਂ 'ਤੇ ਮਾਰਨੀ ਆਦਿ। ਅਨੇਕਾਂ ਹੋਰ ਅਲੋਪ ਹੋਣ ਨੇੜੇ ਸ਼ਬਦਾਂ ਤੇ ਵਾਕਾਂ ਨੂੰ ਬਚਾ ਕੇ ਸੰਭਾਲ਼ ਲਿਆ ਹੈ।ਨਾਵਲ ਪੜ੍ਹਦਿਆਂ ਪਾਠਕ ਅਜਿਹੀ ਅਵਸਥਾ ਵਿਚ ਗੁਜ਼ਰਦਾ ਹੈ ਕਿ ਉਹ ਖ਼ੁਦ ਮਾਂ ਬਣ ਜਾਂਦਾ ਹੈ ਜਿਸ ਦੀ ਇੱਕ ਧੀ ਵੀ ਹੈ। ਪਾਠਕ ਨੂੰ ਇਸ ਮਨੋ-ਅਵਸਥਾ ਅੰਦਰ ਲੈ ਜਾਣਾ ਲੇਖਿਕਾ ਦਾ ਹਾਸਲ ਹੈ। ਚਾਰਲਸ ਡਿੱਕਨਜ਼ ਵਾਂਗ ਥਾਵਾਂ, ਪ੍ਰਿਸਥਿਤੀਆ, ਪਾਤਰਾਂ ਅਤੇ ਦ੍ਰਿਸ਼ਾਂ ਨੂੰ ਬੜੀ ਮਾਰਮਿਕਤਾ ਅਤੇ ਬਾਰੀਕੀ ਨਾਲ਼ ਬਿਆਨ ਕੀਤਾ ਗਿਆ ਹੈ। ਸਗੋਂ ਉਸ ਨਾਲੋਂ ਵੀ ਵਧ ਕੇ ਦਰਦਾਂ ਅਤੇ ਹਾਲਤਾਂ ਦਾ ਅਹਿਸਾਸ ਜਿਹੜੇ ਸ਼ਬਦਾਂ ਰਾਹੀਂ ਰੂਪਮਾਨ ਕੀਤਾ ਗਿਆ ਹੈ ਉਹ ਮਾਂ ਦੇ ਰੂਪ ਵਿਚ ਆ ਕੇ ਗੁਰਮਿੰਦਰ ਸਿੱਧੂ ਦੇ ਹਿੱਸੇ ਆਇਆ ਹੈ। ਨਾਵਲ ਵਿਚ ਨਾ ਹੀ ਬੇ-ਲੋੜਾ ਖਿਲਾਰਾ ਪਾਇਆ ਗਿਆ ਹੈ, ਨਾ ਹੀ ਸਚਾਈ ਬਿਆਨ ਕਰਨ ਤੋਂ ਕਲਮ ਘੁੱਟੀ ਗਈ ਹੈ। ਸ਼ੁਰੂ ਤੋਂ ਅਖ਼ੀਰ ਤੱਕ ਪਲਾਟ ਗੁੰਦਵਾਂ ਹੈ, ਨਿਸ਼ਾਨਾ ਮੱਛੀ ਦੀ ਅੱਖ 'ਤੋਂ ਪਰੇ ਨਹੀਂ ਹੁੰਦਾ। ਸਮਕਾਲੀ ਸਾਹਿਤਕਾਰਾਂ, ਪੱਤਰਕਾਰਾਂ, ਅਦਾਕਾਰਾਂ ਅਤੇ ਗਾਇਕਾਂ ਬਾਰੇ ਸੰਪਰਕਾਂ ਨੂੰ ਢੁਕਵੇਂ ਥਾਵਾਂ 'ਤੇ ਦਰਜ ਕਰਨਾ ਇਤਿਹਾਸ ਪ੍ਰਤੀ ਇਮਾਨਦਾਰੀ ਦਾ ਪ੍ਰਤੀਕ ਹੈ। ਮਾਈਕਲ ਨਾਂ ਦਾ ਵਿਅਕਤੀ ਗੋਰੇ ਭਾਈਚਾਰੇ ਦੇ ਚੰਗੇ ਚੱਜ-ਆਚਾਰ ਦੀ ਪ੍ਰਤੀਨਿਧਿਤਾ ਕਰਦਾ ਹੈ। ਮਾਈਕਲ ਦੁਆਰਾ ਬੜੇ ਔਖੇ ਪਰ ਅਤੀਅੰਤ ਨਾਜ਼ੁਕ ਮੌਕੇ 'ਤੇ ਸਰਘੀ ਦੀ ਮਦਦ ਕਰਨਾ ਨਾਵਲ ਨੂੰ ਅਹਿਮ ਪੜਾਅ ਉੱਤੇ ਲਿਆ ਖੜ੍ਹਾ ਕਰਦਾ ਹੈ।

ਆਪਣੇ ਆਪ ਨੂੰ ਜਾਗੀਰਦਾਰ, ਖੱਬੀਖਾਨ ਅਤੇ ਉੱਚਾ ਸਮਝਣ ਵਾਲ਼ਾ ਕੰਗ ਪਰਿਵਾਰ ਜਦੋਂ ਤਲਾਕ ਦੀ ਜਾੜ੍ਹ ਹੇਠ ਆਉਂਦਾ ਹੈ ਤਾਂ ਮੋਮ ਵਾਂਗ ਢੈਲ਼ਾ ਪੈ ਜਾਂਦਾ ਹੈ। ਸਰਘੀ ਦੇ ਸਾਹਿਤਕਾਰ ਮਾਂ-ਬਾਪ ਡਾਕਟਰ ਵੀ ਹਨ। ਉਹ ਇਨ੍ਹਾਂ ਦੋਵਾਂ ਕਿੱਤਿਆਂ ਦੀ ਉੱਚਤਾ, ਮਹਿਮਾ, ਨਿਸ਼ਕਾਮ ਸੇਵਾ, ਸਚਾਈ, ਨੇਕੀ, ਦਿਆਲਤਾ ਅਤੇ ਲੋੜਵੰਦਾਂ ਪ੍ਰਤੀ ਸੁਹਿਰਦਤਾ ਵਰਗੇ ਗੁਣਾਂ ਦੇ ਧਾਰਨੀ ਹੋ ਨਿਬੜਦੇ ਹਨ ਜਦੋਂ ਚਾਰ ਲੱਖ ਦਾ ਚੈੱਕ ਆਪ ਲੈਣ ਦੀ ਬਜਾਏ 'ਕੰਨਿਆਂ ਸਹਾਰਾ ਹੋਮ' ਦੇ ਨਾਂ ਤੇ ਕਟਵਾਉਂਦੇ ਹਨ। ਉਹ ਲਾਲਚੀ ਸਮਾਜ ਦੀਆਂ ਫੋਕੀਆਂ ਕਦਰਾਂ-ਕੀਮਤਾਂ ਨੂੰ ਨਕਾਰ ਕੇ ਅਣਖ ਅਤੇ ਆਤਮਵਿਸ਼ਵਾਸ ਨਾਲ਼ ਕਹਿੰਦੇ ਹਨ, "ਅਸੀਂ ਧਾਰ ਵੀ ਨੀਂ ਮਾਰਦੇ ਥੋਡੇ ਪੈਸੇ 'ਤੇ"। ਨਾਵਲਕਾਰੀ ਦੇ ਇਤਿਹਾਸ ਵਿਚ ਇਸ ਸਤਰ ਨੂੰ ਸਿਰੇ ਦੀ ਪ੍ਰਭਾਵਸ਼ਾਲੀ ਅਤੇ ਅਰਥ ਭਰਪੂਰ ਸਤਰ ਵਜੋਂ ਸਾਂਭਣਾ ਬਣਦਾ ਹੈ। ਸਾਹਮਣੇ ਲਿਆ ਕੇ ਕੰਵਰ ਦੀ ਮਾਂ ਤੋਂ ਦਸਤਖ਼ਤ ਕਰਵਾ ਕੇ ਸਰਘੀ ਦੀ ਮਾਂ ਜਗੀਰੂ ਸੋਚ ਦੀ ਅੜੀ ਭੰਨ ਦਿੰਦੀ ਹੈ ਜੋ ਕਹਾਣੀ ਦਾ ਸੁਖਾਵਾਂ ਅੰਤ ਹੈ। ਇਹ ਨਾਰੀ ਸ਼ਕਤੀ ਦੀ ਮਰਦ ਪ੍ਰਧਾਨ ਸਮਾਜ ਅਤੇ ਅੜਬ ਮਰਦਊਪੁਣੇ ਉੱਤੇ ਫੈਸਲਾਕੁਨ ਜਿੱਤ ਹੈ। ਅਸਲ ਵਿਚ ਇਹੋ ਨਾਵਲ ਦਾ ਅੰਤ ਹੈ ਜੋ ਸਰਘੀ ਦੇ ਅੰਬਰੀਂ ਉੱਡਣ ਤੋਂ ਪਹਿਲਾਂ ਦੀ ਦਾਸਤਾਨ ਹੈ।

ਨਾਵਲ ਦਾ ਇਹ ਨਾਮਕਰਣ ਬਿਲਕੁਲ ਢੁਕਵਾਂ ਹੈ। ਜਿਲਦ ਉੱਤੇ ਹੇਠਾਂ ਤੋਂ ਉਪਰ ਨੂੰ ਉਡਦੇ ਅਤੇ ਆਕਾਰ ਵਿਚ ਵੱਡੇ ਹੁੰਦੇ ਵਿਖਾਈ ਦੇ ਰਹੇ ਪੰਛੀ ਸਰਘੀ ਦੀ ਅਗਲੀ ਅੰਬਰੀਂ ਉੱਡਣ ਦੀ ਖ਼ਾਹਿਸ਼ ਦਾ ਪ੍ਰਤੀਕ ਹਨ ਜਿਸ ਨੂੰ ਮਗਰਲੇ ਦੋ ਪੰਨਿਆਂ ਉਪਰ ਹਕੀਕਤ ਵਿਚ ਬਦਲਦਾ ਦਰਸਾਇਆ ਗਿਆ ਹੈ। ਇਹ ਦੋ ਪੰਨੇ ਅਸਲ ਵਿਚ ਨਾਵਲ ਦੀ ਅੰਤਿਕਾ (Epilogue) ਹਨ। ਕਈ ਵਾਰੀ ਅੰਤਿਕਾ ਅਗਲੇ ਲਿਖੇ ਜਾਣ ਵਾਲ਼ੇ ਨਾਵਲ ਦਾ ਸੰਕੇਤ ਵੀ ਹੋ ਜਾਂਦੀ ਹੈ। ਇਨ੍ਹਾਂ ਦੋ ਪੰਨਿਆਂ- 'ਅੰਬਰੀਂ ਉੱਡਣ ਵੇਲ਼ੇ' ਅਤੇ ' ਅੰਬਰ ਵਿਚ ਉਡਾਰੀਆਂ' ਮੁਤਾਬਕ ਸਰਘੀ ਹੁਣ ਜਦੋਂ ਦੂਰ-ਦੁਰਾਡੇ ਦੇਸ਼ਾਂ ਤੱਕ ਕੰਪਨੀ ਦੀ ਵੱਡੀ ਅਧਿਕਾਰੀ ਵਜੋਂ ਹਵਾਈ ਜਹਾਜ਼ਾਂ ਵਿਚ ਉਡਾਰੀ ਭਰਦੀ ਹੈ ਤਾਂ ਅਸਮਾਨ ਉਸ ਦੇ ਹੇਠਾਂ. ਆਸੇ-ਪਾਸੇ ਅਤੇ ਉੱਪਰ ਹੁੰਦਾ ਹੈ। ਇੱਕ ਮਾਂ ਨੂੰ ਆਪਣੀ ਧੀ ਦੀ ਇਸ ਮੁਸ਼ੱਕਤਾਂ ਝੱਲ ਕੇ ਭਰੀ ਉਡਾਣ 'ਤੇ ਕਿੰਨੀ ਖ਼ੁਸ਼ੀ ਅਤੇ ਤਸੱਲੀ ਹੁੰਦੀ ਹੈ ਅਤੇ ਦੇਵ ਵਰਗੇ ਪਿਤਾ ਨੂੰ ਕਿੰਨਾ ਫ਼ਖ਼ਰ ਹੁੰਦਾ ਹੈ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਗੁਰਮਿੰਦਰ ਸਿੱਧੂ ਨੇ ਦੁਨੀਆਂ ਭਰ ਦੀਆਂ ਸਾਰੀਆਂ ਧੀਆਂ ਦੀ ਅਜਿਹੀ ਉਡਾਣ ਵਾਸਤੇ ਸੁਨੇਹਾ ਦੇਣ ਖ਼ਾਤਰ ਹੀ ਇਸ ਨਾਵਲ ਦੀ ਰਚਨਾ ਕੀਤੀ ਲਗਦੀ ਹੈ ਜਿਸ ਪੱਖੋਂ ਉਹ ਪੂਰੀ ਸਫਲ ਰਹੀ ਹੈ।

ਵਧੀਆ ਛਪਾਈ ਅਤੇ ਸੁੰਦਰ ਦਿੱਖ ਵਾਲ਼ੀ 356 ਪੰਨਿਆਂ ਦੀ ਇਹ ਕਿਤਾਬ ਹਰੇਕ ਘਰ ਵਿਚ ਪੜ੍ਹੀ ਜਾਵੇ, ਇਹ ਲੇਖਿਕਾ ਦੀ ਸੁਹਿਰਦ ਅਪੀਲ ਵੀ ਹੈ ਅਤੇ ਸਾਡੀ ਸਾਰਿਆਂ ਦੀ ਅਣਸਰਦੀ ਲੋੜ ਵੀ ਹੈ। ਸਮਾਜ ਨੂੰ ਨਰੋਈ ਸੇਧ ਦੇਣ ਹਿਤ ਰਚੀ ਗਈ ਇਸ ਪੁਸਤਕ ਲਈ ਗੁਰਮਿੰਦਰ ਸਿੱਧੂ ਨੂੰ ਮੁਬਾਰਕਵਾਦ ਦੇਣ ਦੇ ਨਾਲ਼ ਹੀ ਉਸ ਦੇ ਇਸ ਉਪਰਾਲੇ ਦੇ ਇਵਜ਼ ਵਜੋਂ ਉਸ ਦਾ ਧੰਨਵਾਦ ਵੀ ਕਰਨਾ ਬਣਦਾ ਹੈ।

# ਕਨੇਡੀਅਨ ਸੱਥ- ਮੈਨੂੰ ਕੀ ਜਾਂ ਆਪਾਂ ਕੀ ਲੈਣਾ !



ਅਸ਼ੀਸ਼ ਨਰੂਲਾ
1 204 890 5040

ਅੱਜ ਕੱਲ੍ਹ ਗਾਹੇ ਬਗਾਹੇ ਤੁਸੀਂ ਕਿਸੇ ਨਾ ਕਿਸੇ ਦਾ ਮੁਖਾਰਬਿੰਦ ਤੋਂ ਇਹ ਜਰੂਰ ਸੁਣਿਆ ਹੋਵੇਗਾ "ਮੈਨੂ ਕੀ" ਜਾਂ " ਆਪਾਂ ਕੀ ਲੈਣਾ" ਦੋਨਾਂ ਦਾ ਅਰਥ ਇੱਕ ਹੀ ਹੈ ਅਤੇ ਇਸ ਵਾਕ ਦੇ ਪਿਛਲੀ ਮਾਨਸਿਕਤਾ ਵੀ ਇੱਕ ਹੀ ਹੈ। ਪਹਿਲਾਂ ਏਦਾਂ ਨਹੀਂ ਸੀ। ਦੁਨੀਆਂ ਬਹੁਤ ਹੀ ਖ਼ੁਦਗਰਜ਼ ਹੋ ਗਈ ਹੈ, ਸ਼ਾਇਦ ਤਾਂ ਹੀ ਸਮਾਜਿਕ ਤੌਰ ਤੇ ਗਰਕਦੇ ਜਾ ਰਹੇ ਹਾਂ। ਸਿਰਫ ਤੇ ਸਿਰਫ ਆਪਣੇ ਤੱਕ ਹੀ ਸੀਮਤ ਰਹਿ ਗਏ ਹਾਂ। ਸ਼ਾਇਦ ਤਾਂ ਹੀ ਜਿਹੜੇ ਲੀਡਰਾਂ ਨੂੰ ਚੁਣ ਕੇ ਪਾਰਲੀਮੈਂਟ ਵਿੱਚ ਭੇਜਦੇ ਹਾਂ ਉਹ ਸਿਰਫ ਆਪਣੇ ਢਿੱਡ ਤੇ ਹੱਥ ਫੇਰਦੇ ਹਨ ਜਾਂ ਆਪਣੇ ਨਿੱਜੀ ਮੁਫਾਦ ਨੂੰ ਅੱਗੇ ਰੱਖਦੇ ਹਨ, ਜਿਹੜੇ ਲੋਕਾਂ ਨੇ ਚੁਣ ਕੇ ਭੇਜਿਆ ਹੈ।

ਤੁਸੀਂ ਆਪਣੇ ਆਲੇ ਦੁਆਲੇ ਕਿਸੇ ਤਰ੍ਹਾਂ ਦੀ ਘਟਨਾ ਉਪਰ ਵਿਚਾਰ ਕਰ ਲੈਣਾ ਅਤੇ ਸਵੈ ਪੜਚੋਲ ਕਰਨਾ , ਕਿ ਮੇਰਾ ਇਸ ਘਟਨਾਕ੍ਰਮ ਨਾਲ ਕੀ ਸਬੰਧ ਹੈ ਸਿੱਧੇ ਜਾਂ ਅਸਿਧੇ ਤੌਰ ਤੇ ? ਮੇਰੀ ਜਾਚੇ ਜੋ ਬੂਟਾ ਲਗਾਉਂਦਾ ਹੈ ਉਹ ਉਸ ਬੂਟੇ ਦਾ ਫਲ ਨਹੀਂ ਖਾਂਦਾ ,ਜਿਹਨਾਂ ਸੂਰਬੀਰਾਂ ਨੇ ਦੇਸ਼ ਕੌਮ ਦੀ ਖਾਤਰ ਆਪਣੀ ਜਾਨ ਦੀ ਬਾਜੀ ਲਗਾਈ ਸ਼ਾਇਦ ਉਹ ਵੀ ਮੈਨੂੰ ਕੀ ਜਾਂ ਆਪਾਂ ਕੀ ਲੈਣਾ ਨਾਲ ਹੀ ਸਾਰ ਸਕਦੇ ਸਨ ਪਰ ਅਜਿਹਾ ਉਹਨਾਂ ਕੀਤਾ ਨਹੀਂ। ਪਰ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਦੇ ਘਰ ਲੱਗੀ ਅੱਗ ਬਸੰਤਰ ਲੱਗਦੀ ਹੈ,ਜਦ ਆਪਣੇ ਤੇ ਪੈਂਦੀ ਹੈ ਪਤਾ ਓਦੋਂ ਲੱਗਦਾ ਹੈ।

ਸ਼ਹਿਰ ਦੇ ਦੱਖਣ ਵਾਲੇ ਪਾਸੇ ਤੋਂ ਇੱਕ ਮੈਡੀਕਲ ਕਲੀਨਕ ਜਿਸ ਨੇ ਲੋਕਾਂ ਨੂੰ ਇੱਕ ਵੱਖਰੀ ਕਿਸਮ ਦੀ ਫੀਸ ਦੀ ਸੁਵਿਧਾ ਦਿੱਤੀ ਹੈ ਕਿ ਪਰਿਵਾਰਕ ਮੈਂਬਰਾਂ ਦੇ ਹਿਸਾਬ ਨਾਲ ਫੀਸ ਜਮ੍ਹਾ ਕਰਵਾਉ ਅਤੇ ਵੀ ਆਈ ਪੀ ਟਰੀਟਮੈਂਟ ਲਵੋ। ਫਿਰ ਆਮ ਲੋਕ ਤਾਂ ਕੈਟਲ ਕਲਾਸ ਵਿੱਚ ਹੀ ਰਹਿ ਜਾਣਗੇ ਜੋ ਕਿ ਪੇ ਚੈੱਕ ਵਿੱਚੋਂ ਪੈਸੇ ਵਰਤਣ ਤੋਂ ਪਹਿਲਾਂ ਟੈਕਸ ਕਟਵਾਉਂਦੇ ਹਨ। ਅਮੀਰ ਲੋਕ ਤਾਂ ਆਪਣੇ ਵਿਉਪਾਰ ਵਿੱਚੋ ਟੈਕਸ ਦੀ ਬਚਤ ਵੀ ਕਰਦੇ ਹਨ ਉਹ ਕਿਸੇ ਨਾ ਕਿਸੇ ਰੂਪ ਵਿੱਚ ਹੋ ਸਕਦਾ ਹੈ। ਤੁਸੀਂ ਭਾਂਵੇ ਆਪਣੀ ਵਾਰੀ ਦੀ ਉਡੀਕ 3-4 ਘੰਟੇ ਕਰੋ, ਪਰ ਫੀਸ ਭਰਨ ਵਾਲੇ ਤੁਹਾਡੀ ਵਾਰੀ ਦੀ ਪਰਵਾਹ ਨਾ ਕਰਦੇ ਹੋਏ ਸਭ ਤੋਂ ਪਹਿਲਾਂ ਲਾਈਨ ਵਿੱਚ ਲੱਗੇ ਬਿਨਾਂ ਹੀ ਡਾਕਟਰ ਨੂੰ ਮਿਲ ਕੇ ਚਲੇ ਜਾਣਗੇ। ਤੁਸੀਂ ਕਰੋ ਹੋਰ ਇੰਤਜਾਰ! ਕੀ ਸੂਬਾ ਸਰਕਾਰ ਇਸ ਘਟਨਾ ਤੋਂ ਜਾਣੂ ਨਹੀਂ ਸੀ ? ਜਿਸ ਕਰਕੇ ਕੇਂਦਰ ਦੀ ਸਰਕਾਰ ਨੂੰ ਦਖਲ ਦੇਣਾ ਪਿਆ। ਕੀ ਇਸ ਤਰਾਂ ਦੇ ਰਿਵਾਇਤ ਦਾ ਖਾਮਿਆਜਾ ਆਮ ਇਨਸਾਨ ਭੁਗਤੇਗਾ ਜਾਂ ਫਿਰ ਵੱਡੇ ਢਿੱਡਾਂ ਵਾਲੇ ਲੀਡਰ ਜੋ ਕਿ ਸੀਰਨੀ ਆਪਣਿਆ ਨੂੰ ਹੀ ਵੰਡੀ ਜਾਂਦੇ ਹਨ। ਇੱਕ ਤਾਂ ਕੇਂਦਰ ਦੀ ਸਰਕਾਰ ਦਾ ਪਹਿਲਾਂ ਹੀ ਸਾਡੀ ਸੂਬਾ ਸਰਕਾਰ ਨਾਲ ਰਿਸ਼ਤਾ ਚੰਗਾ ਨਹੀਂ ਹੈ ਕਿਸੇ ਨਾ ਕਿਸ ਗੱਲ ਤੇ ਸਿੰਗ ਫਸਾਈ ਰੱਖਦੇ ਹਨ। ਦੂਜਾ ਏਦਾਂ ਦੀ ਹਰਕਤ ਬਲਦੀ ਤੇ ਤੇਲ ਪਾਉਣ ਦਾ ਕੰਮ ਕਰੇਗੀ। ਕੇਂਦਰ ਦੀ ਸਰਕਾਰ ਆਪ ਵੀ ਲਗਭਗ ਫੇਲ਼ ਹੀ ਜਾਪਦੀ ਹੈ ,ਨਹੀਂ ਤਾਂ ਮੰਤਰੀ ਮੰਡਲ ਵਿੱਚ ਏਨਾ ਵੱਡਾ ਫੇਰਬਦਲ ਆਪਣੀਆਂ ਕਮਜੋਰੀਆ ਅਤੇ ਨੀਤੀਆ ਨੂੰ ਹੀ ਛੁਪਾਉਣ ਲਈ ਹੋ ਸਕਦਾ ਹੈ। ਜੇਕਰ ਚੰਗਾ ਕੰਮ ਕੀਤਾ ਹੋਵੇ ਤਾਂ ਮੂੰਹ ਲੁਕੋਣ ਦੀ ਕੀ ਜ਼ਰੂਰਤ ਹੈ।

ਸਾਰੇ ਪਰਾਰੇ ਰੀਜ਼ਨ ਨੂੰ ਕਿੰਨੇ ਮੰਤਰੀ ਨਸੀਬ ਹੋਏ ਹਨ ਅਤੇ ਬਾਕੀ ਦੇ ਸੂਬਿਆ ਨੂੰ ਕਿੰਨੇ ? ਇਸਦੇ ਦੇ ਪਿੱਛੇ ਕਿਤੇ ਨਾ ਕਿਤੇ ਇਹਨਾ ਸੂਬਿਆ ਵਿੱਚ ਵੱਖਰੀ ਪਾਰਟੀ ਦੀ ਸਰਕਾਰ ਹੋਣਾ ਵੀ ਹੋ ਸਕਦਾ ਹੈ, ਜੋ ਕਿ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਿੜ ਕੱਢਦੇ ਹਨ। ਵੱਧਦੇ ਵਿਆਜ ਨੇ ਤਾਂ ਲੋਕ ਦਿਵਾਲੀਆ ਕਰਨ ਕੰਢੇ ਖੜੇ ਕਰ ਦਿੱਤੇ ਹਨ। ਸ਼ਾਇਦ ਤੁਸੀਂ ਵੀ ਫਰਕਲੋਜ਼ਰ ਦੇ ਇਸ਼ਤਿਹਾਰ ਸੁਣੇ ਦੇਖੇ ਹੋਣਗੇ। ਹੁਣ ਸਾਡੇ ਅਦਾਰੇ ਵੱਲੋਂ ਵੀ ਪਾਠਕਾ ਨੂੰ ਅਪੀਲ ਇਹੀ ਹੈ ਕਿ ਹਰ ਇਨਸਾਨ ਆਪਣੇ ਖਰਚਿਆਂ ਤੇ ਨਿਯੰਤਰਨ ਰੱਖੇ ਅਤੇ ਭਵਿੱਖ ਵਿੱਚ ਆਉਣ ਵਾਲੀਆ ਮੁਸੀਬਤਾ ਤੋਂ ਬਚੇ, ਇੱਕ ਇਹੀ ਚੀਜ਼ ਹੈ ਜੋ ਅੱਜ ਦੀ ਘੜੀ ਕੰਟਰੋਲ ਵਿੱਚ ਹੋ ਸਕਦੀ ਹੈ। ਨਜ਼ਾਇਜ਼ ਦਿਖਾਵੇ ਤੋਂ ਪਰਹੇਜ ਕੀਤਾ ਜਾਵੇ ਤਾਂ ਹੀ ਚੰਗਾ ਹੈ ਨਹੀਂ ਤਾਂ ਸਰਕਾਰ ਨੇ ਤਾਂ ਇਹੀ ਕਹਿਣਾ ਹੈ ਸਾਨੂੰ ਕੀ ? ਉੂ ਗੱਲ ਹੈ ਇੱਕ। ਬਾਕੀ ਤੁਹਾਡਾ ਸਾਰਿਆ ਦਾ ਰੱਬ ਰਾਖਾ।




# ਰੁੱਖ ਲਾਈਏ, ਵਾਤਾਵਰਨ, ਜਾਨਵਰਾਂ ਅਤੇ ਪੰਛੀਆਂ ਨੂੰ ਬਚਾਈਏ


ਪੰਜਾਬ ਸਰਕਾਰ ਨੇ ਸਵਾ ਕਰੋੜ ਪੌਦੇ ਲਾਉਣ ਦਾ ਟੀਚਾ ਇਸ ਸਾਲ ਵੀ ਉਲੀਕਿਆ ਹੈ ।ਇਸੇ ਲੜੀ ਤਹਿਤ ਡਾ: ਬਲਬੀਰ ਸਿੰਘ ਸਿਹਤ ਮੰਤਰੀ ਨੇ ਪਟਿਆਲਾ ਜਿਲ੍ਹੇ ਦੇ ਪਿੰਡ ਰੌਂਗਲਾ ਦੇ ਸਰਕਾਰੀ ਸਕੂਲ 'ਚ ਪੌਦੇ ਲਾਕੇ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ।ਜਿਲ੍ਹੇ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਤਿੰਨ ਲੱਖ ਬੂਟੇ ਲਾਉਣ ਦਾ ਪਲਾਨ ਤਿਆਰ ਕੀਤਾ ਹੈ ।ਇਹ ਵਾਤਾਵਰਣ ਨੂੰ ਸਵੱਛ ਬਣਾਉਣ ਲਈ ਵਧੀਆ ਸ਼ੁਰੂਆਤ ਹੈ। ਪਿਛਲੇ ਸਾਲਾਂ ਤੋਂ ਵਾਤਾਵਰਣ ਨੂੰ ਸਵੱਛ ਰੱਖਣ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ।ਪਰ ਹਰੇਕ ਸਾਲ ਕਿੰਨੇ ਪੌਦੇ ਕਾਮਯਾਬ ਹੋ ਕੇ ਦਰੱਖਤ ਬਣਦੇ ਹਨ ਇਹ ਗੱਲ ਵੀ ਲੋਕਾਂ ਸਾਹਮਣੇ ਸਰਕਾਰ ਵਲੋਂ ਰੱਖੀ ਜਾਣੀ ਬਣਦੀ ਹੈ ਤਾਂ ਕਿ ਲੋਕ ਇਸ ਸਬੰਧੀ ਜਾਗਰੂਕ ਹੋਣ ਤੇ ਬਣਦਾ ਯੋਗਦਾਨ ਵੀ ਪਾਉਣ । ਹਰੇਕ ਸਾਲ 'ਇੱਕ ਰੁੱਖ ਸੌ ਸੁੱਖ' ਦੀ ਗੱਲ ਕੀਤੀ ਜਾਂਦੀ ਹੈ ।ਪਰ ਸੜਕਾਂ , ਨਹਿਰਾਂ , ਨਾਲਿਆਂ ਆਦਿ ਦੇ ਕੰਢਿਆਂ ਤੇ ਦਰੱਖਤਾਂ ਦੀ ਘਾਟ ਮਹਿਸੂਸ ਹੁੰਦੀ ਹੈ । ਨੌਜਵਾਨਾਂ ਲਈ ਅੰਤਰਰਾਸ਼ਟਰੀ ਪ੍ਰਸਿੱਧ ਗਾਇਕ ਸਵ: ਸਿੱਧੂ ਮੂਸੇਵਾਲੇ ਦੇ ਪਿਛਲੇ ਸਾਲ ਭੋਗ ਸਮਾਗਮ ਉਪਰੰਤ ਲੱਖਾਂ ਦੇ ਇਕੱਠ ਨੂੰ ਉਸ ਦੀ ਮਾਤਾ ਜੀ ਨੇ ਲੋਕਾਂ ਨੂੰ ਆਪਣੇ ਪੁੱਤ ਦੀ ਯਾਦ ' ਚ ਇੱਕ ਇੱਕ ਰੁੱਖ ਲਗਾ ਕੇ ਉਸ ਦੇ ਪਾਲਣ ਪੋਸ਼ਣ ਕਰਨ ਦਾ ਅਪੀਲ ਕੀਤੀ ਸ਼ਾਇਦ ਕਿਸੇ ਮਾਂ ਵਲੋਂ ਇਹੋ ਜਿਹੇ ਮੌਕੇ ਤੇ ਇਹ ਪੰਜਾਬ ਵਿੱਚ ਪਹਿਲਾ ਸੁਨੇਹਾ ਹੋਵੇਗਾ ਜੋ ਕਿ ਸਮੇਂ ਦੀ ਅਤਿ ਲੋੜ ਹੈ , ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ ।ਬਹੁਤ ਸਾਰੇ ਨੌਜਵਾਨਾਂ ਨੇ ਇਸ ਸ਼ੰਦੇਸ਼ ਨੂੰ ਅਮਲੀ ਰੂਪ ਦਿੰਦੇ ਹੋਏ ਉਸੇ ਦਿਨ ਹੀ ਰੁੱਖ ਲਗਾਉਣੇ ਸ਼ੁਰੂ ਕਰਕੇ ਉਨ੍ਹਾਂ ਨੂੰ ਪਾਲਣ ਪੋਸ਼ਣ ਕਰਨ ਦਾ ਪ੍ਰਣ ਵੀ ਲਿਆ ਹੈ ਜੋ ਕਿ ਪੰਜਾਬ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਸ਼ੁਭ ਸ਼ੰਕੇਤ ਹੈ । ਇਸ ਸਾਲ ਗਰਮੀ ਦੀ ਰੁੱਤ ਸ਼ੁਰੂ ਹੁੰਦੇ ਹੀ ਤਾਪਮਾਨ ਵਧਿਆ ਪਰ ਜੁਲਾਈ ਸ਼ੁਰੂ ਹੁੰਦੇ ਹੀ ਭਾਰੀ ਵਰਖਾ ਹੋਣੀ ਸ਼ੁਰੂ ਹੋ ਗਈ ਜਿਸ ਨੇ ਹੜ੍ਹਾਂ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ । ਕੁਦਰਤ ਵੀ ਮਨੁੱਖ ਨੂੰ ਸਮੇਂ ਸਮੇਂ ਚਿਤਾਵਨੀ ਦਿੰਦੀ ਰਹਿੰਦੀ ਹੈ ਕਿਉਂ ਕਿ ਮਨੁੱਖ ਕੁਦਰਤ ਦੇ ਅਣਮੋਲ ਖਜ਼ਾਨੇ ਨਾਲ ਛੇੜ ਛਾੜ ਕਰਨੋ ਨਹੀਂ ਹਟਦਾ ।ਦੂਸਰੇ ਪਾਸੇ ਏਨੇ ਵੱਧ ਰਹੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ । ਸਰਕਾਰ ਵਲੋਂ ਖਾਲੀ ਕਰਵਾਈ ਜਾ ਰਹੀ ਸ਼ਾਮਲਾਟ ਜ਼ਮੀਨ ਦੇ ਕੁਝ ਹਿੱਸੇ ਉੱਪਰ ਦਰਖੱਤਾਂ ਦੇ ਲਾਉਣ ਦੀ ਗੱਲ਼ ਸ਼ੋਸ਼ਲ ਮੀਡੀਏ ਤੇ ਕੀਤੀ ਗਈ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ।ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ ਦੰਦਰਾਲਾ ਢੀਂਡਸਾ ( ਪਟਿਆਲਾ ) ਵਾਲੇ ਨੇ ਅੱਧੀ ਸਦੀ ਪਹਿਲਾਂ ਸਾਮਲਾਟ , ਸਾਂਝੀਆਂ ਥਾਵਾਂ , ਮੰਡੀਆਂ ਆਦਿ 'ਚ ਬੂਟੇ ਤਿਆਰ ਕਰਕੇ ਲਾਉਣੇ ਸ਼ੁਰੂ ਕੀਤੇ । ਇਲਾਕੇ ਦੇ ਪਿੰਡਾਂ , ਸ਼ਹਿਰਾਂ ਆਦਿ ਵਿੱਚ ਉਨ੍ਹਾਂ ਦੇ ਲਾਏ ਬੂਟੇ,ਜਿਨ੍ਹਾਂ 'ਚ ਪਿੱਪਲ,ਬਰੋਟੇ ਵੀ ਬਹੁਤ ਥਾਵਾਂ 'ਤੇ ਲਾਏ ਗਏ ਜਿਹੜੇ ਅੱਜ ਛਾਂ ਅਤੇ ਠੰਡੀ ਹਵਾ ਦੇ ਰਹੇ ਹਨ ।ਸਾਨੂੰ ਵੀ ਉਨ੍ਹਾਂ ਵਾਂਗ ਵਾਤਾਵਰਨ ਨੂੰ ਚੰਗੇਰਾ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ । ਇਕੱਲੇ ਬੂਟੇ ਲਾਉਣ ਨਾਲ ਗੱਲ ਨਹੀਂ ਬਣਦੀ ਸਗੋਂ ਉਨ੍ਹਾਂ ਦੀ ਸੰਭਾਲ ਬਹੁਤ ਜਰੂਰੀ ਹੈ । ਪਿਛਲੇ ਸਾਲਾਂ ਦੌਰਾਨ ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ , ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਕਰਨ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਬੂਟੇ ਨਹੀਂ ਲੱਗ ਸਕੇ ।ਜਾਨਵਰਾਂ ਅਤੇ ਪੰਛੀਆਂ ਦਾ ਰੁੱਖਾਂ ਨਾਲ ਗੂੜ੍ਹਾ ਸੰਬੰਧ ਹੈ ਸੋ ਇੱਧਰ ਧਿਆਨ ਦੇਣ ਦੀ ਲੋੜ ਹੈ ।

ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ । ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜੀ ਹੈ ।ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਨ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ ।ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ ।ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ ।ਵਾਤਾਵਰਨ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ ।ਜੇ ਨਵੀਂ ਸਰਕਾਰ ਇਨ੍ਹਾਂ ਜੰਗਲੀ ਜਾਨਵਰਾਂ ਅਤੇ ਪੰਛੀਆਂ ਲਈ ਰਹਿਣ , ਖਾਣ ਪੀਣ ਲਈ ਫਲਾਂ ਵਾਲੇ ਬੂਟੇ ਲਾ ਕੇ , ਕੁਦਰਤੀ ਮਾਹੌਲ ਆਦਿ ਦੇ ਕੇ ਇਹ ਕਰ ਵਿਖਾਉਂਦੀ ਹੈ ਤਾਂ ਇਨ੍ਹਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ।

ਸ਼ਹਿਰਾਂ , ਪਿੰਡਾਂ ਨੇੜੇ ਲੰਘ ਰਹੇ ਰਜਬਾਹਿਆਂ , ਨਹਿਰਾਂ ਆਦਿ ਨੂੰ ਪੱਕਾ ਕਰਵਾ ਦਿੱਤਾ ਜਾਵੇ ਅਤੇ ਇਨ੍ਹਾਂ ਦੀ ਪਟੜੀ ਵੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਇਸ ਇਲਾਕੇ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਇਹ ਏਰੀਆ ਰਮਣੀਕ ਬਣ ਸਕਦਾ ਹੈ । ਮਹਿਕਮੇ ਵਲੋਂ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ ।ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਵੀ ਸਵੱਛ ਹੋਵੇਗਾ ।

ਮੇਜਰ ਸਿੰਘ ਨਾਭਾ
ਮੋ:9463553962

# ਬਿਨ ਮਾਂਗੇ ਮੋਤੀ ਮਿਲੇ ਵਾਲਾ ਬਾਈ ਸ਼ਿੰਦਾ



ਪੂਰਨ ਸਿੰਘ ਸੰਧੂ
204 295 4950

ਬਿਨ ਮਾਂਗੇ ਮੋਤੀ ਮਿਲੇਂ, ਮਾਂਗੇ ਮਿਲੇ ਨਾਂ ਭੀਖ ਸਵਰਨ ਸਿੰਘ ਟਹਿਣਾਂ ਤੇ ਹਰਮਨ ਥਿੰਦ ਨਾਲ ਪਰਾਈਮ ਏਸ਼ੀਆ ਦੇ ਪ੍ਰੋਗਰਾਮ ਚੱਜ ਦਾ ਵਿਚਾਰ ਵਿੱਚ ਇੱਕ ਵਾਰ ਇੰਟਰਵਿਊ ਕਰ ਰਹੇ ਸੁਰਿੰਦਰ ਸ਼ਿੰਦੇ ਦੇ ਇਹ ਬੋਲ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜ ਰਹੇ ਨੇ ਜੋ ਉਸ ਦੇ ਮੂੰਹੋਂ ਦੁਬਾਰਾ ਸੁਣਨ ਨੂੰ ਨਹੀ ਮਿਲ ਸਕਣਗੇ ਲੱਖ ਯਤਨ ਕੀਤਿਆਂ ਵੀ । ਸ਼ਿੰਦਾ ਦੱਸ ਰਿਹਾ ਸੀ ਕਿ ਪੂਰੇ ਪੰਤਾਲੀ ਸਾਲ ਇੱਕੋ ਘਰ ਦੇ ਪਿਓ ਪੁੱਤ ਤੇ ਪੋਤਰੇ ਤੱਕ ਦੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ ਕੀਤੇ ਹਨ ਕਈ ਪਿੰਡਾਂ ਵਿੱਚ ਓਹਨੇ । ਇੱਕ ਮਹੀਨੇ ਵਿੱਚ ਛਪਿੰਜਾ ਸ਼ੋਅ ਵੀ ਕੀਤੇ, ਜਿੰਨ੍ਹਾਂ ਵਿੱਚ ਘੰਟਾ ਕੁ ਸੁਣਨ ਤੋਂ ਬਾਦ ਸੁਣਨ ਵਾਲੇ ਵੀ ਮੂਡ ਵਿੱਚ ਆ ਕੇ ਜੇਬ ਵਿੱਚ ਹੱਥ ਪਾਉਣਾਂ ਸ਼ੁਰੂ ਕਰ ਦਿੰਦੇ ਤੇ ਆਰਟਿਸਟ ਤੇ ਓਹਦੇ ਸਾਜਿੰਦੇ ਵੀ ਜ਼ਿਆਦਾ ਸਰਗਰਮ ਹੋ ਜਾਂਦੇ । ਪ੍ਰੋਗਰਾਮ ਤਿੰਨ ਤਿੰਨ ਚਾਰ ਚਾਰ ਘੰਟੇ ਚੱਲਦਾ ਰਹਿੰਦਾ ਹੁੰਦਾ ਸੀ ਬੇ ਰੋਕ ਟੋਕ ਅਖਾੜਿਆਂ ਦਾ ਤੇ ਪੈਸੇ ਵੀ ਮੀਂਹ ਵਾਂਗ ਵਰ੍ਹਦੇ ।

ਮੈਨੂੰ ਸ਼ਿੰਦੇ ਦੀ ਪੰਤਾਲੀ ਸਾਲਾਂ ਵਾਲੀ ਗੱਲ ਵੀ ਕੁੱਝ ਜਚੀ ਨਹੀਂ ਸੀ ਓਦਣ ਕਿਉਂਕਿ ਮੇਰੇ ਮਾਮੇਂ ਦੇ ਮੁੰਡੇ ਜੀਹਦਾ ਛੋਟਾ ਨਾਂ ਤਾਂ ਚਿੜਾ ਤੇ ਪੂਰਾ ਨਾਂ ਜਲੰਧਰ ਸਿੰਘ ਸੀ, ਦਾ ਵਿਆਹ ਅਪ੍ਰੈਲ 1977 ਵਿੱਚ ਹੋਇਆ ਸੀ , ਸ਼ਿੰਦਾ ਤਾਂ ਓਦੂੰ ਪੰਜ ਸੱਤ ਸਾਲ ਪਹਿਲਾਂ ਤੋਂ ਹੀ ਗੌਂਦਾ ਆ ਰਿਹਾ ਸੀ ਵਧੀਆ । ਇਹਦਾ ਮਤਲਬ ਏ ਕਿ ਸ਼ਿੰਦਾ ਪੂਰੇ ਪੰਜਾਹ ਬਵੰਜਾ ਸਾਲ ਈ ਗਾ ਗਿਆ ਹੋਣੈ ਮੇਰੇ ਹਿਸਾਬ ਨਾਲ ਤਾਂ ਪਰ ਕੇਹੜਾ ਯਾਦ ਰਹਿੰਦੈ ਲੰਘਿਆ ਸਮਾਂ, ਪਰ ਇਹ ਸ਼ਿੰਦੇ ਦਾ ਵਡੱਪਣ ਈ ਸੀ ਜੋ ਕਈ ਸਾਲ ਘੱਟ ਹੀ ਦੱਸ ਰਿਹਾ ਸੀ ਅਸਲ ਨਾਲੋਂ । ਅਸੀਂ ਓਦੋਂ ਸ਼ਿੰਦੇ ਦੇ ਦੋ ਅਖਾੜੇ ਅਠਾਰਾਂ ਸੌ ਰੁਪਏ ਵਿੱਚ ਇੱਕ ਤਾਂ ਚਿੜੇ ਦੇ ਮੰਗਣੇ ਵਾਲੇ ਦਿਨ ਖਿੜਕੀਆਂ ਵਾਲੇ ਜ਼ਿਲ੍ਹਾ ਮੁਕਤਸਰ ਤੇ ਦੂਜਾ ਚਿੜੇ ਦੇ ਸੌਹਰੇ ਪਿੰਡ ਗੁੜ੍ਹੀ ਸੰਘਰ ਜਿੱਥੇ ਮੇਰੇ ਵੱਡੇ ਮਾਮੇ ਦਾ ਮੁੰਡਾ ਜੰਟਾ ਪਹਿਲਾਂ ਈ ਵਿਆਹਿਆ ਹੋਇਆ ਸੀ ਤੇ ਚਿੜਾ ਓਹਦੀ ਸਾਲ਼ੀ ਨਾਲ ਵਿਓਹਣਾਂ ਸੀ, ਵਾਸਤੇ ਬੁੱਕ ਕੀਤੇ ਸਨ । ਸ਼ਿੰਦੇ ਨਾਲ ਓਦੋਂ ਸੁਰਿੰਦਰ ਸੋਨੀਆਂ ਦਾ ਸੈੱਟ ਹੁੰਦਾ ਸੀ ਤੇ ਚਮਕੀਲਾ ਪਹਿਲਾ ਧਾਰਮਿਕ ਗੀਤ ਗਾ ਕੇ ਅਖਾੜੇ ਦੀ ਸ਼ੁਰੂਆਤ ਕਰਦਾ ਹੁੰਦਾ ਸੀ । ਮੰਗਣੇ ਵਾਲੇ ਦਿਨ ਅਖਾੜਾ ਲੱਗਣ ਤੋਂ ਕੁੱਝ ਚਿਰ ਪਹਿਲਾ ਚਿੜੇ ਦਾ ਵੱਡਾ ਭਰਾ ਦੀਪਾ ਮੈਨੂੰ ਤੇ ਸ਼ਿੰਦੇ ਨੂੰ ਪਾਸੇ ਲਿਜਾ ਕੇ ਚਿੱਟੇ ਰੰਗ ਦਾ ਇੱਕ ਪਾਸੇ ਚਿੜੀਆਂ ਤੇ ਦੂਜੇ ਪਾਸੇ ਫੁੱਲਾਂ ਵਾਲਾ ਤਣੀਆਂ ਵਾਲਾ ਝੋਲ਼ਾ ਤੇ ਕਾਪੀ ਪੈਨਸਿਲ ਮੈਨੂੰ ਫੜਾ ਕੇ ਕਹਿਣ ਲੱਗਾ ਕਿ ਬਾਈ ਤੂੰ ਲੋਕਾਂ ਦੇ ਇਨਾਮ ਫੜ੍ਹ ਫੜ੍ਹ ਕੇ ਕਾਪੀ ਵਿੱਚ ਲਿਖੀ ਜਾਈਂ ਤੇ ਪੈਸੇ ਝੋਲੇ ਵਿੱਚ ਪਾਈ ਜਾਈਂ । ਸਪੈਸ਼ਲ ਇਨਾਮ ਸ਼ਿੰਦੇ ਨੂੰ ਫੜਾਈ ਜਾਈਂ ਜਦੋਂ ਓਹ ਸਟੇਜ ਤੋਂ ਇਨਾਮ ਦੇਣ ਵਾਲਿਆਂ ਦੇ ਨਾਮ ਬੋਲਣਗੇ, ਜਿਹੜੇ ਇਨਾਮ ਸਪੈਸ਼ਲ ਹੋਣਗੇ ਓਹ ਸ਼ਿੰਦੇ ਦੇ ਤੇ ਬਾਕੀ ਆਪਣੇ ਹੋਣਗੇ, ਕਿਉਂਕਿ ਆਪਾਂ ਸ਼ਿੰਦੇ ਨੂੰ ਉੱਕਾ ਪੁੱਕਾ ਠਾਰਾਂ ਸੌ ਈ ਦੇਣੈਂ, ਕਿਓਂ ਬਾਈ ਸ਼ਿੰਦੇ ਠੀਕ ਐ ਨਾਂ ? ਮੈਨੂੰ ਤਾਂ ਇਹ ਕੰਮ ਬੜਾ ਔਖਾ ਜਿਹਾ ਲੱਗਾ ਪਰ ਕਰਨਾਂ ਪੈਣਾਂ ਈ ਸੀ । ਸ਼ਿੰਦਾ ਸੁਣ ਕੇ ਹੱਸਿਆ ਤੇ ਮੈਨੂੰ ਕਹਿੰਦਾ ਸੰਧੂ ਬਾਈ ਕੋਈ ਨਾਂ ਜੇ ਇੱਕ ਅੱਧਾ ਇਨਾਮ ਏਧਰ ਓਧਰ ਵੀ ਹੋ ਜਾਵੇ ਤਾਂ ਵੀ ਕੋਈ ਗੱਲ ਨੀਂ, ਵੇਖੀਂ ਮੀਂਹ ਵਰ੍ਹਦਾ ਨੋਟਾਂ ਦਾ ਅੱਜ, ਕੋਈ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ, ਆਪੇ ਵਾਹਿਗੁਰੂ ਜੀ ਮੇਹਰ ਕਰਨਗੇ । ਓਦੋਂ ਈ ਚਮਕੀਲੇ ਨੇ ਸ਼ਿੰਦੇ ਦੇ ਸਿਰ ਤੇ ਤੁਰ੍ਹਲੇ ਵਾਲੀ ਪੱਗ ਲਿਆ ਧਰੀ ਤੇ ਪ੍ਰੋਗਰਾਮ ਪਤਾ ਨਹੀਂ ਕਿੰਨੇ ਘੰਟੇ ਚੱਲਦਾ ਰਿਹਾ ਨਾਂ ਸੁਣਨ ਵਾਲੇ ਹਟਣ ਤੇ ਨਾਂ ਸ਼ਿੰਦਾ ਗਾਉਣੋਂ ਹੀ ਹਟਿਆ ਨ੍ਹੇਰੇ ਹੁੰਦੇ ਤੱਕ ਵੀ ਕਹਿਣ ਦੇ ਬਾਵਜੂਦ ਵੀ । ਅਖੀਰ ਇੱਕ ਇੱਕ ਤੇ ਦੋ ਦੇ ਨੋਟਾਂ ਨਾਲ ਮੇਰੇ ਵਾਲਾ ਝੋਲ਼ਾ ਭਰ ਗਿਆ ਤੇ ਸ਼ਿੰਦੇ ਦਾ ਗੀਝਾ ਪੰਜਾਂ ਪੰਜਾਂ ਤੇ ਵਿਰਲੇ ਵਿਰਲੇ ਦਸਾਂ ਦੇ ਨੋਟਾਂ ਨਾਲ ।

ਸ਼ਾਮ ਨੂੰ ਰੋਟੀ ਖਾ ਕੇ ਮੁਕਤਸਰ ਹੋਟਲ ਵਿੱਚ ਠਹਿਰਨ ਲਈ ਆਪਣੀ ਟੀਮ ਨਾਲ ਚਿੱਟੀ ਅੰਬੈਸਡਰ ਕਾਰ ਵਿੱਚ ਡਰਾਈਵਰ ਦੇ ਨਾਲ ਬਹਿੰਦਾ ਸ਼ਿੰਦਾ ਹੱਸ ਕੇ ਮੈਨੂੰ ਕਹਿੰਦਾ ਸੰਧੂ ਬਾਈ ਵਿਆਹ ਆਲੇ ਮੁੰਡੇ ਦੇ ਦੋਵੇਂ ਨਾਂ ਈ ਅਜੀਬ ਜਿਹੇ ਲਗਦੇ ਨੇ ਮੈਨੂੰ ਤਾਂ ਚਿੜਾ ਤੇ ਜਲੰਧਰ । ਤੁਸੀਂ ਮੈਨੂੰ ਮਖੌਲ ਤਾਂ ਨੀ ਕਰਦੇ ਕਿਧਰੇ ? ਪਰ ਤੂੰ ਹੀ ਮੈਨੂੰ ਦੱਸ ਕਿ ਮੈਂ ਸਵੇਰੇ ਇਹਦੇ ਸੌਹਰੇ ਪਿੰਡ ਕੇਹੜਾ ਨਾਂ ਬੋਲਿਆ ਕਰਾਂ ਜਦੋਂ ਇਹਦੇ ਰਿਸ਼ਤੇਦਾਰ ਇਨਾਮ ਭੇਜਣ ? ਮੈਂ ਕਿਹਾ ਜੇਹੜਾ ਮਰਜੀ ਬੋਲੀਂ ਜਾਈਂ ਇਹਦੀ ਭਰਜਾਈ ਨੇ ਈ ਆਪਣੀ ਭੈਣ ਦਾ ਸਾਕ ਲਿਆਂਦਾ ਏ, ਤੇ ਸੌਹਰਿਆਂ ਦਾ ਸਾਰਾ ਪਿੰਡ ਈ ਚਿੜੇ ਨੂੰ ਜਾਣਦਾ ਏ ਨੇੜੇ ਹੋਣ ਕਰਕੇ, ਚਿੜਾ ਸਿੰਹੁ ਈ ਬੋਲੀਂ ਜਾਈਂ ਤੂੰ ਵੀ । ਸ਼ਿੰਦਾ ਮੁਕਤਸਰ ਨੂੰ ਤੁਰ ਗਿਆ ਤੇ ਮੈਂ ਦੀਪੇ ਨੂੰ ਦੀਵੇ ਦੇ ਚਾਨਣੇਂ ਨੋਟਾਂ ਵਾਲਾ ਝੋਲ਼ਾ ਤੇ ਕਾਪੀ ਪੈਨਸਿਲ ਫੜਾ ਕੇ ਵਿਆਹ ਵਿੱਚ ਆਇਆਂ ਸ਼ਰਾਬ ਪੀਂਦਿਆਂ ਮੇਰੇ ਮਾਸੜਾਂ, ਮਾਮਿਆਂ ਤੇ ਪਿੰਡ ਦੇ ਲੋਕਾਂ ਵਿੱਚ ਬਹਿ ਕੇ ਉਹਨਾਂ ਦੀਆਂ ਅਜੀਬ ਜਹੀਆਂ ਗੱਲਾਂ ਸੁਣਨ ਲੱਗ ਪਿਆ ਤੇ ਦੂਜੇ ਪਾਸੇ ਗਾ ਰਹੀਆਂ ਕੁੜੀਆਂ ਦੇ ਰਵਾਇਤੀ ਗੀਤ ।

ਦੂਜੇ ਦਿਨ ਤੜਕੇ ਈ ਬਰਾਤ ਕੱਚੇ ਰਾਹ ਟ੍ਰੈਕਟਰ ਟਰਾਲੀਆਂ ਤੇ ਗੁੜ੍ਹੀ ਸੰਘਰ ਨੂੰ ਚੱਲ ਪਈ । ਕੱਚੇ ਰਾਹ ਦੀ ਪੀਕ ਨਾਲ ਬਰਾਤੀਆਂ ਦੇ ਮੂੰਹ ਸਿਰ ਸਾਫ਼ਿਆਂ ਨਾਲ ਵਲ੍ਹੇਟੇ ਹੋਏ ਵੀ ਭਰ ਗਏ ਪੰਜ ਸੱਤ ਕੋਹ ਦੇ ਸਫ਼ਰ ਵਿੱਚ ਈ । ਚਿੜੇ ਦੇ ਤਵੇ ਵਰਗੇ ਕਾਲੇ ਰੰਗ ਤੇ ਚੀਪ ਨੇ ਮੇਕ ਅੱਪ ਕਰ ਦਿੱਤਾ । ਮੈਂ ਤੇ ਮੇਰਾ ਮਾਮਾਂ ਕਾਰਾ ਵੀ ਮੇਰੇ ਯੈਜਦੀ ਮੋਟਰ ਸਾਈਕਲ ਤੇ ਓਸੇ ਕੱਚੇ ਰਾਹ ਗਏ ਬਰਾਤ ਦੇ ਅੱਪੜਨ ਤੋ ਪਹਿਲਾਂ ਈ । ਜਾਣ ਸਾਰ ਪੀਕ ਝਾੜ ਕੇ ਸਾਰੇ ਬਰਾਤੀ ਮਿਲਣੀ ਤੋਂ ਬਾਦ ਚਾਹ ਪਾਣੀ ਪੀ ਕੇ ਧਰਮਸ਼ਾਲਾ ਵਿੱਚ ਚਲੇ ਗਏ । ਮੈਂ ਤੇ ਮੇਰਾ ਮਾਮਾਂ ਬਾਈ ਜੰਟੇ ਨਾਲ ਓਹਦੇ ਸੌਹਰੇ ਘਰ ਜਾ ਬੈਠੇ ਅਨੰਦਾਂ ਦੀ ਉਡੀਕ ਕਰਨ । ਭਾਈ ਜੀ ਨੇ ਅਨੰਦ ਕਾਰਜ ਦੀ ਰਸਮ ਲਈ ਔਣ ਦਾ ਸੱਦਾ ਦਿੱਤਾ ਤੇ ਬਰਾਤ ਦੇ ਪਹੁੰਚਣ ਤੇ ਅਨੰਦ ਕਾਰਜ ਦੀ ਰਸਮ ਪੂਰੀ ਕਰ ਦਿੱਤੀ ਗਈ ਓਦੋਂ ਹੁਣ ਵਾਂਗ ਲਾਵਾਂ ਵੇਲੇ ਵਿਆਹ ਵਾਲਾ ਲੜਕਾ ਲੜਕੀ ਪ੍ਰਕਰਮਾਂ ਸ਼ਹਿਰਾਂ ਵਿੱਚ ਤਾਂ ਭਾਵੇਂ ਕਰਦੇ ਹੋਣ ਪਰ ਪਿੰਡਾ ਵਿੱਚ ਤਾਂ ਲਾਵਾਂ ਦਾ ਪਾਠ ਵੀ ਆਮ ਤੌਰ ਤੇ ਲੜਕੇ ਲੜਕੀ ਦੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੈਠਿਆਂ ਈ ਕਰ ਦਿੱਤਾ ਜਾਂਦਾ ਸੀ ।

> **ਚਮਕੀਲਾ ਤਾਂ ਉੱਸ ਤੋਂ ਬਾਦ ਮੈਨੂੰ ਸਿਰਫ ਦੋ ਤਿੰਨ ਵਾਰ ਈ ਮਿਲਿਆ ਪਰ ਸ਼ਿੰਦਾ ਤਾਂ ਪੱਕਾ ਬੇਲੀ ਬਣ ਗਿਆ ਸੀ ਮੇਰਾ ਓਸੇ ਦਿਨ ਤੋਂ । ਜਦੋਂ ਕੋਈ ਕਹਿੰਦਾ ਸ਼ਿੰਦੇ ਦਾ ਅਖਾੜਾ ਬੁੱਕ ਕਰਵਾ ਦੇਈਦਾ ਸੀ ਪਰ ਆਪਣੇ ਘਰ ਪੂਰੇ ਅਠਾਰਾਂ ਸਾਲਾਂ ਬਾਦ ਆਪਣੀ ਧਰਮ ਭੈਣ ਦੇ ਵਿਆਹ ਤੇ ਪਹਿਲੀ ਜਨਵਰੀ 1995 ਨੂੰ ਸ਼ਿੰਦੇ ਦਾ ਅਖਾੜਾ ਫਿਰ ਲਗਵੌਣ ਦਾ ਮੌਕਾ ਮਿਲਿਆ ਕਿਉਂਕਿ ਬਹੁਤਾ ਸਮਾਂ ਅੱਤਵਾਦ ਦੀ ਭੇਟਾ ਈ ਚੜ੍ਹ ਗਿਆ ਸੀ ਦਸ ਬਾਰਾਂ ਸਾਲ ਤਾਂ ।**



ਬਰਾਤ ਧਰਮਸ਼ਾਲਾ ਵਿੱਚ ਪਹੁੰਚ ਗਈ ਤੇ ਸ਼ਿੰਦਾ ਵੀ ਟਾਈਮ ਸਿਰ ਹੀ ਟੀਮ ਨਾਲ ਆ ਪਹੁੰਚਿਆ ਸ੍ਰੀ ਮੁਕਤਸਰ ਸਾਹਿਬ ਤੋਂ । ਚਾਹ ਪਾਣੀ ਧਰਮਸ਼ਾਲਾ ਵਿੱਚ ਈ ਪਿਆ ਗਏ ਘਰ ਵਾਲੇ ਉਹਨਾਂ ਨੂੰ । ਸੈਂਕੜੇ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਕੱਠੇ ਹੋਣ ਲੱਗੇ ਅਖਾੜਾ ਸੁਣਨ ਲਈ । ਸਟੇਜ ਦੀ ਤਿਆਰੀ ਘੜਾ ਵਜੌਣ ਵਾਲਾ ਤੇ ਪੇਟੀ ਤੇ ਉਂਗਲਾਂ ਫੇਰਨ ਵਾਲਾ ਚਮਕੀਲਾ ਕਰਵੌਣ ਲੱਗੇ । ਮੋਦਲੇ ਵਾਲੇ ਵਾਲਾ ਮਸ਼ਹੂਰ ਸਪੀਕਰ ਲਿਆਂਦਾ ਗਿਆ ਸੀ, ਓਹ ਵੀ ਸੈੱਟ ਕਰਵਾ ਦਿੱਤਾ । ਸੋਨੀਆਂ ਸ਼ਿੰਦੇ ਨੂੰ ਪਾਸੇ ਲਿਜਾ ਕੇ ਹੌਲ਼ੀ ਜਹੇ ਕੁੱਝ ਕਹਿਣ ਲੱਗੀ ਤਾਂ ਸ਼ਿੰਦਾ ਬੜੀ ਤੇਜ਼ੀ ਨਾਲ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਬਾਈ ਸੰਧੂ ਸੋਨੀਆਂ ਦੋ ਹੀ ਡਰੈੱਸਾਂ ਲਿਆਈ ਸੀ ਕੱਲ੍ਹ ਨਾਲ । ਜੇੜ੍ਹੀ ਅੱਜ ਪਾਈ ਏ ਓਹ ਕਾਰ ਵਿੱਚੋਂ ਉੱਤਰਦੀ ਤੋਂ ਬਾਰੀ ਵਿੱਚ ਫਸਕੇ ਕਾਫੀ ਉੱਧੜ ਗਈ ਏ, ਹੁਣ ਕੀ ਕੀਤਾ ਜਾਵੇ ? ਮੈਂ ਕਿਹਾ ਕਿ ਭੇਜ ਸਾਡੇ ਨਾਲ ਸੋਨੀਆਂ ਨੂੰ ਅਸੀਂ ਹੁਣੇ ਆਹ ਨਾਲ ਈ ਵਿਆਹ ਵਾਲੇ ਘਰੇ ਲਿਜਾ ਕੇ ਠੀਕ ਕਰਵਾ ਲਿਓਨੇਂ ਆਂ ਭਾਬੀ ਜੀ ਤੋਂ । ਸੋਨੀਆਂ ਨੂੰ ਘਰੇ ਲਿਜਾ ਕੇ ਬਾਈ ਜੰਟੇ ਦੇ ਘਰ ਵਾਲੀ ਮੇਰੀ ਭਰਜਾਈ ਨਾਲ ਗੱਲ ਕੀਤੀ । ਓਹਨੇ ਸੋਨੀਆਂ ਨੂੰ ਅੰਦਰ ਲਿਜਾ ਕੇ ਆਪਣੀ ਕਮੀਜ਼ ਦਿੱਤੀ ਤੇ ਓਹਦੀ ਉੱਧੜੀ ਹੋਈ ਕਮੀਜ ਤੇ ਝੱਟ ਮਸ਼ੀਨ ਨਾਲ ਸਿਓਣ ਮਾਰ ਦਿੱਤੀ ਤੇ ਨਾਲੇ ਓਹਦੀ ਮਾਂ ਨੇ ਸੋਨੀਆਂ ਨੂੰ ਪੰਜ ਰੁਪਏ ਸ਼ਗਨ ਦੇ ਕੇ ਤੋਰਿਆ । ਧਰਮਸ਼ਾਲਾ ਪਹੁੰਚਦਿਆਂ ਨੂੰ ਚਮਕੀਲਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਾਰੇ ਧਾਰਮਿਕ ਗੀਤ ਗਾਈ ਜਾਂਦਾ ਸੀ । ਬੱਸ ਫਿਰ ਦੀਪੇ ਨੇ ਓਹੀ ਝੋਲ਼ਾ ਤੇ ਕਾਪੀ ਮੇਰੇ ਹਵਾਲੇ ਕਰ ਦਿੱਤੀ ਤੇ ਸ਼ਿੰਦੇ ਤੇ ਸੋਨੀਆਂ ਨੇ ਪੂਰਾ ਰੰਗ ਬੰਨ੍ਹ ਦਿੱਤਾ, ਨੋਟ ਵਰ੍ਹੇ ਤੇ ਆਖਿਰ ਦਿਨ ਛਿਪੇ ਜਾਂਦਾ ਹੋਇਆ ਸ਼ਿੰਦਾ ਚਿੜੇ ਤੇ ਓਹਦੀ ਘਰ ਵਾਲੀ ਨੂੰ ਸ਼ਗਨ ਦੇ ਦੇਕੇ ਗਿਆ ਤੇ ਚਿੜੇ ਦੀ ਸੱਸ ਨੇ ਸੋਨੀਆਂ ਨੂੰ ਸੂਟ ਤੇ ਸ਼ਿੰਦੇ ਨੂੰ ਕੰਬਲ ਤੇ ਮਠਿਆਈ ਦੇ ਕੇ ਵਿਦਾ ਕੀਤਾ ।

ਚਮਕੀਲਾ ਤਾਂ ਉੱਸ ਤੋਂ ਬਾਦ ਮੈਨੂੰ ਸਿਰਫ ਦੋ ਤਿੰਨ ਵਾਰ ਈ ਮਿਲਿਆ ਪਰ ਸ਼ਿੰਦਾ ਤਾਂ ਪੱਕਾ ਬੇਲੀ ਬਣ ਗਿਆ ਸੀ ਮੇਰਾ ਓਸੇ ਦਿਨ ਤੋਂ । ਜਦੋਂ ਕੋਈ ਕਹਿੰਦਾ ਸ਼ਿੰਦੇ ਦਾ ਅਖਾੜਾ ਬੁੱਕ ਕਰਵਾ ਦੇਈਦਾ ਸੀ ਪਰ ਆਪਣੇ ਘਰ ਪੂਰੇ ਅਠਾਰਾਂ ਸਾਲਾਂ ਬਾਦ ਆਪਣੀ ਧਰਮ ਭੈਣ ਦੇ ਵਿਆਹ ਤੇ ਪਹਿਲੀ ਜਨਵਰੀ 1995 ਨੂੰ ਸ਼ਿੰਦੇ ਦਾ ਅਖਾੜਾ ਫਿਰ ਲਗਵੌਣ ਦਾ ਮੌਕਾ ਮਿਲਿਆ ਕਿਉਂਕਿ ਬਹੁਤਾ ਸਮਾਂ ਅੱਤਵਾਦ ਦੀ ਭੇਟਾ ਈ ਚੜ੍ਹ ਗਿਆ ਸੀ ਦਸ ਬਾਰਾਂ ਸਾਲ ਤਾਂ । ਜਦੋਂ ਮੇਰੀ ਧਰਮ ਭੈਣ ਕੈਨੇਡਾ ਤੋਂ ਵਿਆਹ ਕਰਵੌਣ ਲਈ ਆਈ ਤਾਂ ਲੋੜ ਪਈ ਬਾਈ ਸ਼ਿੰਦੇ ਦੇ ਅਖਾੜੇ ਦੀ ਫੇਰ । ਦਸੰਬਰ ਦੇ ਪਹਿਲੇ ਹਫਤੇ ਅਸੀਂ ਕਈ ਜਣੇ ਗਏ ਲੁਧਿਆਣੇ ਸ਼ਿੰਦੇ ਨੂੰ ਮਿਲਣ ਅਖਾੜਾ ਬੁੱਕ ਕਰਨ ਲਈ । ਸ਼ਿੰਦਾ ਤਾਂ ਦਫ਼ਤਰ ਵਿੱਚ ਨਹੀਂ ਸੀ ਪਰ ਓਹਦਾ ਬੁਕਿੰਗ ਕਲਰਕ ਲੜਕਾ ਬੈਠਾ ਸੀ । ਪੁੱਛਣ ਤੇ ਮੈਨੂੰ ਕਹਿੰਦਾ ਕਿ ਜੀ ਓਹ ਤਾਂ ਬਾਹਰ ਨੇ ਪਤਾ ਨੀਂ ਕਦੋਂ ਔਣ ਪਰ ਮੈਂ ਤੁਹਾਨੂੰ ਦੱਸਾਂ ਕਿ ਹਾਕਮ ਭਾ ਜੀ ਵੀ ਵਧੀਆ ਆਰਟਿਸਟ ਨੇਂ, ਬੜਾ ਵਧੀਆ ਗੌਂਦੇ ਨੇ । ਅਸੀਂ ਓਸੇ ਵੇਲੇ ਦਫਤਰੋਂ ਬਾਹਰ ਆ ਕੇ ਫੁੱਟ ਪਾਥ ਤੇ ਖੜ੍ਹੇ ਈ ਸਾਂ ਕਿ ਛਿੰਦਾ ਹੱਥ ਵਿੱਚ ਡਾਇਰੀ ਤੇ ਡਾਇਰੀ ਉੱਪਰ ਪਿਸਟਲ ਰੱਖ ਕੇ ਕਾਰ ਚੋਂ ਉੱਤਰ ਕੇ ਸਾਡੇ ਕੋਲ ਆ ਕੇ ਪੁੱਛਣ ਲੱਗਾ ਕਿ ਸੰਧੂ ਬਾਈ ਕਦੋਂ ਕੁ ਦੇ ਆਏ ਓ । ਮੈਂ ਕਿਹਾ ਕਿ ਅੱਧਾ ਘੰਟਾ ਹੋਇਆ ਦਫ਼ਤਰ ਗਏ ਸਾਂ ਪਰ ਤੇਰਾ ਬੁਕਿੰਗ ਕਲਰਕ ਸਾਨੂੰ ਹਾਕਮ ਬਾਰੇ ਗੁੱਝੇ ਮਸ਼ਵਰੇ ਕਿਓਂ ਦੇ ਰਿਹਾ ਸੀ । ਹੱਸ ਕੇ ਕਹਿੰਦਾ ਆਓ ਮੇਰੇ ਨਾਲ , ਜਾਣ ਸਾਰ ਬੁਕਿੰਗ ਕਲਰਕ ਨੂੰ ਕਹਿਣ ਲੱਗਾ ਕਿ ਤੈਨੂੰ ਪਤੈ ਕਿ ਗਾਹਕ ਰੱਬ ਦਾ ਰੂਪ ਹੁੰਦੈ, ਤੂੰ ਇਹਨਾਂ ਨੂੰ ਚਾਹ ਪਾਣੀ ਕਿਓਂ ਨੀ ਪੁੱਛਿਆ ਬਈ ? ਹੁਣ ਜਾਹ ਤੇ ਆਪ ਲਿਆ ਚਾਹ ਬਣਵਾ ਕੇ ਨਾਲੇ ਗਜਰੇਲਾ । ਖੈਰ ਜਦੋਂ ਮੈਂ ਦੱਸਿਆ ਕਿ ਮੇਰੀ ਧਰਮ ਭੈਣ ਦਾ ਵਿਆਹ ਹੈ ਪਹਿਲੀ ਜਨਵਰੀ ਨੂੰ ਤਾਂ ਕਹਿੰਦਾ ਜ਼ਰੂਰ ਮੈਂ ਵੀ ਇੱਸ ਸਾਲ ਨਵੇਂ ਸਾਲ ਦਾ ਪ੍ਰੋਗਰਾਮ ਘੜੁੱਕੇ ਤੇ ਖੜ੍ਹ ਕੇ ਕਰਨੈ ਬਾਈ ਸੰਧੂ । ਸ਼ਿੰਦਾ ਪਹਿਲੀ ਜਨਵਰੀ ਨੂੰ ਊਸ਼ਾ ਕਿਰਨ, ਜਿਊਣੇ ਮੌੜ ਦੇ ਓਪੇਰੇ ਵਾਲੀ ਟੀਮ ਦੇ ਕੁੱਝ ਕਲਾਕਾਰ, ਢੱਕਣ ਤੇ ਇੱਕ ਡਾਂਸਰ ਨੂੰ ਲੈ ਕੇ ਆ ਪਹੁੰਚਿਆ ਤੇ ਸ਼ਗਨ ਦੀ ਰਸਮ ਵਿੱਚ ਸ਼ਾਮਲ ਹੋ ਕੇ ਦਿਨ ਛਿਪੇ ਤੱਕ ਗੌਂਦਾ ਰਿਹਾ । ਸਾਰੇ ਕਲਾਕਾਰਾਂ ਨੂੰ ਰਿਸ਼ਤੇਦਾਰਾਂ ਤੇ ਲੋਕਾਂ ਨੇ ਨੋਟਾਂ ਨਾਲ ਲੱਦ ਦਿੱਤਾ ਤੇ ਜਾਂਦਾ ਹੋਇਆ ਸ਼ਿੰਦਾ ਮੇਰੀਆਂ ਬੇਟੀਆਂ ਨੂੰ ਮੱਲੋ ਮੱਲੀ ਸ਼ਗਨ ਦੇ ਕੇ ਗਿਆ ।

ਏਸੇ ਸਾਲ ਅਪਰੈਲ ਦੇ ਗਰਮ ਮਹੀਨੇ ਵਿੱਚ ਇੱਕ ਵਾਰ ਫਿਰ ਸ਼ਿੰਦੇ ਨੂੰ ਬੁਰਜ ਹਰੀ ਕਾ ਵਾਲੇ ਸਾਡੇ ਰਿਸ਼ਤੇਦਾਰਾਂ ਦੇ ਲੜਕੇ ਦੇ ਵਿਆਹ ਤੇ ਬੁਲਾਇਆ । ਸ਼ਿੰਦਾ ਟੀਮ ਨਾਲ ਦਸ ਵਜੇ ਈ ਪਹੁੰਚ ਗਿਆ ਤੇ ਬਹਿਜਾ ਬਹਿਜਾ ਕਰਵਾ ਦਿੱਤੀ । ਸ਼ਾਮ ਨੂੰ ਓਹਦਾ ਪ੍ਰੋਗਰਾਮ ਸੀ ਰਾਜਸਥਾਨ ਵਿੱਚ । ਆਪਣੀ ਕਾਰ ਵਿੱਚ ਬਹਿੰਦਾ ਮੈਨੂੰ ਕਹਿਣ ਲੱਗਾ ਸੰਧੂ ਬਾਈ ਮੈਂ ਕੱਲ੍ਹ ਤੇ ਅੱਜ ਤਿੰਨ ਅਖਾੜੇ ਲਾ ਚੁੱਕਿਆਂ ਮੈਨੂੰ ਨੀਂਦ ਦੇ ਝੂਟੇ ਆ ਰਹੇ ਨੇ ਤਾਂਹੀ ਮੈਂ ਖਾਣਾਂ ਲੇਟ ਖਾਧਾ ਏ ਕਿ ਹੁਣ ਰਸਤੇ ਦੇ ਸਫ਼ਰ ਵਿੱਚ ਰੱਜ ਕੇ ਸੌਂ ਲਵਾਂਗਾ , ਕੱਲ੍ਹ ਨੂੰ ਫੇਰ ਚੱਲ ਸੋ ਚੱਲ, ਚੰਗਾ ਫਿਰ ਮਿਲਾਂਗੇ, ਰੱਬ ਰਾਖਾ ।

ਦਸੰਬਰ 1996 ਵਿੱਚ ਮੇਰੀ ਛੋਟੀ ਭੈਣ ਕਨੇਡਾ ਤੋਂ ਮੇਰੇ ਭਾਣਜੇ ਨੂੰ ਲੈ ਕੇ ਆ ਗਈ ਤੇ ਕਹਿਣ ਲੱਗੀ ਕਿ ਬਾਈ ਜੀ ਆਪਾਂ ਸ਼ਿੰਦੇ ਬਾਈ ਦਾ ਅਖਾੜਾ ਹੀ ਇਹਦੇ ਜਨਮ ਦਿਨ ਤੇ ਲਵੌਣਾਂ ਏਂ ਅਖੰਡ ਪਾਠ ਸਾਹਿਬ ਕਰਵਾ ਕੇ , ਹੁਣੇ ਉਹਨੂੰ ਕਹਿ ਆਓ ਜਾ ਕੇ । ਅਗਲੇ ਦਿਨ ਮੈਂ ਤੇ ਉਹਨਾਂ ਦਾ ਇੱਕ ਰਿਸ਼ਤੇਦਾਰ ਧੁੰਦ ਪੈਂਦੀ ਵਿੱਚ ਲੁਧਿਆਣੇ ਗਏ ਤੇ ਜਾ ਬੈੱਲ ਮਾਰੀ ਸ਼ਿੰਦੇ ਦੇ ਘਰ । ਪਹਿਲਾਂ ਸਾਨੂੰ ਬੂਹੇ ਵਿੱਚ ਖੜ੍ਹੇ ਤੱਕ ਕੇ ਹੈਰਾਨ ਜਿਹਾ ਹੋਇਆ ਕਹਿਣ ਲੱਗਾ ਸੰਧੂ ਬਾਈ ਸੁੱਖ ਐ ਐਸ ਵੇਲੇ ਏਨੀ ਠੰਡ ਵਿੱਚ । ਮੈਂ ਕਿਹਾ ਕਿ ਆਪਣੇ ਭਾਣਜੇ ਦੀ ਛਟੀ ਕਰਨੀ ਏਂ ਗੱਜ ਵੱਜ ਕੇ ਤੇ ਤੈਨੂੰ ਗੌਣਾਂ ਪੈਣੈਂ ਓਥੇ ਜਾ ਕੇ , ਕਹਿੰਦਾ ਡਾਇਰੀ ਵੇਖ ਲੈਣ ਦੇ ਜ਼ਰਾ ਬਾਈ ਜੀ । ਕੁਦਰਤੀ ਓਹ ਦਿਨ ਅਜੇ ਤੱਕ ਬੁੱਕ ਨਹੀਂ ਸੀ । ਪੈੱਨ ਕੱਢ ਕੇ ਲਿਖਿਆ ਭਾਣਜੇ ਦੀ ਛਟੀ ਤੇ ਸੇਖੇ ਛੋਟੇ ਸਮਾਲਸਰ ਦੇ ਨੇੜੇ । ਬੱਸ ਫਿਰ ਕੀ ਸੀ ਅਸੀਂ ਓਹਦੇ ਘਰੋਂ ਚਾਹ ਤੇ ਬਰਫੀ ਖਾ ਕੇ ਵਾਪਿਸ ਆ ਗਏ । ਸ਼ਿੰਦੇ ਦਾ ਅਖਾੜਾ ਲਵੌਣ ਲਈ ਢਾਈ ਕਿੱਲੇ ਖੜ੍ਹੀ ਕਣਕ ਬੂਹੇ ਦੇ ਸਾਹਮਣੇ ਵਢੌਣੀ ਪਈ ਤੇ ਬੜੀ ਵੱਡੀ ਗਿਣਤੀ ਵਿੱਚ ਲੋਕ ਦੂਰੋਂ ਦੂਰੋਂ ਆਣ ਪਹੁੰਚੇ ਓਸ ਦਿਨ । ਦਸੰਬਰ ਦੇ ਦਿਨ ਛੋਟੇ ਹੋਣ ਕਰਕੇ ਹਨ੍ਹੇਰਾ ਭਾਵੇਂ ਹੋ ਗਿਆ ਪਰ ਸ਼ਿੰਦਾ ਤਾਂ ਹਟਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ । ਹਨ੍ਹੇਰੇ ਹੋਏ ਅਖਾੜਾ ਬੰਦ ਕਰਕੇ ਘਰੇ ਆਇਆ, ਕੱਪੜੇ ਬਦਲੇ , ਖਾਣਾਂ ਖਾਧਾ ਤੇ ਸਾਰੇ ਪ੍ਰਵਾਰ ਨਾਲ ਪਿਕਚਰਾਂ ਕਰਵਾ ਕੇ ਭਾਣਜੇ ਨੂੰ ਸ਼ਗਨ ਦੇਕੇ ਦਸ ਵਜੇ ਦਸੰਬਰ ਦੀ ਹਨ੍ਹੇਰੀ ਰਾਤ ਨੂੰ ਮੁੜਿਆ ਸ਼ਿੰਦਾ ਲੁਧਿਆਣੇ ਨੂੰ ।

ਏਹ ਸਿਰਫ ਮੇਰੀ ਹੀ ਕਹਾਣੀ ਨਹੀਂ ਹੋਰ ਹਜ਼ਾਰਾਂ ਨਹੀਂ ਲੱਖਾਂ ਹੀ ਇਨਸਾਨਾਂ ਦੇ ਦਿਲਾਂ ਵਿੱਚ ਵੀ ਮੇਰੇ ਨਾਲੋਂ ਹਜ਼ਾਰਾਂ ਲੱਖਾਂ ਗੁਣਾਂ ਵੱਧ ਪਿਆਰ ਤੇ ਮਾਣ ਸਤਿਕਾਰ ਓਸ ਵਿੱਛੜੇ ਵੀਰ ਸ਼ਿੰਦੇ ਲਈ ਹੋਵੇਗਾ ਜ਼ਿੰਦਗੀ ਦੇ ਲੰਬੇ ਸਫ਼ਰ ਵਿੱਚ । ਇੱਸ ਤੋਂ ਬਾਦ ਮੈਂ ਕਨੇਡਾ ਮੂਵ ਹੋਣ ਕਰਕੇ ਬਹੁਤਾ ਮਿਲ ਨਹੀਂ ਸਕਿਆ ਪਰ ਇੱਕ ਵਾਰ ਓਹਨੇ ਟੋਰਾਂਟੋ ਆਏ ਨੇ ਮੇਰਾ ਫੋਨ ਤੇ ਹਾਲ ਚਾਲ ਪੁੱਛਿਆ, ਕਈ ਵਾਰ ਗੱਲ ਵੀ ਹੁੰਦੀ ਰਹੀ ਮਗਰੋਂ ਵੀ ਪਰ ਮੇਲ ਨਹੀਂ ਹੋ ਸਕਿਆ ਕਦੇ ਵੀ । ਪਤਾ ਨਹੀਂ ਆਹ ਮਨਹੂਸ ਖ਼ਬਰ ਨੇ ਹੀ ਆ ਜਾਣਾ ਸੀ ਅਚਾਨਕ । ਸ਼ਿੰਦੇ ਬਾਈ ਦੀ ਰੂਹ ਨੂੰ ਵਾਹਿਗੁਰੂ ਜੀ ਆਪਣੇ ਪਵਿੱਤਰ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪ੍ਰੀਵਾਰ ਨੂੰ ਤੰਦਰੁਸਤੀ ਤੇ ਸਦੀਵੀ ਵਿਛੋੜਾ ਝੱਲਣ ਦਾ ਬਲ । ਆਓ ਸਾਰੇ ਏਹੋ ਅਰਦਾਸ ਕਰੀਏ ਸਾਰੇ ॥

ਖੇਤਾਂ ਦੇ ਕੰਮ ਲਈ
ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW
DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਟੋਰਾਂਟੋ ਪੰਜਾਬੀ ਕਬੱਡੀ ਕੱਪ-2023

# ਓ ਕੇ ਸੀ ਦੂਸਰੀ ਵਾਰ ਕੀਤਾ ਕੱਪ 'ਤੇ ਕਬਜ਼ਾ

- ਓਂਟਾਰੀਓ ਵਾਲਿਆਂ ਨੇ ਖਿਡਾਰੀਆਂ 'ਤੇ ਕੀਤੀ ਡਾਲਰਾਂ ਦੀ ਵਰਖਾ
- ਮਲਿਕ ਬਿਨਯਾਮੀਨ ਤੇ ਸ਼ਰਨਾ ਡੱਗੋਰੋਮਾਣਾ ਬਣੇ ਸਰਵੋਤਮ ਖਿਡਾਰੀ


ਐਮ.ਪੀ. ਟਿੰਮ ਉੱਪਲ, ਪ੍ਰਬੰਧਕ ਤਲਵਿੰਦਰ ਮੰਡ, ਜਸਵੀਰ ਕੁਲਾਰ ਤੇ ਸਾਥੀ ਜੂਨੀਅਰ ਟੀਮ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ।


ਖਿਤਾਬ ਜੇਤੂ ਓ ਕੇ ਸੀ ਦੀ ਟੀਮ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਟਿੰਮ ਉਪਲ ਤੇ ਪ੍ਰਬੰਧਕ।

ਡਾ. ਸੁਖਦਰਸ਼ਨ ਸਿੰਘ ਚਹਿਲ
+91 9779590575, +1 (403) 660-5476

ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਝੰਡੇ ਹੇਠ ਚੱਲ ਰਹੇ ਟੋਰਾਂਟੋ ਦੇ ਕਬੱਡੀ ਸੀਜ਼ਨ ਦਾ ਚੌਥਾ ਸ਼ਾਨਦਾਰ ਕਬੱਡੀ ਕੱਪ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਵੱਲੋਂ ਸੀਏਏ ਸੈਂਟਰ ਵਿਖੇ ਕਰਵਾਇਆ ਗਿਆ। ਜਿਸ ਨੂੰ ਜਿੱਤਣ ਦਾ ਮਾਣ ਓਂਟਾਰੀਓ ਕਬੱਡੀ ਕਲੱਬ ਦੀ ਟੀਮ ਨੇ ਹਾਸਿਲ ਕੀਤਾ ਅਤੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਉਪ ਜੇਤੂ ਰਹੀ। ਓਂਟਾਰੀਓ ਕਲੱਬ ਨੇ ਇਸ ਸੀਜ਼ਨ ਦਾ ਦੂਸਰਾ ਖਿਤਾਬ ਜਿੱਤਿਆ ਹੈ। ਲਹਿੰਦੇ ਪੰਜਾਬ ਦਾ ਧਾਵੀ ਮਲਿਕ ਬਿਨਯਾਮੀਨ ਤੇ ਚੜ੍ਹਦੇ ਪੰਜਾਬ ਦਾ ਜਾਫੀ ਸ਼ਰਨਾ ਡੱਗੋਰੋਮਾਣਾ ਸਰਵੋਤਮ ਖਿਡਾਰੀ ਬਣੇ। ਕੱਪ ਦੌਰਾਨ ਓਂਟਾਰੀਓ ਦੇ ਕਬੱਡੀ ਪ੍ਰਮੋਟਰਾਂ ਨੇ ਖਿਡਾਰੀਆਂ 'ਤੇ ਡਾਲਰਾਂ ਦੀ ਖੂਬ ਵਰਖਾ ਕੀਤੀ ਅਤੇ ਖੁਸ਼ੀ ਗਿੱਲ ਦੁੱਗਾ ਨੇ 1.5 ਲੱਖ ਰੁਪਏ ਦਾ ਜੱਫਾ ਲਗਾਇਆ।

**ਮੇਜ਼ਬਾਨ:-** ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਵੱਲੋਂ ਤਰਲੋਚਨ ਸਿੰਘ ਮੰਡ (ਐਚ ਕੇ ਯੂਨਾਈਟਡ) ਤੇ ਜਸਬੀਰ ਕੁਲਾਰ (ਸ਼ਾਹ ਟਰਾਂਸਪੋਰਟ) ਦੀ ਅਗਵਾਈ 'ਚ ਜਸਵਿੰਦਰ ਮਾਨ (ਜੀਟੀਐਲ), ਜਸਵਿੰਦਰ ਢੀਂਡਸਾ, ਅਮਨ ਤੂਰ (ਅਲਾਇੰਸ ਟਰੱਕਿੰਗ), ਨਵ ਪੰਧੇਰ (ਅਟਲਾਂਟਿਕਸ ਰੇਡੀਏਟਰ), ਪ੍ਰਿੰਸ ਸੈਣੀ (ਟੀਐਕਸਟੀ ਈਐਲਡੀ), ਲਖਬੀਰ ਸਾਹੀ (ਕਿੰਗ ਟਰੱਕ ਲੋਨ), ਬੂਟਾ ਸਹੋਤਾ (ਫੇਅਰ ਐਂਡ ਫਾਸਟ ਆਟੋਬਾਡੀ ਸ਼ਾਪ), ਸਰਬਜੀਤ ਬਾਸੀ, ਹੈਪੀ ਸੰਘੇੜਾ, ਜਸਦੀਪ ਟਿਵਾਣਾ, ਸਤਿੰਦਰ ਸਹੋਤਾ, ਪਾਪੂਲਰ ਟਾਇਰ, ਸੁੱਖਾ ਰੰਧਾਵਾ (ਕੁਇੱਕ ਟਾਇਰ), ਐਚਜੀਸੀ, ਕੇਜੇਐਸ ਟਰਾਂਸਪੋਰਟ, ਏਸ਼ੀਅਨ ਫੂਡ ਸੈਂਟਰ, ਸਰਾਏ ਟਰੱਕਿੰਗ, ਲਾਲੀ ਟਿਵਾਣਾ, ਕਮਲ ਸੰਘੇੜਾ, ਮਨੀ ਢਿੱਲੋਂ, ਰਾਜਾ ਫਗੂੜਾ, ਜਸਬੀਰ ਕੋਟ, ਹਿੰਦਾ ਲੱਲੀਆਂ, ਜਸਬੀਰ ਸਮਰਾ, ਹੈਰੀ ਮੁਲਤਾਨੀ, ਗੁਰਦੀਪ ਸਮਰਾ, ਦੀਪ ਢਿੱਲੋਂ ਐਬਟਸਫੋਰਡ, ਨਿਰਮਲ ਬਰਾੜ ਲੰਗੇਆਣਾ, ਸੁੱਖਾ ਧਾਲੀਵਾਲ ਰਾਓਕੇ, ਹਰਦੀਪ ਢਿੱਲੋਂ, ਜਗਦੇਵ ਰਾਮੂਵਾਲੀਆਂ, ਬਿੰਦਰ ਜਗਰਾਓ, ਹੈਰੀ ਧਾਲੀਵਾਲ ਦੇ ਸਹਿਯੋਗ ਨਾਲ ਉਕਤ ਕੱਪ ਦਾ ਆਯੋਜਨ ਕੀਤਾ ਗਿਆ।

**ਮਹਿਮਾਨ ਤੇ ਇਨਾਮ:-** ਕੱਪ ਦੌਰਾਨ ਖੇਡ ਸ਼ਖਸ਼ੀਅਤਾਂ ਦੇ ਨਾਲ-ਨਾਲ ਰਾਜਨੀਤਿਕ ਹਸਤੀਆਂ ਐਡਮਿੰਟਨ ਤੋਂ ਐਮ.ਪੀ. ਟਿੰਮ ਉੱਪਲ, ਬਰੈਂਪਟਨ ਤੋਂ ਐਮ.ਪੀ. ਹਰਦੀਪ ਸਿੰਘ ਗਰੇਵਾਲ ਤੇ ਐਮ.ਪੀ. ਅਕਵਿੰਦਰ ਗਹੀਰ ਉਚੇਚੇ ਤੌਰ 'ਤੇ ਪੁੱਜੇ। ਕੱਪ ਜੇਤੂ ਟੀਮ ਨੂੰ ਇਨਾਮ ਸੁੱਖਾ ਰੰਧਾਵਾ (ਕੁਇੱਕ ਟਾਇਰ) ਵੱਲੋਂ ਅਤੇ ਉਪ ਜੇਤੂ ਟੀਮ ਨੂੰ ਦਲਜੀਤ ਸਹੋਤਾ ਟੋਰਾਂਟੋ ਟਰੱਕ ਡਰਾਈਵਿੰਗ ਸਕੂਲ ਵੱਲੋਂ ਪ੍ਰਦਾਨ ਕੀਤਾ ਗਿਆ। ਕੱਪ ਦੌਰਾਨ ਕਬੱਡੀ ਪ੍ਰਮੋਟਰਾਂ ਵੱਲੋਂ ਖਿਡਾਰੀਆਂ 'ਤੇ ਡਾਲਰਾਂ ਦੀ ਕੀਤੀ ਵਰਖਾ ਉਸ ਸਮੇਂ ਸਿਖਰਾਂ ਨੂੰ ਛੂਹ ਗਈ ਜਦੋਂ ਐਂਡੀ ਧੁੱਗਾ ਮਿਲੇਨੀਅਮ ਟਾਇਰ ਤੇ ਨਾਮਵਰ ਗਾਇਕ ਤੇ ਨਾਇਕ ਐਮੀ ਵਿਰਕ ਵੱਲੋਂ ਰੱਖੇ ਗਏ 1.5 ਲੱਖ ਰੁਪਏ (2500 ਡਾਲਰ) ਦਾ ਫਾਈਨਲ ਮੈਚ 'ਚ ਖੁਸ਼ੀ ਗਿੱਲ ਦੁੱਗਾ ਨੇ ਜੱਫਾ ਲਗਾਇਆ।

**ਤਿਰਛੀ ਨਜ਼ਰ:-** ਟੋਰਾਂਟੋ ਦੀ ਕਬੱਡੀ ਦੇ ਅਜੋਕੇ ਸੀਜ਼ਨ 'ਚ ਚੱਲ ਰਹੀ ਸੁਧਾਰ ਮੁਹਿੰਮ ਉਸ ਵੇਲੇ ਸਿਖਰਾਂ ਨੂੰ ਛੂਹ ਗਈ ਜਦੋਂ ਇਸ ਕੱਪ ਦੌਰਾਨ ਕਬੱਡੀ ਮੈਦਾਨ ਦੁਆਲੇ ਲਗਾਈ ਗਈ ਉੱਚੀ ਲੋਹੇ ਦੀ ਵਾੜ ਤੋਂ ਅੱਗੇ ਸਿਰਫ ਮੈਚ ਖੇਡਣ ਵਾਲੀਆਂ ਟੀਮਾਂ, ਇੱਕ ਟੀਮ ਨਾਲ ਦੋ ਵਿਅਕਤੀ (ਕੋਚ ਤੇ ਮੈਨੇਜ਼ਰ), ਅੰਪਾਇਰ, ਸਕੋਰਰ ਤੇ ਦੋ ਆਫੀਸ਼ਲ ਫੋਟੋਗ੍ਰਾਫਰ ਜਾ ਸਕੇ। ਇਸ ਤਰ੍ਹਾਂ ਦਰਸ਼ਕਾਂ ਨੂੰ ਸਾਫ-ਸੁਥਰੇ ਰੂਪ 'ਚ ਕਬੱਡੀ ਦੇਖਣ ਨੂੰ ਮਿਲੀ। ਕਬੱਡੀ ਸੰਚਾਲਕਾਂ ਤੇ ਮੇਜ਼ਬਾਨਾਂ ਨੇ ਇਸ ਉਪਰਾਲੇ ਨੂੰ ਸਫਲ ਬਣਾਉਣ ਲਈ ਪੂਰੀ ਤਰ੍ਹਾਂ ਸਵੈ-ਅਨੁਸ਼ਾਸ਼ਨ ਦਿਖਾਇਆ।


ਕਬੱਡੀ ਪ੍ਰਮੋਟਰ ਦਲਜੀਤ ਸਹੋਤਾ ਦਾ ਸਨਮਾਨ ਕਰਦੇ ਹੋਏ ਐਮ.ਪੀ. ਟਿੰਮ ਉਪਲ, ਤਲਵਿੰਦਰ ਮੰਡ, ਜਸਵੀਰ ਕੁਲਾਰ ਤੇ ਸਾਥੀ।

**ਮੁਕਾਬਲੇਬਾਜ਼ੀ:-** ਟੋਰਾਂਟੋ ਪੰਜਾਬੀ ਕੱਪ ਦੇ ਬੇਹੱਦ ਫਸਵੇਂ ਪਹਿਲੇ ਮੈਚ 'ਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਨੂੰ (34.5-34) ਸਿਰਫ ਅੱਧੇ ਅੰਕ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਸੁਲਤਾਨ ਸਮਸਪੁਰ ਤੇ ਦੀਪਕ ਕਾਸ਼ੀਪੁਰ, ਜਾਫੀ ਰਵੀ ਸਾਹੋਕੇ ਤੇ ਅੰਮ੍ਰਿਤ ਫਤਹਿਗੜ੍ਹ ਛੰਨਾ ਨੇ ਧੜੱਲੇਦਾਰ ਖੇਡ ਦਿਖਾਈ। ਯੂਨਾਈਟਡ ਬਰੈਂਪਟਨ ਦੀ ਟੀਮ ਵੱਲੋਂ ਬੰਟੀ ਟਿੱਬਾ ਤੇ ਭੂਰੀ ਛੰਨਾ, ਜਾਫੀ ਅਮਨ ਦਿਉਰਾ, ਅਰਸ਼ ਬਰਸਾਲਪੁਰ ਤੇ ਯੋਧਾ ਸੁਰਖਪੁਰ ਨੇ ਵੀ ਧਾਕੜ ਖੇਡ ਦਿਖਾਈ। ਦੂਸਰੇ ਮੈਚ 'ਚ ਓਂਟਾਰੀਓ ਕਬੱਡੀ ਕਲੱਬ ਨੇ ਜੀਟੀਏ ਕਲੱਬ ਨੂੰ 36-28 ਦੇ ਅੰਤਰ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਰੁਪਿੰਦਰ ਦੋਦਾ, ਸਾਜੀ ਸ਼ਕਰਪੁਰ ਤੇ ਰਵੀ ਦਿਉਰਾ, ਜਾਫੀ ਪਿੰਦੂ ਸੀਚੇਵਾਲ, ਸ਼ਰਨਾ ਡੱਗੋਰੋਮਾਣਾ ਤੇ ਫਰਿਆਦ ਸ਼ਕਰਪੁਰ ਨੇ ਧਾਕੜ ਖੇਡ ਦਿਖਾਈ। ਜੀਟੀਏ ਦੀ ਟੀਮ ਵੱਲੋਂ ਧਾਵੀ ਬਾਗੀ ਪਰਮਜੀਤਪੁਰਾ ਤੇ ਮੰਨਾ ਬੱਲ ਨੌ, ਜਾਫੀ ਸੱਤੂ ਖਡੂਰ ਸਾਹਿਬ ਤੇ ਯਾਦ ਕੋਟਲੀ ਨੇ ਜੁਝਾਰੂ ਖੇਡ ਦਿਖਾਈ। ਤੀਸਰੇ ਮੈਚ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ 37-28 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਚਿੱਤਪਾਲ ਚਿੱਟੀ, ਮਲਿਕ ਬਿਨਯਾਮੀਨ ਤੇ ਪਾਲੀ ਫਤਹਿਗੜ੍ਹ ਛੰਨਾ, ਜਾਫੀ ਜੱਗਾ ਚਿੱਟੀ, ਮੰਗੀ ਬੱਗਾ ਪਿੰਡ ਤੇ ਸ਼ੌਕਤ ਸੱਪਾਂ ਵਾਲਾ ਨੇ ਸ਼ਾਨਦਾਰ ਖੇਡ ਦਿਖਾਈ। ਟੋਰਾਂਟੋ ਪੰਜਾਬੀ ਕਲੱਬ ਲਈ ਧਾਵੀ ਤਬੱਛਰ ਜੱਟ ਤੇ ਮਾਹਲਾ ਗੋਬਿੰਦਪੁਰਾ, ਜਾਫੀ ਜੁਲਕਰਨੈਨ ਡੋਗਰ ਤੇ ਸੰਨੀ ਆਦਮਵਾਲ ਨੇ ਸੰਘਰਸ਼ਮਈ ਖੇਡ ਦਿਖਾਈ।

ਦੂਸਰੇ ਦੌਰ ਦੇ ਪਹਿਲੇ ਮੈਚ 'ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਨੇ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੂੰ 39-27 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਭੂਰੀ ਛੰਨਾ, ਬੁਲਟ ਖੀਰਾਂਵਾਲ ਤੇ ਬੰਟੀ ਟਿੱਬਾ, ਜਾਫੀ ਹੈਰੀ ਧਲੇਤਾ (5 ਜੱਫੇ) ਤੇ ਪੰਮਾ ਸਹੌਲੀ ਨੇ ਵਧੀਆ ਖੇਡ ਦਿਖਾਈ। ਟੋਰਾਂਟੋ ਪੰਜਾਬੀ ਕਲੱਬ ਲਈ ਧਾਵੀ ਗੁਰਪ੍ਰੀਤ ਬੁਰਜਹਰੀ, ਜਾਫੀ ਜੱਗੂ ਹਾਕਮਵਾਲਾ ਤੇ ਹੁਸ਼ਿਆਰਾ ਬੌਪੁਰ ਨੇ ਸੰਘਰਸ਼ਮਈ ਖੇਡ ਦਿਖਾਈ। ਦੂਸਰੇ ਮੈਚ 'ਚ ਓਂਟਾਰੀਓ ਕਬੱਡੀ ਕਲੱਬ ਨੇ ਯੰਗ ਕਬੱਡੀ ਕਲੱਬ ਨੂੰ 39-27 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਕਾਲਾ ਧਨੌਲਾ, ਸਾਜੀ ਸ਼ਕਰਪੁਰ ਤੇ ਰਵੀ ਦਿਉਰਾ, ਜਾਫੀ ਪਿੰਦੂ ਸੀਚੇਵਾਲ, ਵਾਗਿਗੁਰੂ ਸੀਚੇਵਾਲ ਤੇ ਫਰਿਆਦ ਸ਼ਕਰਪੁਰ ਨੇ ਵਧੀਆ ਖੇਡ ਦਿਖਾਈ। ਯੰਗ ਕਲੱਬ ਵੱਲੋਂ ਧਾਵੀ ਤਬੱਸਰ ਜੱਟ ਤੇ ਮਾਹਲਾ ਗੋਬਿੰਦਪੁਰਾ, ਜਾਫੀ ਮਨਬੀਰ ਘੋਲੀਆ ਤੇ ਮਨਦੀਪ ਕੱਚਾ ਪੱਕਾ ਨੇ ਸੰਘਰਸ਼ਮਈ ਖੇਡ ਦਿਖਾਈ। ਤੀਸਰੇ ਮੈਚ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਜੀਟੀਏ ਕਲੱਬ ਨੂੰ 32.5-31 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਦੁੱਲਾ ਬੱਗਾ ਪਿੰਡ, ਮਲਿਕ ਬਿਨਯਾਮੀਨ ਤੇ ਪਾਲੀ ਫਤਹਿਗੜ੍ਹ ਛੰਨਾ, ਜਾਫੀ ਜੱਗਾ ਚਿੱਟੀ ਨੇ ਧੜੱਲੇਦਾਰ ਖੇਡ ਦਿਖਾਈ। ਜੀਟੀਏ ਦੀ ਟੀਮ ਵੱਲੋਂ ਬਾਗੀ ਪਰਮਜੀਤਪੁਰ ਤੇ ਕਮਲ ਨਵਾਂ ਪਿੰਡ, ਜਾਫੀ ਸੱਤੂ ਖਡੂਰ ਸਾਹਿਬ ਤੇ ਬੱਗਾ ਮੱਲੀਆਂ ਨੇ ਵੀ ਧਾਕੜ ਖੇਡ ਨਾਲ ਮੈਚ ਨੂੰ ਕਾਂਟੇਦਾਰ ਬਣਾਇਆ।

ਪਹਿਲੇ ਸੈਮੀਫਾਈਨਲ 'ਚ ਓਂਟਾਰੀਓ ਕਬੱਡੀ ਕਲੱਬ ਨੇ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਨੂੰ 48-34 ਅੰਕਾਂ ਨਾਲ ਹਰਾਇਆ। ਜੇਤੂ ਟੀਮ ਵੱਲੋਂ ਧਾਵੀ ਜਸਮਨਪ੍ਰੀਤ ਰਾਜੂ, ਰਵੀ ਦਿਉਰਾ ਤੇ ਰੁਪਿੰਦਰ ਦੋਦਾ, ਜਾਫੀ ਪਿੰਦੂ ਸੀਚੇਵਾਲ (6 ਜੱਫੇ), ਵਾਹਿਗੁਰੂ ਸੀਚੇਵਾਲ ਤੇ ਫਰਿਆਦ ਸ਼ਕਰਪੁਰ ਨੇ ਧਾਕੜ ਖੇਡ ਦਿਖਾਈ। ਯੂਨਾਈਟਡ ਬਰੈਂਪਟਨ ਦੀ ਟੀਮ ਵੱਲੋਂ ਧਾਵੀ ਕਾਲਾ ਧੂਰਕੋਟ ਤੇ ਬੁਲਟ ਖੀਰਾਂਵਾਲ, ਜਾਫੀ ਅਰਸ਼ ਬਰਸਾਲਪੁਰ ਨੇ ਜੁਝਾਰੂ ਖੇਡ ਦਿਖਾਈ। ਦੂਸਰੇ ਸੈਮੀਫਾਈਨਲ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੂੰ 40-32 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਦੁੱਲਾ ਬੱਗਾ ਪਿੰਡ, ਚਿੱਤਪਾਲ ਚਿੱਟੀ ਤੇ ਮਲਿਕ ਬਿਨਯਾਮੀਨ, ਜਾਫੀ ਜੱਗਾ ਚਿੱਟੀ, ਜੱਗਾ ਮਾਣੂਕੇ ਗਿੱਲ ਤੇ ਮੰਗੀ ਬੱਗਾ ਪਿੰਡ ਨੇ ਸ਼ਾਨਦਾਰ ਖੇਡ ਦਿਖਾਈ। ਮੈਟਰੋ ਪੰਜਾਬੀ ਕਲੱਬ ਵੱਲੋਂ ਧਾਵੀ ਸੁਲਤਾਨ ਸਮਸਪੁਰ, ਮੋਹਸਿਨ ਡਿੱਲੋਂ ਤੇ ਸੰਦੀਪ ਲੁੱਧਰ, ਜਾਫੀ ਰਵੀ ਸਾਹੋਕੇ ਤੇ ਪ੍ਰੀਤ ਲੱਧੂਵਾਲ ਨੇ ਸੰਘਰਸ਼ਮਈ ਖੇਡ ਦਿਖਾਈ। ਫਾਈਨਲ ਮੁਕਾਬਲੇ 'ਚ ਓਂਟਾਰੀਓ ਕਬੱਡੀ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ 50-41 ਅੰਕਾਂ ਨਾਲ ਹਰਾਕੇ ਸੀਜ਼ਨ ਦਾ ਦੂਸਰਾ ਖਿਤਾਬ ਜਿੱਤਿਆ। ਜੇਤੂ ਲਈ ਰਵੀ ਦਿਉਰਾ ਨੇ 15 ਅਤੇ ਜਸਮਨਪ੍ਰੀਤ ਰਾਜੂ ਨੇ 10 ਅਜੇਤੂ ਧਾਵੇ ਬੋਲੇ। ਧਾਵੀ ਰੁਪਿੰਦਰ ਦੋਦਾ, ਜਾਫੀ ਸ਼ਰਨਾ ਡੱਗੋਰੋਮਾਣਾ, ਫਰਿਆਦ ਤੇ ਵਾਹਿਗੁਰੂ ਸੀਚੇਵਾਲ ਨੇ ਵੀ ਸ਼ਾਨਦਾਰ ਖੇਡ ਦਿਖਾਈ। ਇੰਟਰਨੈਸ਼ਨਲ ਪੰਜਾਬੀ ਕਲੱਬ ਲਈ ਧਾਵੀ ਮਲਿਕ ਬਿਨਯਾਮੀਨ (18/16), ਪਾਲੀ ਫਤਹਿਗੜ੍ਹ ਛੰਨਾ ਤੇ ਚਿੱਤਪਾਲ ਚਿੱਟੀ, ਜਾਫੀ ਜੱਗਾ ਚਿੱਟੀ ਤੇ ਖੁਸ਼ੀ ਦੁੱਗਾ ਨੇ ਸੰਘਰਸ਼ਮਈ ਖੇਡ ਦਿਖਾਈ।

**ਸਰਵੋਤਮ ਖਿਡਾਰੀ:-** ਫਾਈਨਲ ਮੁਕਾਬਲੇ 'ਚ ਪਾਕਿਸਤਾਨ ਦੇ ਖਿਡਾਰੀ ਮਲਿਕ ਬਿਨਯਾਮੀਨ (ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ) ਨੇ 18 ਧਾਵਿਆਂ ਤੋਂ 16 ਅੰਕ ਹਾਸਿਲ ਕਰਕੇ ਸਰਵੋਤਮ ਧਾਵੀ ਦਾ ਖਿਤਾਬ ਆਪਣੇ ਨਾਮ ਕੀਤਾ। ਕੱਪ ਜੇਤੂ ਟੀਮ ਓਂਟਾਰੀਓ ਕਬੱਡੀ ਕਲੱਬ ਦੇ ਖਿਡਾਰੀ ਸ਼ਰਨਾ ਡੱਗੋਰੋਮਾਣਾ ਨੇ 9 ਕੋਸ਼ਿਸ਼ਾਂ ਤੋਂ 3 ਜੱਫੇ ਲਗਾਕੇ, ਸਰਵੋਤਮ ਜਾਫੀ ਦਾ ਖਿਤਾਬ ਆਪਣੇ ਨਾਮ ਕੀਤਾ। ਜੱਗਾ ਚਿੱਟੀ ਨੇ 14 ਕੋਸ਼ਿਸ਼ਾਂ ਤੇ ਫਰਿਆਦ ਸ਼ਕਰਪੁਰ ਨੇ 18 ਕੋਸ਼ਿਸ਼ਾਂ ਤੋਂ 3-3 ਜੱਫੇ ਲਗਾਏ। ਪੂਰੇ ਟੂਰਨਾਮੈਂਟ ਦੌਰਾਨ ਓਂਟਾਰੀਓ ਕਬੱਡੀ ਕਲੱਬ ਦੇ ਧਾਵੀ ਪਿੰਦੂ ਸੀਚੇਵਾਲ ਨੇ ਇੱਕ ਮੈਚ ਸਭ ਤੋਂ ਵੱਧ ਛੇ ਜੱਫੇ (ਟੋਰਾਂਟੋ ਪੰਜਾਬੀ ਕਲੱਬ ਖਿਲਾਫ) ਲਗਾਏ ਅਤੇ ਸਭ ਤੋਂ ਵੱਧ ਰੇਡਾਂ ਮਲਿਕ ਬਿਨਯਾਮੀਨ ਨੇ ਫਾਈਨਲ ਮੈਚ 'ਚ 16/18) ਪਾਈਆਂ। ਵੈਸੇ ਰਵੀ ਦਿਉਰਾ ਨੇ ਵੀ ਇੱਕ ਓਕੇਸੀ ਵੱਲੋਂ ਫਾਈਨਲ 'ਚ ਅਜੇਤੂ 15 ਧਾਵੇ ਬੋਲੇ ਗਏ।

**ਸੰਚਾਲਕ ਦਲ:-** ਟੂਰਨਾਮੈਂਟ ਦੌਰਾਨ ਪੱਪੂ ਭਦੌੜ, ਬਲਵੀਰ ਨਿੱਝਰ, ਸਰਬਜੀਤ ਸਾਬੀ, ਬਿੰਨਾ ਮਲਿਕ, ਨੀਟਾ ਤੇ ਗੁਰਪ੍ਰੀਤ ਸਿੰਘ ਨੇ ਮੈਦਾਨ 'ਚ ਅੰਪਾਇਰਿੰਗ ਦੀ ਜਿੰਮੇਵਾਰੀ ਨਿਭਾਈ ਅਤੇ ਦਰਸ਼ਨ ਸਿੰਘ ਗਿੱਲ ਨੇ ਰੈਫਰਲ ਅੰਪਾਇਰ ਦੀ ਭੂਮਿਕਾ ਅਦਾ ਕੀਤੀ। ਜਸਵੰਤ ਸਿੰਘ ਖੜਗ, ਮਨੀ ਖੜਗ ਤੇ ਗੁਰਜੀਤ ਸਿੰਘ ਨੇ ਮੈਚਾਂ ਦੇ ਇੱਕ-ਇੱਕ ਅੰਕ ਦਾ ਵੇਰਵਾ ਬਾਖੂਬੀ ਨੋਟ ਕੀਤਾ। ਪ੍ਰੋ. ਮੱਖਣ ਸਿੰਘ ਹਕੀਮਪੁਰ, ਕਾਲਾ ਰਛੀਨ, ਮੱਖਣ ਅਲੀ, ਸੁਰਜੀਤ ਕਕਰਾਲੀ, ਛਿੰਦਰ ਧਾਲੀਵਾਲ, ਇਕਬਾਲ ਗਾਲਿਬ, ਪ੍ਰਿਤਾ ਸ਼ੇਰਗੜ੍ਹ ਚੀਮਾ ਤੇ ਹੈਰੀ ਬਨਭੌਰਾ ਨੇ ਸ਼ੇਅਰੋ-ਸ਼ੇਅਰੀ ਨਾਲ ਭਰਪੂਰ ਕੁਮੈਂਟਰੀ ਰਾਹੀਂ ਸਾਰਾ ਦਿਨ ਰੰਗ ਬੰਨਿਆ।


ਸਰਵੋਤਮ ਧਾਵੀ ਤੇ ਜਾਫੀ ਦਾ ਸਨਮਾਨ ਕਰਦੇ ਹੋਏ ਤਲਵਿੰਦਰ ਮੰਡ, ਜਸਵੀਰ ਕੁਲਾਰ ਤੇ ਸਾਥੀ।


ਡਾ. ਸੁਖਦਰਸ਼ਨ ਸਿੰਘ ਚਹਿਲ
9779590575,
+1 (403) 660-5476

## ਕੈਲਗਰੀ ਵਿੱਚ ਕਬੱਡੀ ਟੂਰਨਾਂਮੈਂਟ 5 ਅਗਸਤ ਵਾਲੇ ਦਿਨ ਪ੍ਰੇਰੀਵਿੰਡਜ਼ ਪਾਰਕ ਵਿਖੇ ਹੋਵੇਗਾ

# ਪ੍ਰਬੰਧਕੀ ਟੀਮ ਅਤੇ ਖੇਡ ਪ੍ਰੇਮੀਆਂ ਦੀ ਹਾਜ਼ਿਰੀ ਵਿੱਚ ਪੋਸਟਰ ਰਿਲੀਜ਼ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 5 ਅਗਸਤ 2023 ਵਾਲੇ ਦਿਨ ਕੈਲਗਰੀ ਦੇ ਪ੍ਰੇਰੀਵਿੰਡਜ਼ ਪਾਰਕ ਦੀਆਂ ਗਰਾਊਂਡਾਂ ਵਿੱਚ ਮਾਰਟਿਨਵੈਲੀ ਸਪੋਰਟਸ ਕਲੱਬ ਕੈਲਗਰੀ ਵੱਲੋਂ ਜਗਰਾਜ ਬਰਾੜ ਮਾਹਲਾ, ਨਵੀ ਅੱਚਰਵਾਲ, ਪੰਮਾ ਸੇਖਦੌਲਤ, ਬੱਬੂ ਮਾਣੂਕੇ, ਪੰਮਾਂ ਰਣਸੀਹਖੁਰਦ, ਬਿੱਲਾ ਮਨਸੂਰਵਾਲ, ਤਰਸੇਮ ਗਿੱਲ, ਪੰਮਾਂ ਬਨਵੈਤ, ਜਸਜੀਤ ਸਿੰਘ, ਸਿੰਦਾ ਅੱਚਰਵਾਲ, ਰਾਜ ਬੱਧਨੀ, ਲਖਵਿੰਦਰ ਗਿੱਲ ਕਪੂਰਾ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ 13ਵਾਂ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਸਵੇਰ ਦੇ 10 ਵਜੇ ਤੋਂ ਲੈਕੇ ਆਮ ਦੇ 6:30 ਵਜੇ ਤੱਕ ਕੌਡੀਆਂ ਪੈਣਗੀਆਂ। ਕਬੱਡੀ ਖਿਡਾਰੀ ਸਵਰਨੇ ਵੈਲੀ ਦਾ ਵਿਸ਼ੇਸ ਸਨਮਾਨ ਕੀਤਾ ਜਾਵੇਗਾ। ਬੈਸਟ ਰੇਡਰ ਅਤੇ ਬੈਸਟ ਸਟੌਪਰ ਨੂੰ ਪੰਜ ਪੰਜ ਸੌ ਡਾਲਰ ਅਤੇ ਕੱਪ ਸਨਮਾਨ ਵੱਜੋਂ ਦਿੱਤੇ ਜਾਣਗੇ। ਪੰਜਾਬ ਹਰਿਆਣਾ ਅਤੇ ਪਾਕਿਸਤਾਨ ਤੋਂ 6 ਟੀਮਾਂ ਹਿੱਸਾ ਲੈ ਰਹੀਆਂ ਹਨ। ਰੱਸਾਕਸੀ ਦੇ ਮੁਕਾਬਲੇ ਵੀ ਹੋਣਗੇ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਪਾਣੀ ਦੀ ਸੇਵਾ ਸਕਾਈਲਾਈਨ ਪ੍ਰੌਪਰਟੀ ਵਾਲੇ ਸੈਮ ਬਰਾੜ ਹੋਰੀਂ ਕਰਨਗੇ। ਪਹਿਲਾ ਇਨਾਮ ਭੰਡਾਲ ਬਰਦਰਜ਼ ਅਤੇ ਦੂਸਰਾ ਇਨਾਮ ਸੁੰਦਰ ਬਿਲਡਿੰਗ ਸਪਲਾਈ ਕੈਲਗਰੀ ਵਾਲੇ ਜੌਹਲ ਭਰਾਵਾਂ ਵੱਲੋਂ ਦਿੱਤਾ ਜਾਵੇਗਾ। ਇਸ ਸਬੰਧੀ ਬੀਕਾਨੇਰ ਸਵੀਟਸ ਉੱਪਰ ਸਪਾਂਸਰਸਿੱਪ ਲਈ ਵੱਡੀ ਮੱਦਦ ਕਰਨ ਵਾਲੇ ਬਿਜਨਿਸਮੈਨ ਵੀਰਾਂ ਅਤੇ ਕੈਲਗਰੀ ਸਹਿਰ ਦੇ ਪਤਵੰਤੇ ਸੱਜਣਾਂ ਦੀ ਹਾਜਿਰੀ ਵਿੱਚ ਪੋਸਟਰ ਰਿਲੀਜ਼ ਕੀਤਾ ਗਿਆ। ਪਰਬੰਧਕੀ ਟੀਮ ਵੱਲੋਂ ਸਮੂਹ ਖੇਡ ਪ੍ਰੇਮੀਆਂ ਨੂੰ 5 ਅਗਸਤ ਵਾਲੇ ਦਿਨ ਕੈਲਗਰੀ ਦੇ ਪ੍ਰੇਰੀਵਿੰਡਜ਼ ਪਾਰਕ ਵਿਖੇ ਪਹੁੰਚਣ ਲਈ ਖੁੱਲਾ ਸੱਦਾ ਹੈ।



# ਕੈਲਗਰੀ ਦਾ ਇੱਕ ਕਲੀਨਿਕ ਮਰੀਜਾਂ ਕੋਲੋਂ ਮੋਟੀ ਫੀਸ ਲੈਕੇ ਪਹਿਲ ਦੇ ਆਧਾਰ 'ਤੇ ਚੈੱਕ ਕਰ ਰਿਹਾ ਹੈ।




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ ਸਿਹਤ ਸੇਵਾਵਾਂ ਨੂੰ ਲੈਕੇ,ਡਾਕਟਰਾਂ ਦੀ ਘਾਟ ਦਾ ਰੌਲਾ ਤਾਂ ਬਹੁਤ ਸਮੇਂ ਤੋਂ ਪੈ ਰਿਹਾ ਹੈ ਪਰ ਹੁਣ ਕੁੱਝ ਕੁ ਕਲੀਨਿਕਾਂ ਵੱਲੋਂ ਵਿਸ਼ੇਸ ਫੀਸ ਲੈਕੇ ਪਹਿਲ ਦੇ ਅਧਾਂਰ ਤੇ ਮਰੀਜਾਂ ਨੂੰ ਦੇਖਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਕੈਲਗਰੀ ਸਥਿੱਤ ਮਾਰਦਾ ਲੂਪ ਨਾਂ ਇਹ ਕਲੀਨਕ ਸਿਰਫ ਮੰਗਲਵਾਰ ਵਾਲੇ ਦਿਨ ਹੀ ਬਿਨਾ ਫੀਸ ਤੋਂ ਮਰੀਜਾਂ ਨੂੰ ਦੇਖਦਾ ਹੈ ਜਦੋਂ ਕਿ ਬਾਕੀ ਦੇ ਦਿਨ ਉਹ ਆਪਣੇ ਉਹਨਾਂ ਮਰੀਜਾਂ ਦੀ ਹੀ ਚੈੱਕਅੱਪ ਕਰਦਾ ਹੇ ਜਿਹਨਾਂ ਕੋਲੋਂ ਉਹ ਮੋਟੀਆਂ ਫੀਸਾਂ ਮੈਂਬਰਸਿੱਪ ਦੇ ਰੂਪ ਵਿੱਚ ਵਸੂਲਦਾ ਹੈ। ਜਿਵੇਂ ਕਿ ਇੱਕ ਵਿਅਕਤੀ ਲਈ $2,200 ਅਤੇ ਇੱਕ ਪਰਿਵਾਰ ਲਈ $4,800 ਮੈਂਬਰਸਿੱਪ ਫੀਸ ਲਈ ਜਾਂਦੀ ਹੈ। ਅਲਬਰਟਾ ਹੈਲਥ ਦੇ ਬੁਲਾਰੇ ਜੌਹਨਸਟਨ ਨੇ ਕਿਹਾ ਕਿ ਮਾਰਡਾ ਲੂਪ ਮੈਡੀਕਲ ਕਲੀਨਿਕ ਦੀ ਜਾਂਚ ਜਾਰੀ ਹੈ ਅਤੇ ਅਜਿਹੀ ਮੈਂਬਰਸ਼ਿਪ-ਫੀਸ ਯੋਜਨਾ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਨ ਵਾਲੇ ਹੋਰ ਕਲੀਨਿਕਾਂ ਦੇ ਵਿਰੁੱਧ ਵੀ ਇਸੇ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ। ਮਾਰਡਾ ਲੂਪ ਕਲੀਨਿਕ ਦੀ ਇੱਕ ਮਰੀਜ਼ ਦਾ ਕਹਿਣਾ ਹੈ "ਕਿਸੇ ਵੀ ਤਰੀਕੇ ਨਾਲ, ਮੈਨੂੰ ਅਜੇ ਵੀ ਉਸਦੇ ਮਰੀਜ਼ ਵੱਜੋਂ ਰਹਿਣਾ ਮਨਜੂਰ ਹੈ। ਕਿਉਂਕਿ ਉਹ ਇੱਕ ਚੰਗੀ ਡਾਕਟਰ ਹੈ।ਹੈਲਥ ਕੈਨੇਡਾ ਨੇ ਪ੍ਰੀਮੀਅਰ ਡੈਨੀਅਲ ਸਮਿਥ ਦੀ ਯੂਨਾਈਟਿਡ ਕੰਜ਼ਰਵੇਟਿਵ ਸਰਕਾਰ ਨੂੰ ਸਲਾਹ ਦਿੱਤੀ ਕਿ ਮਾਰਡਾ ਲੂਪ ਮੈਂਬਰਸ਼ਿਪ ਯੋਜਨਾ ਕੈਨੇਡਾ ਹੈਲਥ ਐਕਟ ਦੇ ਉਸ ਪ੍ਰਬੰਧ ਦੀ ਉਲੰਘਣਾ ਕਰਦੀ ਹੈ ਕਿ ਡਾਕਟਰੀ ਤੌਰ 'ਤੇ ਬੀਮਾਯੁਕਤ ਸੇਵਾਵਾਂ ਸਾਰਿਆਂ ਨੂੰ ਇੱਕੋ ਪੱਧਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ। ਡੈਨੀਅਲ ਸਮਿਥ ਨੇ ਹਾਲ ਹੀ ਦੀਆਂ ਚੋਣਾਂ ਵਿੱਚ ਇੱਕ ਮੈਨੀਫੈਸਟੋ ਵਾਅਦਾ ਕੀਤਾ ਸੀ ਕਿ ਅਲਬਰਟਾ ਵਾਸੀ ਇੱਕ ਪਰਿਵਾਰਕ ਡਾਕਟਰ ਨੂੰ ਮਿਲਣ ਲਈ ਭੁਗਤਾਨ ਨਹੀਂ ਕਰਨਗੇ। ਉਹਨਾਂ ਕਿਹਾ ਕਿ ਉਸਦੀ ਸਰਕਾਰ ਜਾਂਚ ਕਰ ਰਹੀ ਹੈ ਅਤੇ ਜੇਕਰ ਇਹ ਮੈਡੀਕੇਅਰ ਨਿਯਮਾਂ ਦੀ ਉਲੰਘਣਾ ਦੀ ਪੁਸ਼ਟੀ ਕਰਦਾ ਹੈ ਤਾਂ ਮਾਰਡਾ ਲੂਪ ਵਿਰੁੱਧ ਕਾਰਵਾਈ ਕਰੇਗੀ।

# ਅਸੀਂ ਛੇਤੀ ਹੀ ਮਹਿੰਗਾਈ ਉੱਪਰ ਕਾਬੂ ਪਾ ਲਵਾਂਗੇ -ਟਰੂਡੋ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਆਪਣੇ ਮੰਤਰੀ ਮੰਡਲ ਵਿੱਚ ਵੱਡਾ ਫੇਰਬਦਲ ਕਰਨ ਤੋਂ ਬਾਅਦ ਇੱਕ ਵਾਰੀ ਮੁੜ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੈਨੇਡੀਅਨਜ਼ ਸਾਹਮਣੇ ਇਹ ਪ੍ਰਚਾਰ ਕਰਨ ਲਈ ਮੈਦਾਨ ਵਿੱਚ ਨਿੱਤਰ ਚੁੱਕੇ ਹਨ ਕਿ ਉਨ੍ਹਾਂ ਦੀ ਸਰਕਾਰ ਦਾ ਧਿਆਨ ਅਫੋਰਡੇਬਿਲਿਟੀ ਸੰਕਟ ਨੂੰ ਖ਼ਤਮ ਕਰਨ ਉੱਤੇ ਹੀ ਕੇਂਦਰਿਤ ਹੈ। ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ ਇੱਕ ਲੋਕਲ ਬਿਜ਼ਨਸ ਦੇ ਬਾਹਰ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਉਹ ਸਮਝਦੇ ਹਨ ਕਿ ਕਈ ਕੈਨੇਡੀਅਨਾਂ ਲਈ ਇਹ ਸਮਾਂ ਕਾਫੀ ਮਾੜਾ ਚੱਲ ਰਿਹਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਮਹਿੰਗਾਈ ਨੂੰ ਠੱਲ੍ਹ ਪੈ ਰਹੀ ਹੈ ਪਰ ਫੂਡ ਤੇ ਹਾਊਸਿੰਗ ਦੀਆਂ ਕੀਮਤਾਂ ਕਾਰਨ ਅਜੇ ਵੀ ਕੈਨੇਡੀਅਨ ਕਾਫੀ ਪ੍ਰੇਸ਼ਾਨ ਹਨ । ਟਰੂਡੋ ਨੇ ਆਖਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਵਿਰੋਧੀ ਧਿਰ ਇਹ ਰੌਲਾ ਪਾਉਂਦੀ ਆ ਰਹੀ ਹੈ ਕਿ ਸਾਨੂੰ ਪਰਿਵਾਰਾਂ ਦੀ ਮੱਦਦ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ।ਇਸ ਦੀ ਮਿਸਾਲ ਦਿੰਦਿਆਂ ਟਰੂਡੋ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਕੈਨੇਡੀਅਨਾਂ ਦੀ ਮਦਦ ਕਰਨ ਲਈ ਗਰੌਸਰੀ ਰਿਬੇਟ, ਡੈਂਟਲ ਬੈਨੇਫਿਟ ਤੇ ਵਰਕਰਾਂ ਦੀ ਮਦਦ ਕਰਨ ਲਈ ਹਰ ਯਤਨ ਕਰ ਰਹੀ ਹੈ ਜਦਕਿ ਕੰਜ਼ਰਵੇਟਿਵ ਇਹ ਆਖਦੇ ਫਿਰਦੇ ਹਨ ਕਿ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਇਹ ਸਾਰੇ ਫਾਇਦੇ ਵਾਪਿਸ ਲੈ ਲੈਣਗੇ। ਟਰੂਡੋ ਨੇ ਇਹ ਵੀ ਆਖਿਆ ਕਿ ਹੋਰਨਾਂ ਮੁਲਕਾਂ ਦੇ ਮੁਕਾਬਲੇ ਅਸੀਂ ਜਲਦੀ ਮਹਿੰਗਾਈ ਉੱਤੇ ਕਾਬੂ ਪਾਉਣ ਜਾ ਰਹੇ ਹਾਂ।

# ਮੰਤਰੀ ਮੰਡਲ ਵਿੱਚ ਇੱਡਾ ਵੱਡਾ ਫੇਰਬਦਲ ਫੈਡਰਲ ਸਰਕਾਰ ਦੀ ਅਸਫਲਤਾ ਦਰਸਾਉਂਦਾ ਹੈ- ਪੀਅਰੇ ਪੋਲੀਵਰ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਵੱਲੋਂ ਆਪਣੇ ਸੱਤ ਮੰਤਰੀਆਂ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਉਸ ਦੇ ਨਾਲ ਹੀ ਕੈਬਨਿਟ ਵਿੱਚ ਵੱਡਾ ਫੇਰ ਬਦਲ ਕੀਤਾ ਗਿਆ ਹੈ। ਇਹ ਸਭ ਕੁਝ ਉਸ ਸਮੇਂ ਦੌਰਾਨ ਹੋਇਆ ਹੈ ਜਦੋਂ ਸਰਕਾਰ ਉੱਪਰ ਅਫੋਡੇਬਿਲਟੀ ਸਮੇਤ ਕਈ ਤਰ੍ਹਾਂ ਦੇ ਦਬਾਅ ਚੱਲ ਰਹੇ ਹਨ। ਮੰਤਰੀ ਮੰਡਲ ਵਿੱਚ ਵੱਡੇ ਫੇਰ ਬਦਲ ਅਤੇ ਸੱਤ ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣ ਤੋਂ ਬਾਅਦ ਬਣੀ ਨਵੀਂ ਟੀਮ ਦੇ ਨਾਲ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕਿ ਉਹ ਆਪਣੀ ਇਸ ਟੀਮ ਨਾਲ ਕੰਮ ਕਰਨ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ। ਉਨ੍ਹਾਂ ਆਖਿਆ ਕਿ ਉਹਨਾਂ ਦੀ ਇਹ ਟੀਮ ਕੈਨੇਡਾ ਵਾਸੀਆਂ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਦੇਸ਼ ਦੀ ਆਰਥਿਕਤਾ ਨੂੰ ਅੱਗੇ ਲੈ ਕੇ ਜਾਣ ਵਿੱਚ ਸਹਾਈ ਸਿੱਧ ਹੋਵੇਗੀ ਉਨ੍ਹਾਂ ਆਖਿਆ ਕਿ ਇਹ ਬਦਲਾਅ ਦੇਸ਼ ਅਤੇ ਦੁਨੀਆਂ ਵਿਚ ਇਕ ਸਾਰਥਕ ਕਦਮ ਸਿੱਧ ਹੋਵੇਗਾ। ਉੱਧਰ ਜਸਟਿਨ ਟਰੂਡੋ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਕੀਤੇ ਗਏ ਵੱਡੇ ਫੇਰ ਬਦਲ ਤੋਂ ਬਾਅਦ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਆਖਿਆ ਕਿ ਇਸ ਫੇਰ ਬਦਲ ਤੋਂ ਸਿੱਧ ਹੁੰਦਾ ਹੈ ਕਿ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦੇ ਕਾਰਜਕਾਲ ਦੌਰਾਨ ਦੇਸ਼ ਅਤੇ ਦੇਸ਼ਵਾਸੀ ਕਿੰਨਾ ਮੁਸ਼ਕਲਾਂ ਵਿੱਚ ਫਸ ਚੁੱਕੇ ਹਨ। ਉਨ੍ਹਾਂ ਆਖਿਆ ਕਿ ਜਸਟਿਨ ਟਰੂਡੋ ਦੀ ਸਰਕਾਰ ਨੇ ਲੋਕਾਂ ਨੂੰ ਮਹਿੰਗਾਈ ਦੇ ਬੋਝ ਹੇਠ ਦੱਬ ਦਿੱਤਾ ਹੈ। ਸਰਕਾਰ ਦੇ ਬੇਹਿਸਾਬ ਖਰਚਿਆਂ ਕਾਰਨ ਦੇਸ਼ ਦਾ ਹਰ ਵਰਗ ਦੁਖੀ ਹੈ। ਉਹਨਾਂ ਆਖਿਆ ਕੇ ਹਲਾਤ ਇਹ ਬਣ ਚੁੱਕੇ ਹਨ ਕਿ ਇਸ ਵਕਤ ਦੇਸ਼ ਦੇ ਲੱਖਾਂ ਲੋਕ ਫੂਡ ਬੈਂਕਾਂ ਉਪਰ ਨਿਰਭਰ ਹਨ। ਬਜ਼ੁਰਗਾਂ ਨੂੰ ਆਪਣਾ ਘਰ ਗਰਮ ਰੱਖਣਾ ਜਾਂ ਫਿਰ ਭੋਜਨ ਵਿਚੋਂ ਇੱਕ ਚੀਜ਼ ਨੂੰ ਚੁਣਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਘਰਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਚੁੱਕੀਆਂ ਹਨ। ਉਨ੍ਹਾਂ ਆਖਿਆ ਕਿ ਮੰਤਰੀ ਮੰਡਲ ਵਿੱਚ ਇੱਡਾ ਵੱਡਾ ਫੇਰਬਦਲ ਫੈਡਰਲ ਸਰਕਾਰ ਦੀ ਅਸਫਲਤਾ ਦਰਸਾਉਂਦਾ ਹੈ।

# ਘਰ ਨੂੰ ਲੱਗੀ ਅੱਗ ਕਾਰਣ ਦੋ ਜਣੇ ਮੌਤ ਦੇ ਮੂੰਹ ਜਾ ਪਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਊਥ ਵੈਸਟ ਇਲਾਕੇ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਦੋ ਜਣਿਆਂ ਦੀ ਮੌਤ ਹੋ ਗਈ ਹੈ ਕੈਲਗਰੀ ਫਾਇਰ ਡਿਪਾਰਟਮੈਂਟ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 28 ਐਵਨਿਊ ਅਤੇ 41 ਸਟ੍ਰੀਟ ਦੇ ਨੇੜੇ ਗਲੈਨਬ੍ਰੁੱਕ ਕਮਿਊਨਿਟੀ ਵਿੱਚ ਇੱਕ ਘਰ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ ਸੀ ਮੌਕੇ ਤੇ ਪਹੁੰਚੇ ਫਾਈਰ ਫਾਈਟਰਾਂ ਨੂੰ ਘਰ ਦੀ ਬੇਸਮੈਂਟ ਵਿੱਚੋਂ ਕਾਫੀ ਜਿਆਦਾ ਧੂੰਆਂ ਨਿਕਲਦਾ ਦਿਖਾਈ ਦਿੱਤਾ ਉਹਨਾਂ ਦੱਸਿਆ ਕਿ ਇਸ ਅੱਗ ਕਾਰਣ ਦੋ ਵਿਅਕਤੀ ਮਾਰੇ ਗਏ ਜਦੋਂ ਕਿ ਦੋ ਜਣਿਆਂ ਨੂੰ ਬਚਾ ਲਿਆ ਗਿਆ ਹੈ ਫਾਇਰ ਫਾਇਟਰਾਂ ਨੇ ਦੱਸਿਆ ਕਿ ਇਸ ਘਰ ਦੇ ਨੇੜੇ ਰਹਿੰਦੇ ਇੱਕ ਵਿਅਕਤੀ ਜਿਸ ਨੇ ਅੱਗ ਦੀ ਸੂਚਨਾ ਦਿੱਤੀ ਸੀ ਵੱਲੋਂ ਵੀ ਇੱਕ ਵਿਅਕਤੀ ਨੂੰ ਘਰ ਵਿਚੋਂ ਕੱਢ ਕੇ ਬਾਹਰ ਲਿਆਂਦਾ ਗਿਆ ਤੇ ਉਸ ਨੂੰ ਸੀਪੀਆਰ ਦਿੱਤੀ ਗਈ। ਫਾਇਰ ਡਿਪਾਰਟਮੈਂਟ ਨੇ ਇੱਕ ਵਾਰ ਫਿਰ ਤੋਂ ਕੈਲਗਰੀ ਵਾਸੀਆਂ ਨੂੰ ਆਖਿਆ ਹੈ ਕਿ ਕਿਸੇ ਵੀ ਸੰਭਾਵੀ ਅੱਗ ਤੋਂ ਬਚਣ ਲਈ ਹਮੇਸ਼ਾ ਹੀ ਘਰ ਵਿਚੋਂ ਬਾਹਰ ਨਿਕਲਣ ਲਈ ਦੋ ਰਸਤੇ ਤਿਆਰ ਰੱਖੇ ਜਾਣ ਅਤੇ ਪੂਰੇ ਪਰਿਵਾਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅੱਗ ਲੱਗਣ ਦੀ ਸੂਰਤ ਵਿੱਚ ਕਿਵੇਂ ਅਤੇ ਕਿਸ ਰਸਤੇ ਘਰ ਵਿੱਚੋਂ ਸੁਰੱਖਿਅਤ ਬਾਹਰ ਨਿਕਲਣਾ ਹੈ

# ਘਰ ਦੇ ਦਰਵਾਜੇ ਉੱਪਰ ਹੀ ਅਣਪਛਾਤੇ ਹਮਲਾਵਰ ਗੋਲੀਆਂ ਮਾਰਕੇ 60 ਸਾਲਾ ਵਿਅਕਤੀ ਨੂੰ ਮਾਰ ਗਏ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਦੇ ਇੱਕ ਘਰ ਦੇ ਬਾਹਰ ਇੱਕ ਵਿਅਕਤੀ ਦੇ ਗੋਲੀ ਮਾਰ ਹੱਤਿਆ ਕਰ ਦਿੱਤੀ ਗਈ ਪੀਲ ਰੀਜਨਲ ਪੁਲਿਸ ਦੇ ਅਧਿਕਾਰੀਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚਿੰਗੂਜ਼ੀ ਰੋਡ ਤੇ ਕੁਈਨ ਸਟਰੀਟ ਏਰੀਆ ਵਿੱਚ ਪੈਰਿਟੀ ਰੋਡ ਤੇ ਅਰਜ਼ੀਲੀਆ ਕਰੇਸੇਂਟ ਨੇੜੇ ਇੱਕ ਘਰ ਦੇ ਬਾਹਰ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ । ਮੌਕੇ ਤੇ ਪਹੁੰਚੀ ਪੁਲਿਸ ਨੂੰ ਇੱਕ 60 ਸਾਲਾ ਵਿਅਕਤੀ ਘਰ ਦੇ ਬਾਹਰ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਬਹੁਤੀ ਸੰਭਾਵਨਾ ਹੈ ਕਿ ਮਾਰੇ ਗਏ ਵਿਅਕਤੀ ਨੇ ਘਰ ਦਾ ਦਰਵਾਜ਼ਾ ਖੜਕਾਏ ਜਾਣ ਮਗਰੋਂ ਬੂਹਾ ਖੋਲ੍ਹਿਆ ਹੋਵੇਗਾ। ਜਿਵੇਂ ਹੀ ਉਸ ਵਿਅਕਤੀ ਨੇ ਦਰਵਾਜ਼ਾ ਖੋਲ੍ਹਿਆ ਹੋਵੇਗਾ ਤਿਵੇਂ ਹੀ ਹਮਲਾਵਰਾਂ ਵੱਲੋਂ ਗੋਲੀ ਚਲਾ ਦਿੱਤੀ ਗਈ ਹੋਵੇਗੀ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਾਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ ਤੇ ਫਿਰ ਇੱਕ ਮਹਿਲਾ ਦੇ ਚੀਕਣ ਦੀ ਆਵਾਜ਼ ਆਈ। ਇਹ ਮਹਿਲਾ ਮਾਰੇ ਗਏ ਵਿਅਕਤੀ ਦੀ ਪਰਿਵਾਰਕ ਮੈਂਬਰ ਹੈ ਤੇ ਇਸ ਘਟਨਾ ਸਮੇਂ ਉਹ ਵੀ ਘਰ ਦੇ ਅੰਦਰ ਹੀ ਹੋਵੇਗੀ ਜਦੋਂ ਗੋਲੀਆਂ ਚਲਾਈਆਂ ਗਈਆਂ। ਜਾਂਚਕਾਰਾਂ ਨੇ ਦੱਸਿਆ ਕਿ ਹੱਤਿਆ ਕਰਨ ਵਾਲੇ ਸ਼ੱਕੀਆਂ ਨੂੰ ਇਲਾਕੇ ਵਿੱਚੋਂ ਗੱਡੀ ਉੱਤੇ ਸਵਾਰ ਹੋ ਕੇ ਫਰਾਰ ਹੁੰਦਿਆਂ ਵੇਖਿਆ ਗਿਆ। ਪਰ ਪੁਲਿਸ ਨੇ ਨਾ ਤਾਂ ਗੱਡੀ ਤੇ ਨਾ ਹੀ ਸ਼ੱਕੀਆਂ ਸਬੰਧੀ ਕੋਈ ਵੇਰਵਾ ਜਾਰੀ ਕੀਤਾ ਹੈ।

# ਚੀਨ ਦਾ ਵਿਦੇਸ਼ ਮੰਤਰੀ ਹੀ ਗੁੰਮ ਐ ! ਹੁਣ ਉਸ ਦੀ ਥਾਂ ਨਵਾਂ ਚੁਣ ਲਿਆ ਗਿਆ ਐ ।



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੀਨ 'ਚ ਇਕ ਮਹੀਨੇ ਤੋਂ ਲਾਪਤਾ ਹੋਏ ਵਿਦੇਸ਼ ਮੰਤਰੀ ਕਿਨ ਗੇਂਗ ਨੂੰ ਹੁਣ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਵਾਂਗ ਯੀ ਨੂੰ ਉਨ੍ਹਾਂ ਦੀ ਥਾਂ 'ਤੇ ਨਿਯੁਕਤ ਕੀਤਾ ਗਿਆ ਹੈ। ਜੋ ਕਿ ਪਹਿਲਾਂ ਵੀ 10 ਸਾਲਾਂ ਤੱਕ ਵਿਦੇਸ਼ ਮੰਤਰੀ ਰਹਿ ਚੁੱਕੇ ਹਨ।ਇੱਕ ਨਿਊਜ਼ ਏਜੰਸੀ ਨੇ ਸਰਕਾਰੀ ਮੀਡੀਆ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਵਰਨਣਯੋਗ ਹੈ ਕਿ ਕਿਨ ਗੇਂਗ ਦਸੰਬਰ 2022 ਵਿੱਚ ਚੀਨ ਦੇ ਵਿਦੇਸ਼ ਮੰਤਰੀ ਬਣੇ ਸਨ। ਗੇਂਗ ਨੇ ਵੈਂਗ ਯੀ ਦੀ ਥਾਂ ਲਈ,ਸੀ । ਪਰ ਗੇਂਗ ਨੂੰ 25 ਜੂਨ ਤੋਂ ਬਾਅਦ ਕਿਸੇ ਨੇ ਨਹੀਂ ਦੇਖਿਆ। ਕਿਨ ਗੇਂਗ ਨੇ 4 ਜੁਲਾਈ ਨੂੰ ਯੂਰਪੀਅਨ ਯੂਨੀਅਨ ਦੇ ਵਿਦੇਸ਼ ਨੀਤੀ ਮੁਖੀ ਜੋਸੇਫ ਬੋਰੇਲ ਨਾਲ ਮੁਲਾਕਾਤ ਕਰਨੀ ਸੀ, ਪਰ ਮੁਲਾਕਾਤ ਨੂੰ ਅਚਾਨਕ ਅੱਗੇ ਵਧਾ ਦਿੱਤਾ ਗਿਆ। ਜਿਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। 7 ਜੁਲਾਈ ਨੂੰ ਪਹਿਲੀ ਵਾਰ ਪੱਤਰਕਾਰਾਂ ਨੇ ਚੀਨੀ ਵਿਦੇਸ਼ ਮੰਤਰੀ ਗੇਂਗ ਬਾਰੇ ਪੁੱਛਿਆ ਤਾਂ ਚੀਨੀ ਵਿਦੇਸ਼ ਮੰਤਰਾਲੇ ਨੇ ਜਵਾਬ ਦਿੱਤਾ - ਸਾਡੇ ਕੋਲ ਕੋਈ ਜਾਣਕਾਰੀ ਨਹੀਂ ਹੈ। ਉਸ ਤੋਂ ਬਾਅਦ 10 ਅਤੇ 11 ਜੁਲਾਈ ਨੂੰ, ਗੇਂਗ ਨੇ ਇੰਡੋਨੇਸ਼ੀਆ ਵਿੱਚ ਇੱਕ ਸੰਮੇਲਨ ਵਿੱਚ ਹਿੱਸਾ ਲੈਣਾ ਸੀ। ਫਿਰ ਕਿਹਾ ਗਿਆ ਕਿ ਖਰਾਬ ਸਿਹਤ ਕਾਰਨ ਵਿਦੇਸ਼ ਮੰਤਰੀ ਸੰਮੇਲਨ ਵਿੱਚ ਹਿੱਸਾ ਨਹੀਂ ਲੈ ਸਕਣਗੇ । ਪਰ ਜਦੋਂ ਇਸ ਦੀ ਜਾਣਕਾਰੀ ਚੀਨੀ ਵਿਦੇਸ਼ ਮੰਤਰਾਲੇ ਦੀ ਅਧਿਕਾਰਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਗਈ ਸੀ ਤਾਂ ਇਸ ਵਿੱਚ ਸਿਹਤ ਵਾਲਾ ਹਿੱਸਾ ਗਾਇਬ ਸੀ। ਇਸ ਤੋਂ ਬਾਅਦ ਗੇਂਗ ਦੇ ਗਾਇਬ ਹੋਣ ਦੀ ਚਰਚਾ ਸ਼ੁਰੂ ਹੋ ਗਈ ਸੀ।

# ਕਾਰਾਂ ਦੇ ਪੁਰਜੇ ਚੋਰੀ ਕਰਨ ਵਾਲੇ ਚਾਰ ਜਣੇ ਪੁਲਿਸ ਦੇ ਅੜਿੱਕੇ ਆਏ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਗ੍ਰੇਟਰ ਟੋਰਾਂਟੋ ਏਰੀਆ (ਜੀਟੀਏ) ਵਿੱਚ ਆਟੋਮੋਬਿਲ ਸ਼ੌਪਜ਼ ਨੂੰ ਨਿਸ਼ਾਨਾ ਬਣਾ ਕੇ ਚੋਰੀਆਂ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਪੀਲ ਰੀਜਨਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਚੋਰਾਂ ਵੱਲੋਂ ਕਾਰਾਂ ਦੇ ਪਾਰਟਸ ਚੋਰੀ ਕੀਤੇ ਜਾਂਦੇ ਸਨ ਤੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਦੀ ਵਰਤੋਂ ਗੈਰਕਾਨੂੰਨੀ ਸਟਰੀਟ ਰੇਸਿੰਗ ਰਿੰਗਜ਼ ਵੱਲੋਂ ਕੀਤੀ ਜਾਂਦੀ ਸੀ। ਪੀਲ ਰੀਜਨਲ ਪੁਲਿਸ ਨੇ ਆਖਿਆ ਕਿ ਜੀਟੀਏ ਭਰ ਲਈ ਉਨ੍ਹਾ ਵੱਲੋਂ ਸਰਚ ਵਾਰੰਟ ਕਢਵਾਏ ਗਏ ਤੇ ਫਿਰ ਯੌਰਕ ਰੀਜਨਲ ਪੁਲਿਸ ਤੇ ਟੋਰਾਂਟੋ ਪੁਲਿਸ ਦੀ ਮਦਦ ਨਾਲ ਛਾਪੇਮਾਰੀ ਕਰਕੇ ਇਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਚੋਰੀ ਕੀਤੇ ਗਏ ਸਾਮਾਨ ਤੋਂ ਇਲਾਵਾ ਚੋਰੀ ਦੀਆਂ ਦੋ ਗੱਡੀਆਂ ਵੀ ਬਰਾਮਦ ਹੋਈਆਂ ਹਨ। ਪੁਲਿਸ ਵੱਲੋਂ ਇਸ ਮੁਹਿੰਮ ਨੂੰ ਪ੍ਰੋਜੈਕਟ ਇਰੇਂਜ ਦਾ ਨਾਂ ਦਿੱਤਾ ਗਿਆ ਸੀ।





SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਇਹਨਾਂ ਛੋਟੀਆਂ ਚੀਜ਼ਾਂ ਦਾ ਆਨੰਦ ਮਾਣੋ
ਨਵੀਆਂ ਲਾਟਾਂ ਹੁਣ ਵੇਚ ਰਹੇ ਹਾਂ
Ambleton
A Qualico Community
ਕੈਲਗਰੀ ਦਾ ਨਵਾਂ ਉੱਤਰੀ ਏਰੀਆ
ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਵਿੱਚ ਇੱਧਰ ਉੱਧਰ ਜਾਣ ਲਈ ਆਸਾਨ ਬਣਾਉਂਦੇ ਹਨ। ਐਂਬਲਟਨ ਕੋਲ ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ-ਨਾਲ, ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।
ਲੇਨਡ ਹੋਮ
ਫਰੰਟ ਗੈਰਾਜ ਹੋਮ
ਆਪਣੇ ਸੁਪਨਿਆਂ ਦਾ ਘਰ ਸਾਡੇ ਇੱਕ ਇਨਾਮ ਜੇਤੂ ਬਿਲਡਿਰ ਕੋਲੋਂ ਬਣਾਓ
· Shane Homes · Sterling Homes
· Trico Homes · Broadview Homes · Jayman Built
ਅਗਲੇ ਫੇਸ ਲਈ ਸਾਈਨ ਕਰੋ
liveinambleton.com
403-801-1340
customercare@qualicocommunities.com
160 ਏਕੜ
1200+ ਘਰ
7 ਫੇਸ
ਨਵੀਆਂ ਪਾਰਕਾਂ ਹੁਣ ਖੁੱਲ ਗਈਆਂ ਹਨ
ਹਾਈ ਸਕੂਲ ਭਵਿੱਖੀ ਯੋਜਨਾ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

# NATIONAL KABADDI ASSOCIATION OF CANADA

# MartinValley Sports Club

## CALGARY PRESENT

# 13th Kabaddi Cup

## Aug 5th Sat 2023

Prairie Winds Park Calgary
10 AM To 6:30 PM

6 TEAMS PARTICIPATING FROM PUNJAB, HARYANA & PAKISTAN

1ST PRIZE SPONSOR BHANDAL BROTHERS
2ND PRIZE SPONSOR SUNDER BUILDING SUPPLY

LIVE KABADDI — WHERE THE SUPERSTARS PLAY — www.LIVEKABADDI.com

MP JASRAJ HALLAN

## TOURNAMENT COMMITTEE

JAGRAJ BRAR (MAHLA KHURD), NAVI DHALIWAL (ACHARWAL), PAMMA SHEIKH DAULAT, PAMMA RANSIK KHURAD, BILLA (MANSURWAL BET), SHINDA (ACHARWAL), RAJ BADNI, TARSEM SINGH GILL MALLIAN WALA, PUMA BANWAIT CENTURY 21, JASJEET SINGH PARVEJ NAGER, BABBU MANUKE, LAKHWINDER SANDHU KAPURA

## GOLDEN SPONSOR

JASPAL BHANDAL, GARRY BHANDAL, NIRBHAI JOHAL, BHAJAN JOHAL, PALI VIRK, JAS BRAR / NAVPREET GILL ZAILDAR — ACE HOMES, HARPREET DHALIWAL PREET HOMES, RICKY KALER (WAVE HOMES), BINDER THE MOULDING STORE, SUKH JOHAL

GURMEET GILL (P&G EXCAVATING AND TRUCKING), RANJIT VIRK, RAM SOHI BAJAKHANA, PAL SOHI BAJAKHANA, PREET GALIB, JASPREET GILL, GOLDY JAMMU BVD TRUCK SALE, BIG RIG PARTZ (BigRigPartz), RAM SIDHU, MANDEEP SUMAL

## SILVER SPONSOR

KARAMPAL SIDHU BEST BUY FURNITURE, Dalwinder(Dhana) Vairoke, DARSHAN SIDHU, HAPPY MALLAH ACE ELECTRIC, GURPREET SANDHU, GTB Electricals Ltd., HARPINDER SIDHU PUNJAB INSURANCE, HARPREET BRAR, JAGJIT DHALIWAL, HARRY MANGAT, ANWAR, MANDEEP DHILLON, BABBI BRAR, RAMMI DHALIWAL

PALA SHERGILL, AMAR G SQURE, HARVINDER GORAYA, HARMAN BATH, ANOOP, GURTEJ SINGH DHALIWAL, JARNAIL, PREET KHERA GRH TRANSPORT SERVICE LTD, Kulbir Brar, Khush Sidhu, SAM BRAR, RAJDEEP GREWAL, MANPREET DALA, JASKARAN BRAR

MANNINDER SRAN, SANDEEP (YYC), JFS IMMIGRATION AMANDEEP S RANIA, EAGLE HEAVY DUTY PARTS, A1 QUALITY CONCRETE JASVIR BRAR, NANAK CONSTRUCTION & DRYWALL JONNY GILL, DREAM Video, Photos DJ & Lighting 403 835 2762 JAGDEEP THIND SULAKHAN DHILLON, CMSA Calgary NORTHEAST United FC, Amritsari Tadka 587-351-3637 JASSI NAYYAR GAGAN DANG, PROJECTS 13-13 SHERRY SIDHU 403-560-2094 | GARY BAJWA 403-307-2545 | FATEH GREWAL 289-233-8584, SINGH TIFFIN, BIKANER Sweet House & Restaurant

## RASSA KASHI DE MUKABALA

$1000 1ST PRIZE — SPONSOR FRIEND'S STUCCO, PAMMA SHEIKH DAULAT
$800 2ND PRIZE — PE COMFORT HOMES

FOR MORE INFORMATION CALL
JASJEET SINGH
403-975-5090

ਮਾਰਟਿਨ ਵੈਲੀ ਸਪੋਰਟਸ ਕਲੱਬ ਵੱਲੋਂ ਸਵਰਨਾ ਵੈਲੀ ਦਾ ਵਿਸ਼ੇਸ਼ ਸਨਮਾਣ ਕੀਤਾ ਜਾਵੇਗਾ।

GURU KA LANGAR ATUT VARTEGA BY DESHMESH CULTURE CENTRE

WATER & BEVERAGES DI SEWA BY SAM BRAR (SKYLINE PROPERTIES)

## COMMENTARY

JATINDER SAHERI, BABBU KHANNA, SUKH GOLEWALIA

ਬੈਸਟ ਰੇਡਰ ਨੂੰ 500 ਡਾਲਰ ਅਤੇ ਕੱਪ
ਬੈਸਟ ਸਟੌਪਰ ਨੂੰ 500 ਡਾਲਰ ਅਤੇ ਕੱਪ

ਜਸਜੀਤ ਸਿੰਘ ਧਾਮੀ, ਹਰਬੰਸ ਬੁੱਟਰ, ਰਿਸ਼ੀ ਨਾਗਰ (RED FM) ਵਿਸ਼ੇਸ਼ ਸਨਮਾਣ ਕੀਤਾ ਜਾਵੇਗਾ।

KULVEER SANDHU (FRAMER), ZTEC BUILDING SUPPLY, ACE HOMES, ACE ELECTIC, FRIENDS STUCCO, SUNDAR BUILDING SUPPLY, J & T SIDING, JK SIDING, LUCKY EXTERIOR, AXIS DRYWALL INC, CITY CARPET, MALWA TIRE, NANAK DRYWALL, DHILLON TIRE AND SERVICE,MIDTOWN AUTO AND TIRE, HMP CUSTOM CABINET LTD, G SQUARE CONCRETE, APPY BHULLAR(REMIX REAL ESTATE CENTRAL), SANJA PUNJAB GROCERY STORE, MR ROOFING, FRUTICANA, GILL HOMES AND REAL ESTATE, BALJINDER SANGHA REALTOR, EAGLE HEAVY DUTY TRUCK PARTS, GRH TRASPORT SERVICE LTD., THE CANADIAN BUS SERVICE, PE COMFORT HOMES, JFS IMMIGRATION, ABDUL KADER BHARMAL, YADWINDER GILL & GAGAN BUTTAR (FRIENDS INSULATION LTD.), CALGARY NORTH EAST UNITED FC, MANNU GREWAL(DELTA EXCAVATION), CALGARY CUSTOM CABINET, DEVINE CUSTOM HOME, BHINDER EXTERIORS, BARLOW ELECTRIC, KITCHEN CRAFTMAN, GURU ROAD CONNECTION, PREET HOMES, SUKHA(DAY STUCOO), KULBIR SANDHU & DALJINDER SANDHU(ALPINE BLINDS), NEW STAR CABINET,ANZAC SECURITY SERVICES,SINGH CONTRACTING.

**INFORMATION 587-834-7623 / 403-466-3776 / 403-616-1825**

# COPPERSTONE
AT COPPERFIELD

# ਨਵੇਂ ਫੇਸ ਵਿੱਚ ਲਾਟਾਂ ਹੁਣ ਵੇਚੀਆਂ ਜਾ ਰਹੀਆਂ ਹਨ


## ਸਿੰਗਲ ਫੈਮਿਲੀ ਹੋਮ
## ਲੀਗਲ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।
2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Kitchen


Bathroom


Legal basement suite


Modern Double Front Garage Homes

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਭਾਰਤੀ ਮੂਲ ਦੇ 3 ਲੋਕ ਸ਼ਾਮਲ



ਨਿਊ ਯੌਰਕ(ਪੰਜਾਬੀ ਅਖਬਾਰ ਬਿਊਰੋ)–ਅਮਰੀਕਾ ਵਿੱਚ ਅਗਲੇ ਸਾਲ ਮਤਲਬ 2024 ਵਿੱਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਲਈ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ ਅਤੇ ਡੋਨਾਲਡ ਟਰੰਪ ਵਿੱਚਾਲੇ ਪਹਿਲਾਂ ਤੋਂ ਹੀ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਟਰੰਪ ਸਮੇਤ 14 ਉਮੀਦਵਾਰ ਰਾਸ਼ਟਰਪਤੀਪ੍ਰਮੁੱਖ ਬਣਨ ਦੀ ਦੌੜ ਵਿੱਚ ਸ਼ਾਮਲ ਹਨ। ਹਾਲਾਂਕਿ ਇਸ ਦੌਰਾਨ ਇਸ ਅਹੁਦੇ ਲਈ ਕੁੱਝ ਭਾਰਤੀ–ਅਮਰੀਕੀ ਨੇਤਾਵਾਂ ਦੇ ਨਾਂ ਵੀ ਸਾਹਮਣੇ ਆ ਰਹੇ ਹਨ, ਜੋ ਅਮਰੀਕਾ ਨੂੰ ਬਿਹਤਰ ਬਣਾਉਣ ਲਈ ਟਰੰਪ ਨੂੰ ਹਰਾਉਣ ਦੀ ਕੋਸ਼ਿਸ਼ ਕਰਨਗੇ। ਜ਼ਿਕਰਯੋਗ ਹੈ ਕਿ ਵਿਵੇਕ ਰਾਮਾਸਵਾਮੀ, ਨਿੱਕੀ ਹੇਲੀ ਅਤੇ ਹਰਸ਼ਵਰਧਨ ਸਿੰਘ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਚੋਣ ਲੜਨਗੇ। ਹਾਲਾਂਕਿ ਸਾਰੀਆਂ ਕਾਨੂੰਨੀ ਚੁਣੌਤੀਆਂ ਦੇ ਬਾਵਜੂਦ ਟਰੰਪ 2024 ਲਈ ਰਿਪਬਲਿਕਨ ਪਾਰਟੀ ਦੇ ਨਾਮਜ਼ਦਗੀ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ। ਰਿਪਬਲਿਕਨ ਆਪਣੀ ਪਾਰਟੀ ਦੇ ਅਗਲੇ ਰਾਸ਼ਟਰਪਤੀ ਉਮੀਦਵਾਰ ਦੀ ਰਸਮੀ ਤੌਰ 'ਤੇ ਚੋਣ ਕਰਨ ਲਈ ਅਗਲੇ ਜੁਲਾਈ ਵਿੱਚ ਇੱਕ ਰਾਸ਼ਟਰੀ ਸੰਮੇਲਨ ਕਰਨਗੇ। ਇਹ ਸੰਮੇਲਨ 15 ਤੋਂ 18 ਜੁਲਾਈ ਤਕ ਮਿਲਵਾਕੀ, ਵਿਸਕੌਨਸਿਨ ਵਿੱਚ ਹੋਵੇਗਾ।

**ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵਾ ਕਰਨ ਵਾਲਿਆਂ ਬਾਰੇ ਜਾਣਨ ਲਈ ਕੁੱਝ ਖਾਸ ਗੱਲਾਂ-**

**ਨਿੱਕੀ ਹੈਲੀ : ਤੀਜੀ ਵਾਰ ਅਮਰੀਕੀ ਰਾਸ਼ਟਰਪਤੀ ਚੋਣ ਲੜਨ ਵਾਲੀ ਤੀਜੀ ਭਾਰਤੀ-ਅਮਰੀਕੀ**

ਭਾਰਤੀ ਮੂਲ ਦੀ ਰਿਪਬਲਿਕਨ ਨੇਤਾ ਨਿੱਕੀ ਹੈਲੀ 2 ਵਾਰ ਦੱਖਣੀ ਕੈਰੋਲੀਨਾ ਦੀ ਗਵਰਨਰ ਅਤੇ ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਾਬਕਾ ਰਾਜਦੂਤ ਰਹਿ ਚੁੱਕੀ ਹੈ। ਨਿੱਕੀ ਹੇਲੀ ਲਗਾਤਾਰ 3 ਚੋਣਾਂ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਵਾਲੀ ਤੀਜੀ ਭਾਰਤੀ–ਅਮਰੀਕੀ ਹੈ। ਇਸ ਤੋਂ ਪਹਿਲਾਂ ਬੌਬੀ ਜਿੰਦਲ 2016 ਵਿੱਚ ਅਮਰੀਕੀ ਰਾਸ਼ਟਰਪਤੀ ਅਤੇ 2020 ਵਿੱਚ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਚੋਣ ਵਿੱਚ ਹਿੱਸਾ ਲੈ ਚੁੱਕੇ ਹਨ। ਭਾਵੇਂ ਜ਼ਿਆਦਾਤਰ ਸਰਵੇਖਣਾਂ ਵਿੱਚ 51 ਸਾਲਾ ਹੈਲੀ ਦਾ ਘੱਟ ਪ੍ਰਦਰਸ਼ਨ ਦੱਸਿਆ ਗਿਆ ਹੈ, ਪਰ ਜਦੋਂ ਦਾਨ ਦੀ ਗੱਲ ਆਉਂਦੀ ਹੈ ਤਾਂ ਉਸ ਨੇ ਕਈ ਮਿਲੀਅਨ ਡਾਲਰ ਇਕੱਠੇ ਕੀਤੇ ਹਨ। ਹੈਲੀ ਦਾ ਸਮਰਥਨ ਕਰਨ ਵਾਲੀ ਇੱਕ ਸੁਪਰ ਪੀ.ਏ.ਸੀ., ਸਟੈਂਡ ਫ਼ੌਰ ਅਮੇਰਿਕਾ ਫ਼ੰਡ ਇੰਕ. ਨੇ ਅਪ੍ਰੈਲ ਤੋਂ ਜੂਨ ਤਕ 18.7 ਮਿਲੀਅਨ ਡਾਲਰ ਇਕੱਠੇ ਕੀਤੇ, ਜਿਸ ਨਾਲ ਉਨ੍ਹਾਂ ਦੀ ਕੁੱਲ ਰਾਸ਼ੀ 26 ਮਿਲੀਅਨ ਡਾਲਰ ਹੋ ਗਈ। ਇੰਨਾ ਹੀ ਨਹੀਂ ਹੈਲੀ ਨੂੰ ਅਰਬਪਤੀਆਂ ਕੇਨੇਥ ਲੈਂਗੋਨ, ਐਲਿਸ ਵਾਲਟਨ ਅਤੇ ਕੇਨੇਥ ਫ਼ਿਸ਼ਰ ਸਮੇਤ ਕੁੱਝ ਅਮੀਰ ਜੀ.ਓ.ਪੀ. ਦਾਨੀਆਂ ਤੋਂ ਵੀ ਸਮਰਥਨ ਮਿਲਿਆ ਹੈ। ਇਨ੍ਹਾਂ ਲੋਕਾਂ ਨੇ 6,600 ਡਾਲਰ ਦਾਨ ਕੀਤੇ। ਹੇਲੀ ਦਾ ਜਨਮ ਸਿੱਖ ਮਾਤਾ–ਪਿਤਾ ਅਜੀਤ ਸਿੰਘ ਰੰਧਾਵਾ ਅਤੇ ਰਾਜ ਕੌਰ ਰੰਧਾਵਾ ਦੇ ਘਰ ਹੋਇਆ ਸੀ, ਜੋ 1960 ਦੇ ਦਹਾਕੇ ਵਿੱਚ ਪੰਜਾਬ ਤੋਂ ਕੈਨੇਡਾ ਅਤੇ ਫ਼ਿਰ ਅਮਰੀਕਾ ਚਲੇ ਗਏ ਸਨ। 39 ਸਾਲ ਦੀ ਉਮਰ ਵਿੱਚ ਜਦੋਂ ਉਸਨੇ ਜਨਵਰੀ 2011 ਵਿੱਚ ਅਹੁਦਾ ਸੰਭਾਲਿਆ ਸੀ, ਤਾਂ ਉਹ ਅਮਰੀਕਾ ਵਿੱਚ ਸਭ ਤੋਂ ਘੱਟ ਉਮਰ ਦੀ ਗਵਰਨਰ ਸੀ ਅਤੇ ਦੱਖਣੀ ਕੈਰੋਲੀਨਾ ਦੀ ਪਹਿਲੀ ਮਹਿਲਾ ਗਵਰਨਰ ਵਜੋਂ ਇਤਿਹਾਸ ਰਚਿਆ ਸੀ। ਉਹ ਰਾਜ ਦੀ ਪਹਿਲੀ ਭਾਰਤੀ–ਅਮਰੀਕੀ ਗਵਰਨਰ ਸੀ ਅਤੇ ਇਸ ਅਹੁਦੇ 'ਤੇ ਦੋ ਵਾਰ ਸੇਵਾ ਕੀਤੀ। ਜਨਵਰੀ 2017 ਤੋਂ ਦਸੰਬਰ 2018 ਤੱਕ ਉਸਨੇ ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੇ 29ਵੇਂ ਰਾਜਦੂਤ ਵਜੋਂ ਸੇਵਾ ਨਿਭਾਈ।

**ਵਿਵੇਕ ਰਾਮਾਸਵਾਮੀ : ਸਾਬਕਾ ਫ਼ਾਰਮਾ ਕਾਰੋਬਾਰੀ**

ਭਾਰਤੀ-ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੇ ਫ਼ਰਵਰੀ ਵਿੱਚ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਉਹ ਇੱਕ ਬਾਹਰੀ ਵਿਅਕਤੀ ਵਜੋਂ ਰਿਪਬਲਿਕਨ ਪਾਰਟੀ ਵਿੱਚ ਦਾਖਲ ਹੋਇਆ ਸੀ, ਪਰ ਹੁਣ ਉਹ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫ਼ਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੂੰ ਪਿੱਛੇ ਛੱਡ ਕੇ ਤੀਜੇ ਨੰਬਰ 'ਤੇ ਆ ਗਿਆ ਹੈ। ਸਿਹਤ ਸੰਭਾਲ ਅਤੇ ਤਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਰਿਪਬਲਿਕਨ ਪਾਰਟੀ ਦੇ 9 ਫ਼ੀਸਦੀ ਨੇਤਾਵਾਂ ਦਾ ਸਮਰਥਨ ਹਾਸਲ ਹੈ। ਇਸ ਦੇ ਨਾਲ ਹੀ ਟਰੰਪ ਨੂੰ 47 ਫ਼ੀਸਦੀ ਵੋਟ ਮਿਲੇ, ਜੋ ਡੀਸੈਂਟਿਸ ਦੇ 19 ਫ਼ੀਸਦੀ ਤੋਂ ਕਿਤੇ ਜ਼ਿਆਦਾ ਹਨ। ਰਾਮਾਸਵਾਮੀ ਦਾ ਜਨਮ ਸਿਨਸਿਨਾਟੀ, ਓਹੀਓ, ਅਮਰੀਕਾ ਵਿੱਚ ਹੋਇਆ ਸੀ।

ਉਸਦੇ ਮਾਤਾ–ਪਿਤਾ ਕੇਰਲ ਦੇ ਪਲੱਕੜ ਤੋਂ ਅਮਰੀਕਾ ਚਲੇ ਗਏ ਸਨ। ਉਸ ਦੇ ਪਿਤਾ ਦਾ ਨਾਂ ਗਣਪਤੀ ਰਾਮਾਸਵਾਮੀ ਹੈ, ਜੋ ਕਿ ਪੇਸ਼ੇ ਤੋਂ ਇੰਜੀਨੀਅਰ ਸੀ। ਉਸ ਦੀ ਮਾਂ ਗੀਤਾ ਰਾਮਾਸਵਾਮੀ ਪੇਸ਼ੇ ਤੋਂ ਇੱਕ ਮਨੋਵਿਗਿਆਨੀ ਸੀ। ਵਿਵੇਕ ਦੀ ਪਤਨੀ ਅਪੂਰਵਾ ਤਿਵਾਰੀ ਓਹੀਓ ਸਟੇਟ ਯੂਨੀਵਰਸਿਟੀ ਦੇ ਵੇਕਸਨਰ ਮੈਡੀਕਲ ਸੈਂਟਰ ਵਿੱਚ ਇੱਕ ਸਹਾਇਕ ਪ੍ਰੋਫ਼ੈਸਰ ਅਤੇ ਸਰਜਨ ਹੈ। 37 ਸਾਲਾ ਰਾਮਾਸਵਾਮੀ ਦਵਾਈਆਂ ਲਈ ਚੀਨ 'ਤੇ ਨਿਰਭਰਤਾ ਖ਼ਤਮ ਕਰਨ ਦੇ ਵਾਅਦੇ 'ਤੇ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੇ ਹਨ। ਜੇਕਰ ਅਸੀਂ ਉਸ ਦੀ ਕਮਾਈ ਦੀ ਗੱਲ ਕਰੀਏ ਤਾਂ ਉਸ ਨੇ ਦੂਜੀ ਤਿਮਾਹੀ ਵਿੱਚ 7.7 ਮਿਲੀਅਨ ਡਾਲਰ ਦੀ ਕਮਾਈ ਕੀਤੀ, ਜਿਸ ਵਿੱਚ 5.4 ਮਿਲੀਅਨ ਡਾਲਰ ਵੀ ਸ਼ਾਮਲ ਹਨ। ਚੋਣ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ, ਉਹ ਹੁਣ ਤੱਕ 16 ਮਿਲੀਅਨ ਡਾਲਰ ਪਾ ਚੁੱਕਾ ਹੈ।

**ਹਰਸ਼ਵਰਧਨ ਸਿੰਘ : ਏਰੋਸਪੇਸ ਇੰਜੀਨੀਅਰ**

ਭਾਰਤਵੰਸ਼ੀ ਹਰਸ਼ਵਰਧਨ ਸਿੰਘ ਵੀ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ। ਏਰੋਸਪੇਸ ਇੰਜੀਨੀਅਰ ਹਰਸ਼ ਵਰਧਨ ਨੇ ਇੱਕ ਵੀਡੀਓ ਵਿੱਚ ਕਿਹਾ ਕਿ ਉਹ ਸਾਰੀ ਉਮਰ ਰਿਪਬਲਿਕਨ ਰਹੇ। ਉਸ ਨੇ ਹਮੇਸ਼ਾ ਅਮਰੀਕਾ ਫ਼ਸਟ ਦੀ ਨੀਤੀ ਤਹਿਤ ਕੰਮ ਕੀਤਾ। ਉਹ ਰੂੜੀਵਾਦੀ ਹਨ। ਸਿੰਘ ਨੇ ਰਿਪਬਲਿਕਨ ਪਾਰਟੀ ਲਈ ਨਿਊ ਜਰਸੀ ਵਿੱਚ ਆਪਣੇ ਕੰਜ਼ਰਵੇਟਿਵ ਵਿੰਗ ਨੂੰ ਬਹਾਲ ਕਰਨ ਲਈ ਕੰਮ ਕੀਤਾ। ਟੈਕ ਅਤੇ ਫ਼ਾਰਮਾ ਕੰਪਨੀਆਂ ਦੇ ਭ੍ਰਿਸ਼ਟਾਚਾਰ ਬਾਰੇ ਉਨ੍ਹਾਂ ਕਿਹਾ ਕਿ ਸਾਡੀ ਆਜ਼ਾਦੀ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਵੀਡੀਓ 'ਚ ਸਿੰਘ ਨੇ ਅੱਗੇ ਕਿਹਾ ਕਿ ਪਿਛਲੇ ਕੁੱਝ ਸਾਲਾਂ 'ਚ ਕਾਫ਼ੀ ਬਦਲਾਅ ਹੋਏ ਹਨ। ਇਸ ਲਈ ਤਬਦੀਲੀਆਂ ਨੂੰ ਉਲਟਾਉਣ ਅਤੇ ਅਮਰੀਕੀ ਕਦਰਾਂ–ਕੀਮਤਾਂ ਨੂੰ ਸਥਾਪਤ ਕਰਨ ਲਈ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ। ਇਸ ਕਰ ਕੇ ਮੈਂ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਲਈ ਰਿਪਬਲਿਕਨ ਪਾਰਟੀ ਦੀ ਨਾਮਜ਼ਦਗੀ ਲਈ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ। ਤੁਹਾਨੂੰ ਦੱਸ ਦੇਈਏ ਕਿ ਸਾਬਕਾ ਰਾਸ਼ਟਰਪਤੀ ਟਰੰਪ ਸਮੇਤ ਰਿਪਬਲਿਕਨ ਪਾਰਟੀ ਦੇ ਕਰੀਬ ਇੱਕ ਦਰਜਨ ਦਾਅਵੇਦਾਰ ਹਨ।

## ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫ਼ਰੰਟ ਤੇ ਹੋ ਰਹੀ ਹੈ ਫੇਲ : ਕੁਲਵੰਤ ਕੀਤੂ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬਰਨਾਲਾ ਤੋਂ ਸਵਰਗਵਾਸੀ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੇ ਸਪੁੱਤਰ ਅਤੇ ਪਾਰਟੀ ਦੇ ਹਲਕਾ ਇੰਚਾਰਜ਼ ਕੁਲਵੰਤ ਕੀਤੂ ਆਪਣੀ ਕੈਨੇਡਾ ਫ਼ੇਰੀ ਦੌਰਾਨ ਵਿਸ਼ੇਸ਼ ਤੌਰ ਤੇ ਵਿਨੀਪੈਗ ਪਹੁੰਚੇ। ਪਿੰਡ ਰਾਮਾ ਦੇ ਸਾਬਕਾ ਸਰਪੰਚ ਇੰਦਰਜੀਤ ਸਿੰਘ ਦੇ ਗ੍ਰਹਿ ਵਿਖੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੁਲਵੰਤ ਕੀਤੂ ਹੁਰਾਂ ਦਾ ਕਹਿਣਾ ਸੀ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫ਼ਰੰਟ ਤੇ ਫੇਲ ਸਾਬਿਤ ਹੋ ਰਹੀ ਹੈ ਅਤੇ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਵੱਡੇ ਵੱਡੇ ਦਾਅਵੇ ਕਰਕੇ ਬਣੀ ਇਹ ਸਰਕਾਰ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ



ਹੈ, ਲੋਕਾਂ ਦੇ ਮੁੱਦਿਆਂ ਨੂੰ ਹਲ ਕਰਨ ਦੀ ਬਜਾਏ ਆਪਣੀਆਂ ਨਾਕਾਮੀਆਂ ਦਾ ਭਾਂਡਾ ਪਿਛਲੀਆਂ ਸਰਕਾਰ ਸਿਰ ਭੰਨ ਰਹੀ ਹੈ। ਇਸ ਮੌਕੇ ਹਾਜ਼ਿਰ ਸ਼ਮਸ਼ੇਰ ਸਿੰਘ ਸਾਬਕਾ ਸਰਪੰਚ ਬਖਤਗੜ੍ਹ, ਗੁਰਤੇਜ਼ ਸਿੰਘ, ਗੁਰਚਰਨ ਸਿੰਘ ਸੋਹਲ, ਕਰਤਾਰ ਸਿੰਘ ਸਿੱਖਨ ਵਾਲਾ ਦਾ ਕਹਿਣਾ ਸੀ ਕਿ ਪੰਜਾਬ ਇਸ ਸਮੇਂ ਹੜਾਂ ਦੇ ਭਾਰੀ ਸੰਕਟ ਹੇਠ ਹੈ ਜੇਕਰ ਮੌਜੂਦਾ ਸਰਕਾਰ ਵਲੋਂ ਅਗੇਤੇ ਪੁਖ਼ਤਾ ਪ੍ਰਬੰਧ ਕੀਤੇ ਹੁੰਦੇ ਸ਼ਾਇਦ ਅੱਜ ਪੰਜਾਬ ਐਨੇ ਮਾੜੇ ਹਲਾਤਾਂ ਚ ਨਾ ਹੁੰਦਾ। ਇਸ ਤੋਂ ਇਲਾਵਾ ਪ੍ਰਵਾਸੀ ਪੰਜਾਬੀਆਂ ਮਨਪਿੰਦਰ ਸਿੰਘ, ਹੈਰੀ ਟੱਲੇਵਾਲ, ਹਰਦੀਪ ਸਿੰਘ ਸੁਖਦੇਵ ਸਿੰਘ ਬਰਾੜ ਵਲੋਂ ਭਾਰੇ ਸ਼ਬਦਾਂ ਵਿਚ ਸਰਕਾਰ ਦਾ ਮੀਡੀਆ ਵਿਰੁੱਧ ਅਪਣਾਏ ਰਵਈਏ ਵਿਰੁੱਧ ਭਾਰੀ ਰੋਸ ਜ਼ਾਹਿਰ ਕੀਤਾ ਗਿਆ, ਬਹੁਤਾਤ ਗਿਣਤੀ ਚ ਇਸ ਮਿਲਣੀ ਦੌਰਾਨ ਪਹੁੰਚੇ ਲੋਕਾਂ ਦਾ ਕਹਿਣਾ ਸੀ ਕਿ ਅਦਾਰਾ ਅਜੀਤ ਹੱਕ ਤੇ ਸੱਚ ਦੀ ਆਵਾਜ਼ ਹੈ ਅਤੇ ਸਰਦਾਰ ਬਰਜਿੰਦਰ ਸਿੰਘ ਹਮਦਰਦ ਹੁਰਾਂ ਉੱਪਰ ਬਦਲਾਖੋਰੀ ਦੀ ਰਾਜਨੀਤੀ ਤਹਿਤ ਝੂਠੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਭਗਵੰਤ ਮਾਨ ਸਰਕਾਰ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਇਸ ਦਾ ਖਮਿਆਜ਼ਾ 2024 ਦੀਆਂ ਚੋਣਾਂ ਦੌਰਾਨ ਭੁਗਤਣਾ ਪਵੇਗਾ।

## ਨਵਾਜ਼ ਸ਼ਰੀਫ਼ ਹੋਣਗੇ ਪਾਕਿ ਦੇ ਅਗਲੇ ਪੀ. ਐੱਮ..! ਸ਼ਾਹਬਾਜ਼ ਸ਼ਰੀਫ਼ ਦਾ ਬਿਆਨ ਆਇਆ ਸਾਹਮਣੇ



ਇਸਲਾਮਾਬਾਦ (ਪੰਜਾਬੀ ਅਖਬਾਰ ਬਿਊਰੋ)– ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਜੇਕਰ ਆਉਣ ਵਾਲੀਆਂ ਆਮ ਚੋਣਾਂ ਵਿੱਚ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐੱਮ.ਐੱਲ.–ਐਨ.) ਸੱਤਾ ਵਿੱਚ ਵਾਪਸ ਆਉਂਦੀ ਹੈ ਤਾਂ ਪਾਰਟੀ ਸੁਪਰੀਮੋ ਨਵਾਜ਼ ਸ਼ਰੀਫ਼ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਸ਼ਹਿਬਾਜ਼ ਨੇ ਜੀਓ ਨਿਊਜ਼ ਦੇ ਇੱਕ ਪ੍ਰੋਗਰਾਮ 'ਚ ਕਿਹਾ ਕਿ ਉਨ੍ਹਾਂ ਦਾ ਵੱਡਾ ਭਰਾ, ਜੋ 2019 ਤੋਂ ਲੰਡਨ 'ਚ ਰਹਿ ਰਿਹਾ ਹੈ, ਅਗਲੇ ਕੁੱਝ ਹਫ਼ਤਿਆਂ 'ਚ ਦੇਸ਼ ਪਰਤ ਆਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੇ 3 ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਨਵਾਜ਼ ਸ਼ਰੀਫ਼ (73) ਪਾਕਿਸਤਾਨ ਪਰਤਣ 'ਤੇ ਕਾਨੂੰਨ ਦਾ ਸਾਹਮਣਾ ਕਰਨਗੇ।

ਹਾਲਾਂਕਿ ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਨਿਰਦੇਸ਼ਾਂ 'ਤੇ ਤਿਆਰ ਕੀਤੀ ਗਈ ਮੈਡੀਕਲ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਨੂੰ ਮੈਡੀਕਲ ਆਧਾਰ 'ਤੇ ਵਿਦੇਸ਼ ਭੇਜਿਆ ਗਿਆ ਸੀ। ਨਵਾਜ਼ ਸ਼ਰੀਫ਼ ਨੂੰ ਦੇਸ਼ ਦੀ ਸੁਪਰੀਮ ਕੋਰਟ ਨੇ 2017 ਵਿੱਚ ਅਯੋਗ ਕਰਾਰ ਦਿੱਤਾ ਸੀ। 'ਪਨਾਮਾ ਪੇਪਰਜ਼' ਕੇਸ ਵਿੱਚ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਉਸ ਨੂੰ 2018 ਵਿੱਚ ਜਨਤਕ ਅਹੁਦਾ ਸੰਭਾਲਣ ਲਈ ਉਮਰ ਭਰ ਲਈ ਅਯੋਗ ਕਰਾਰ ਦਿੱਤਾ ਗਿਆ ਸੀ। ਨਵਾਜ਼ ਸ਼ਰੀਫ਼ ਅਲ–ਅਜ਼ੀਜ਼ੀਆ ਮਿੱਲਜ਼ ਭ੍ਰਿਸ਼ਟਾਚਾਰ ਮਾਮਲੇ ਵਿੱਚ 7 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਹੇ ਸਨ ਅਤੇ ਲਾਹੌਰ ਹਾਈਕੋਰਟ ਵਲੋਂ ਮੈਡੀਕਲ ਆਧਾਰ 'ਤੇ 4 ਹਫ਼ਤਿਆਂ ਲਈ ਜ਼ਮਾਨਤ ਮਿਲਣ ਤੋਂ ਬਾਅਦ ਲੰਡਨ ਰਵਾਨਾ ਹੋ ਗਏ ਸਨ।

ਸ਼ਾਹਬਾਜ਼ ਨੇ ਕਿਹਾ ਕਿ ਨੈਸ਼ਨਲ ਅਸੈਂਬਲੀ (ਐੱਨ.ਏ.) ਨੂੰ ਭੰਗ ਕਰਨ ਦਾ ਨੋਟੀਫ਼ਿਕੇਸ਼ਨ 12 ਅਗਸਤ ਦੀ ਅੱਧੀ ਰਾਤ ਨੂੰ ਕਾਰਜ ਕਾਲ ਖ਼ਤਮ ਹੋਣ ਤੋਂ ਕੁਝ ਦਿਨ ਪਹਿਲਾਂ ਰਾਸ਼ਟਰਪਤੀ ਆਰਿਫ਼ ਅਲਵੀ ਨੂੰ ਭੇਜਿਆ ਜਾਵੇਗਾ। ਪੀ.ਐੱਮ.ਐੱਲ.–ਐੱਨ. ਦੇ ਚੇਅਰਮੈਨ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਕਿ ਪੀ.ਐੱਮ.ਐੱਲ.–ਐੱਨ. ਆਮ ਚੋਣਾਂ 'ਚ ਸਹਿਯੋਗੀ ਪਾਰਟੀਆਂ ਨਾਲ ਸੀਟਾਂ ਨੂੰ ਐਡਜਸਟ ਕਰਨ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਉਨ੍ਹਾਂ ਹਲਕਿਆਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਜਿੱਥੇ ਆਮ ਸਹਿਮਤੀ ਨਹੀਂ ਬਣ ਸਕੇਗੀ। ਉਨ੍ਹਾਂ ਕਿਹਾ ਕਿ ਸਹਿਯੋਗੀ ਪਾਰਟੀਆਂ, ਪੀ.ਐੱਮ.ਐੱਲ.–ਐੱਨ. ਦੇ ਸੁਪਰੀਮ ਲੀਡਰ ਨਵਾਜ਼ ਸ਼ਰੀਫ਼ ਅਤੇ ਨੈਸ਼ਨਲ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਜਾ ਰਿਆਜ਼ ਨਾਲ ਸਲਾਹ –ਮਸ਼ਵਰੇ ਤੋਂ ਬਾਅਦ ਇੱਕ ਦੇਖਭਾਲ ਵਿਵਸਥਾ 'ਤੇ ਸਹਿਮਤੀ ਹੋਵੇਗੀ।

## ਹੜ੍ਹ ਪੀੜ੍ਹਤਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ ਸਰਕਾਰ - ਭਗਵੰਤ ਮਾਨ

ਮੋਹਾਲੀ (ਪੰਜਾਬੀ ਅਖਬਾਰ ਬਿਊਰੋ)– ਪੰਜਾਬ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਇੱਕ–ਇੱਕ ਪੈਸੇ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫ਼ਸਲਾਂ, ਘਰਾਂ, ਪਸ਼ੂਆਂ ਅਤੇ ਹੋਰ ਨੁਕਸਾਨ ਦਾ ਪਤਾ ਲਗਾਉਣ ਲਈ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ ਅਤੇ ਅਧਿਕਾਰੀਆਂ ਨੂੰ 15 ਅਗਸਤ ਤਕ ਸਰਵੇਖਣ ਦਾ ਕੰਮ ਮੁਕੰਮਲ ਕਰਨ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਖੇਤ ਮਜ਼ਦੂਰਾਂ ਨੂੰ ਰਾਹਤ ਦੇਣ ਲਈ ਵੀ ਨੀਤੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਰਾਹਤ ਰਾਸ਼ੀ ਜਾਰੀ ਕੀਤੀ ਜਾਂਦੀ ਹੈ। ਇਸ ਨੀਤੀ ਤਹਿਤ ਰਾਹਤ ਰਾਸ਼ੀ ਦਾ 10 ਫ਼ੀਸਦੀ ਸੂਬੇ ਦੇ ਬਜਟ 'ਚੋਂ ਪ੍ਰਦਾਨ ਕੀਤਾ ਜਾਵੇਗਾ ਤਾਂ ਜੋ ਖੇਤ ਮਜ਼ਦੂਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਇਹ ਨੀਤੀ ਪਹਿਲੀ ਮਈ, 2023 ਤੋਂ ਲਾਗੂ ਹੋ ਗਈ ਹੈ ਅਤੇ ਸਾਰੇ ਖੇਤ ਮਜ਼ਦੂਰ ਪਰਿਵਾਰ ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੈ (ਰਿਹਾਇਸ਼ੀ ਪਲਾਟ ਨੂੰ ਛੱਡ ਕੇ) ਜਾਂ ਜਿਨ੍ਹਾਂ ਕੋਲ ਇੱਕ ਏਕੜ ਤੋਂ ਘੱਟ ਜ਼ਮੀਨ (ਲੀਜ਼/ਠੇਕੇ/ਕਾਸ਼ਤ ਵਾਲੀ) ਹੈ, ਉਹ ਇਸ ਨੀਤੀ ਦਾ ਲਾਭ ਲੈ ਸਕਣਗੇ।

ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੇ ਬਿਆਨ ਬਾਰੇ ਪੁੱਛੇ ਜਾਣ 'ਤੇ ਭਗਵੰਤ ਮਾਨ ਨੇ ਭਾਜਪਾ ਆਗੂ ਨੂੰ ਇਹ ਯਾਦ ਦਿਵਾਇਆ ਕਿ ਅਦਾਕਾਰੀ ਉਨ੍ਹਾਂ ਦਾ ਪੇਸ਼ਾ ਹੈ ਜਿਸ ਨੇ ਉਨ੍ਹਾਂ ਨੂੰ ਲੋਕਾਂ 'ਚ ਹਰਮਨ ਪਿਆਰਾ ਬਣਾਇਆ ਹੈ।" ਜਦੋਂ ਮੈਂ ਆਪਣੇ ਕਰੀਅਰ ਦੇ ਸਿਖਰ 'ਤੇ ਸੂਬੇ ਦੀ ਸੇਵਾ ਲਈ www 'ਚ ਸ਼ਾਮਿਲ ਹੋਇਆ ਸੀ ਤਾਂ ਮਨਪ੍ਰੀਤ ਨੇ ਉਨ੍ਹਾਂ ਦੀ ਇੱਕ ਮਹਾਨ ਸ਼ਖ਼ਸੀਅਤ ਵਜੋਂ ਪ੍ਰਸ਼ੰਸਾ ਕੀਤੀ ਸੀ।" ਮਾਨ ਨੇ ਵਿਅੰਗ ਕਰਦਿਆਂ ਕਿਹਾ ਕਿ ਜਦੋਂ ਮਨਪ੍ਰੀਤ ਨੂੰ ਉਸ ਦੇ ਮੌਕਾਪ੍ਰਸਤ ਪੈਂਤੜਿਆਂ ਕਾਰਨ ਲੋਕਾਂ ਨੇ ਨਕਾਰ ਦਿੱਤਾ ਹੈ ਤਾਂ ਹੁਣ ਉਹ, ਉਨ੍ਹਾਂ 'ਚ ਨੁਕਸ ਕੱਢ ਰਹੇ ਹਨ। ਮੁੱਖ ਮੰਤਰੀ ਨੇ ਦੁਹਰਾਇਆ ਕਿ ਉਹ ਸਾਬਕਾ ਮੰਤਰੀ ਵਲੋਂ ਵਾਹਨ ਖ਼ੁਦ ਚਲਾਉਣ ਅਤੇ ਟੌਲ ਟੈਕਸ ਅਦਾ ਕਰਨ ਦੀਆਂ ਚਾਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਜਦਕਿ ਅਸਲ 'ਚ ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਡੱਕਾ ਨਹੀਂ ਤੋੜਿਆ।

## ਮਾਲਵਾਹਕ ਜਹਾਜ ਨੂੰ ਲੱਗੀ ਅੱਗ ਕਾਰਣ ਇੱਕ ਭਾਰਤੀ ਦੀ ਮੌਤ ਹੋਈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਨੀਦਰਲੈਂਡ ਦੇ ਤੱਟ 'ਤੇ ਕਰੀਬ 3 ਹਜ਼ਾਰ ਕਾਰਾਂ ਨੂੰ ਲੈ ਕੇ ਜਾ ਰਹੇ ਇੱਕ ਕਾਰਗੋ ਜਹਾਜ਼ ਵਿੱਚ ਭਿਆਨਕ ਅੱਗ ਲੱਗਣ ਦੀ ਖ਼ਬਰ ਹੈ। ਇਸ ਹਾਦਸੇ 'ਚ ਇੱਕ ਭਾਰਤੀ ਦੀ ਮੌਤ ਹੋ ਗਈ ਹੈ ਅਤੇ 20 ਜਣੇ ਜ਼ਖਮੀ ਹੋ ਗਏ ਹਨ। ਹਾਦਸੇ ਵਿੱਚ ਆਪਣੀ ਜਾਨ ਗੁਆਉਣ ਵਾਲਾ ਭਾਰਤੀ ਜਹਾਜ਼ ਦੇ ਚਾਲਕ ਦਲ ਦਾ ਮੈਂਬਰ ਸੀ। ਨੀਦਰਲੈਂਡ ਕੋਸਟ ਗਾਰਡ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਅੱਗ ਕਈ ਦਿਨਾਂ ਤੱਕ ਜਾਰੀ ਰਹਿ ਸਕਦੀ ਹੈ ਕਿਉਂਕਿ ਇਸ ਨੂੰ ਬੁਝਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਿਲੀ ਜਾਣਕਾਰੀ ਮੁਤਾਬਕ ਮਾਲਵਾਹਕ ਜਹਾਜ਼ ਤੋਂ ਲਿਜਾਈਆਂ ਜਾ ਰਹੀਆਂ 25 ਇਲੈਕਟ੍ਰਿਕ ਕਾਰਾਂ ਵਿੱਚੋਂ ਇਕ ਨੂੰ ਅੱਗ ਲੱਗ ਗਈ, ਜੋ ਫੈਲ ਗਈ ਅਤੇ ਭਿਆਨਕ ਰੂਪ ਧਾਰਨ ਕਰ ਗਈ। ਜ਼ਿਕਰਯੋਗ ਹੈ ਕਿ 199 ਮੀਟਰ ਲੰਬਾ ਪਨਾਮਾ ਦਾ ਮਾਲਵਾਹਕ ਜਹਾਜ਼ ਫਰੀਮੇਂਟਲ ਹਾਈਵੇਅ ਜਰਮਨੀ ਤੋਂ ਮਿਸਰ ਜਾ ਰਿਹਾ ਸੀ ਕਿ ਨੀਦਰਲੈਂਡ ਦੇ ਤੱਟ ਨੇੜੇ ਜਹਾਜ਼ ਨੂੰ ਅੱਗ ਲੱਗ ਗਈ। ਨੀਦਰਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਦੱਸਿਆ ਹੈ ਕਿ ਇਸ ਹਾਦਸੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ।

## ਗੈਂਗਸਟਰ ਰਵਿੰਦਰ ਸਮਰਾ ਦਾ ਗੋਲੀਆਂ ਮਾਰ ਕੇ ਕਤਲ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ)– ਇੱਥੇ ਬੀਤੇ ਦਿਨ ਗੈਂਗਸਟਰ ਰਵਿੰਦਰ ਸਮਰਾ (36) ਦਾ ਰਿਚਮੰਡ ਸ਼ਹਿਰ ਕੈਨੇਡਾ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਤੋਂ ਪਹਿਲੇ ਉਸ ਦੇ ਭਰਾ ਦਾ ਵੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਦੋ ਮਹੀਨਿਆਂ ਬਾਅਦ ਰਵਿੰਦਰ ਸਮਰਾ ਦਾ ਲੰਘੇ ਸ਼ੁੱਕਰਵਾਰ ਸ਼ਾਮ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਦੱਖਣੀ ਵੈਨਕੂਵਰ 'ਚ ਉਸ ਦੇ ਛੋਟੇ ਭਰਾ ਦਾ ਵੀ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਤੋਂ ਦੋ ਮਹੀਨੇ ਬਾਅਦ ਹੀ ਸੰਯੁਕਤ ਰਾਸ਼ਟਰ ਦੇ ਨਾਮੀਂ ਗੈਂਗਸਟਰ ਰਵਿੰਦਰ ਸਮਰਾ ਨੂੰ ਰਿਚਮੰਡ 'ਚ ਨਿਸ਼ਾਨੇ 'ਤੇ ਲੈ ਕੇ ਕੀਤੇ ਗਏ ਹਮਲੇ 'ਚ ਮਾਰਿਆ ਗਿਆ। ਰਵਿੰਦਰ ਸਮਰਾ ਨੂੰ ਸ਼ਾਮ 5: 45 ਵਜੇ ਦੇ ਕਰੀਬ ਬਲੰਡੇਲ ਨੇੜੇ ਮਿਨਲਰ ਰੋਡ ਦੇ 8000–ਬਲੌਕ 'ਚ ਸ਼ੂਟਰਾਂ ਦੁਆਰਾ ਗੋਲੀਆ ਮਾਰ ਕੇ ਮਾਰਿਆ ਗਿਆ। ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਸੀਪੀਐਲਸੁੱਖੀ ਢੇਸੀ ਨੇ ਦੱਸਿਆ ਕਿ ਸਮਰਾ ਦਾ ਕਤਲ ਬੀਸੀ ਨਾਲ ਜੁੜੀ ਇੱਕ ਟਾਰਗੈੱਟ ਕਿਲਿੰਗ ਸੀ ਜੋ ਗੈਂਗਸਟਰਾਂ ਦਾ ਅੰਦਰੂਨੀ ਸੰਘਰਸ਼ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਭਾਈਚਾਰੇ ਦੇ ਮੈਂਬਰਾਂ ਲਈ ਬਹੁਤ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਹਨ। ਉਨ੍ਹਾਂ ਕਿਹਾ ਕਿ ਗਵਾਹਾਂ ਨੇ ਦੱਸਿਆ ਕਿ ਉਨ੍ਹਾਂ ਨੇ 4 ਤੋਂ 5 ਪੌਪਿੰਗ ਦੀਆਂ ਆਵਾਜ਼ਾਂ ਸੁਣੀਆਂ ਜਿਸ ਤੋਂ ਬਾਅਦ ਮਸ਼ੀਨ ਗੰਨ ਦੇ ਫ਼ਾਇਰ ਵਰਗੀ ਆਵਾਜ਼ ਵੀ ਆਈ। ਇਸ ਤੋਂ ਪਹਿਲੇ ਉਸ ਦੇ ਛੋਟੇ ਭਰਾ ਅਮਰਪ੍ਰੀਤ ਸਮਰਾ (28) ਸਾਲ ਨੂੰ ਵੈਨਕੂਵਰ ਦੇ ਫ਼ਰੇਜ਼ਰਵਿਊ ਹਾਲ ਦੇ ਬਾਹਰ ਸੜਕ 'ਤੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਹ ਕਿਸੇ ਰਿਸ਼ਤੇਦਾਰ ਦੇ ਵਿਆਹ 'ਚ ਸ਼ਾਮਿਲ ਹੋਇਆ ਸੀ। ਮੰਨਿਆ ਜਾਂਦਾ ਹੈ ਕਿ ਦੋਵੇਂ ਸਮਰਾ ਭਰਾਵਾਂ ਨੂੰ ਵਿਰੋਧੀ ਬ੍ਰਦਰਜ਼ ਕੀਪਰਜ਼ ਗੈਂਗ ਲਈ ਨਿਸ਼ਾਨਾ ਬਣਾਇਆ ਗਿਆ। ਦੋਵੇਂ ਮ੍ਰਿਤਕ ਭਰਾ ਆਪਣੀ ਮੌਤ ਦੇ ਸਮੇਂ ਹੋਰ ਕਤਲਾਂ ਦੇ ਸ਼ੱਕੀ ਵੀ ਸਨ।

## ਜਿਮਨੀ ਚੋਣਾਂ ਵਿੱਚ ਲਿਬਰਲ ਬਾਜੀ ਮਾਰ ਗਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀਆਂ 2 ਪ੍ਰੋਵਿੰਸ਼ੀਅਲ ਪਾਰਲੀਮੈਂਟ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਦੀਆਂ ਦੋਵਾਂ ਸੀਟਾਂ ਉੱਤੇ ਲਿਬਰਲ ਪਾਰਟੀ ਨੇ ਜਿੱਤ ਦਰਜ ਕਰਵਾਈ ਹੈ। ਸਕਾਰਬਰੋ–ਗਿਲਡਵੁੱਡ ਤੋਂ ਲਿਬਰਲ ਉਮੀਦਵਾਰ ਐਂਡਰੀਆ ਹੇਜ਼ਲ ਜਿੱਤੀ ਹੈ। ਇਹ ਸੀਟ ਪਹਿਲਾਂ ਕੈਬਨਿਟ ਮੰਤਰੀ ਮਿਤਜ਼ੀ ਹੰਟਰ ਕੋਲ ਪਿਛਲੇ ਦਸ ਸਾਲਾਂ ਤੋਂ ਸੀ, ਫਿਰ ਉਨ੍ਹਾਂ ਮਈ ਵਿੱਚ ਟੋਰਾਂਟੋ ਦੇ ਮੇਅਰ ਦੇ ਅਹੁਦੇ ਲਈ ਹੋਈਆਂ ਚੋਣਾਂ ਵਿੱਚ ਹਿੱਸਾ ਲੈਣ ਵਾਸਤੇ ਇਸ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਤੇ ਲੋਕਲ ਕਾਊਂਸਲਰ ਗੈਰੀ ਕ੍ਰਾਅਫਰਡ ਇਸ ਸੀਟ ਲਈ ਮੈਦਾਨ ਵਿੱਚ ਨਿੱਤਰੇ ਸਨ ਪਰ ਉਹ ਹੇਜ਼ਲ ਤੋਂ 1000 ਵੋਟਾਂ ਦੇ ਫਰਕ ਨਾਲ ਹਾਰ ਗਏ ?ਟਵਾ ਏਰੀਆ ਦੇ ਹਲਕੇ ਕਨਾਟਾ–ਕਾਰਲਟਨ ਤੋਂ ਸਾਬਕਾ ਲਿਬਰਲ ਐਮਪੀ ਕੈਰਨ ਮੈਕਕ੍ਰਿਮਨ ਨੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਵੱਲੋਂ ਕੰਜ਼ਰਵੇਟਿਵ ਉਮੀਦਵਾਰ ਸ਼ੌਨ ਵੈਬਸਟਰ ਨੂੰ ਮਾਤ ਦਿੱਤੀ ਗਈ। ਵਰਨਣਯੋਗ ਹੈ ਕਿ ਮਾਰਚ ਵਿੱਚ ਮੈਰਿਲੀ ਫੁਲਰਟਨ ਵੱਲੋਂ ਅਚਾਨਕ ਹੀ ਮਨਿਸਟਰ ਆਫ ਚਿਲਡਰਨ, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਦੇ ਅਹੁਦੇ ਦੇ ਨਾਲ ਨਾਲ ਆਪਣੀ ਸੀਟ ਤੋਂ ਅਚਾਨਕ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਤੋਂ ਹੀ ਇਹ ਸੀਟ ਖਾਲੀ ਪਈ ਸੀ।

## ਪਾਕਿਸਤਾਨ ਵਿੱਚ ਹੋਏ ਇੱਕ ਆਤਮਘਾਤੀ ਹਮਲੇ ਵਿੱਚ 54 ਜਣਿਆਂ ਦੀ ਮੌਤ ਅਤੇ 100 ਤੋਂ ਵੱਧ ਜ਼ਖਮੀਂ ਹੋਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗਾਨਿਸਤਾਨ ਦੀ ਹੱਦ ਨਾਲ ਲੱਗਦੇ ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ 'ਚ ਬੀਤੇ ਐਤਵਾਰ ਦੀ ਸ਼ਾਮ ਇੱਕ ਕੱਟੜਪੰਥੀ ਇਸਲਾਮੀ ਸਿਆਸੀ ਪਾਰਟੀ ਦੀ ਮੀਟਿੰਗ ਦੌਰਾਨ ਆਤਮਘਾਤੀ ਹਮਲਾਵਰ ਵੱਲੋਂ ਕੀਤੇ ਗਏ ਧਮਾਕੇ ਵਿੱਚ ਇੱਕ ਸਥਾਨਕ ਆਗੂ ਮੌਲਾਨਾ ਜ਼ਿਆਉੱਲਾ ਜਨ ਸਣੇ 54 ਵਿਅਕਤੀ ਹਲਾਕ ਹੋ ਗਏ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਇਹ ਧਮਾਕਾ ਕਬਾਇਲੀ ਜ਼ਿਲ੍ਹੇ ਬਜੌਰ ਵਿੱਚ ਜਮੀਅਤ ਉਲੇਮਾ–ਏ–ਇਸਲਾਮ–ਫਜ਼ਲ (ਜੇਯੂਆਈ–ਐੱਫ) ਦੇ ਵਰਕਰਾਂ ਦੇ ਸੰਮੇਲਨ ਦੌਰਾਨ ਹੋਇਆ। ਇਸ ਸਬੰਧੀ ਟੀਵੀ 'ਤੇ ਨਸ਼ਰ ਹੋਈਆਂ ਵੀਡੀ?ਜ਼ 'ਚ ਲੋਕ ਇੱਧਰ–ਉੱਧਰ ਭੱਜਦੇ ਦਿਖਾਈ ਦੇ ਰਹੇ ਹਨ। ਜਦੋਂ ਇਹ ਧਮਾਕਾ ਹੋਇਆ ਤਾਂ 500 ਤੋਂ ਵੱਧ ਲੋਕ ਕਨਵੈਨਸ਼ਨ 'ਚ ਹਿੱਸਾ ਲੈ ਰਹੇ ਸਨ। ਜੇਯੂਆਈ–ਐੱਫ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਨੇ ਪ੍ਰਧਾਨ ਮੰਤਰੀ ਸ਼ਹਬਿਾਜ਼ ਸ਼ਰੀਫ ਤੇ ਸੂਬੇ ਦੇ ਮੁੱਖ ਮੰਤਰੀ ਆਜ਼ਮ ਖਾਨ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਜਾਂਚ ਕਰਵਾਈ ਜਾਵੇ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਹਮਲੇ ਦੀ ਨਿਖੇਧੀ ਕਰਦਿਆਂ?ਕਿਹਾ ਕਿ ਪਾਕਿਸਤਾਨ ਦੇ ਦੁਸ਼ਮਣ ਅਤਿਵਾਦੀਆਂ ਦਾ ਸਫਾਇਆ ਕੀਤਾ ਜਾਵੇਗਾ। ?ਧਰ ਖੈਬਰ ਪਖ਼ਤੂਨਖਵਾ ਸੂਬੇ ਦੀ ਪੁਲੀਸ ਨੇ ਕਿਹਾ ਹੈ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਆਤਮਘਾਤੀ ਧਮਾਕੇ ਪਿੱਛੇ ਪਾਬੰਦੀਸ਼ੁਦਾ ਅਤਿਵਾਦੀ ਸਮੂਹ ਇਸਲਾਮਿਕ ਸਟੇਟ (ਆਈਐੱਸ) ਦਾ ਹੱਥ ਹੈ।

## 17 ਭਾਰਤੀ ਵਿਕਰਮਜੀਤ ਸਾਹਨੀ ਦੇ ਯਤਨਾਂ ਨਾਲ ਲੀਬੀਆ ਦੀ ਜੇਲ੍ਹ 'ਚੋਂ ਰਿਹਾਅ ਹੋਏ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)– ਪਿਛਲੇ ਛੇ ਮਹੀਨੇ ਤੋਂ ਲੀਬੀਆ 'ਚ ਫ਼ਸੇ 17 ਭਾਰਤੀ ਲੜਕੇ ਸ਼ਨੀਵਾਰ ਟ੍ਰਿਪਲੀ ਦੀ ਜੇਲ੍ਹ 'ਚੋਂ ਰਿਹਾਅ ਹੋ ਗਏ। ਪੰਜਾਬ ਵਲੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਜੋ ਕਈ ਮਹੀਨੀਆਂ ਤੋਂ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਅਤੇ ਵਤਨ ਵਾਪਸੀ ਲਈ ਯਤਨ ਕਰ ਰਹੇ ਸਨ, ਨੇ ਦੱਸਿਆ ਕਿ ਪੰਜਾਬ ਅਤੇ ਦਿੱਲੀ ਦੇ ਕੁੱਝ ਬੇਈਮਾਨ ਟ੍ਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ, ਜਿਨ੍ਹਾਂ



'ਚੋਂ ਜ਼ਿਆਦਾਤਰ ਪੰਜਾਬ ਅਤੇ ਹਰਿਆਣਾ ਦੇ ਹਨ, ਨੂੰ ਇਟਲੀ ਭੇਜ ਕੇ ਉੱਥੇ ਆਕਰਸ਼ਕ ਨੌਕਰੀ ਦਾ ਵਾਅਦਾ ਕਰਦਿਆਂ ਲਗਭਗ 11–11 ਲੱਖ ਰੁਪਏ ਵਸੂਲੇ ਸਨ ਪਰ ਇਟਲੀ ਦੀ ਬਜਾਏ ਇਨ੍ਹਾਂ ਨੂੰ ਲੀਬੀਆ ਪਹੁੰਚਾ ਦਿੱਤਾ ਗਿਆ।

ਸਾਹਨੀ ਨੇ ਦੱਸਿਆ ਕਿ ਇਹ ਸਾਰੇ ਨੌਜਵਾਨ ਫ਼ਰਵਰੀ 2023 'ਚ ਭਾਰਤ ਤੋਂ ਦੁਬਈ ਅਤੇ ਫ਼ਿਰ ਮਿਸਰ ਹੁੰਦੇ ਹੋਏ ਇਟਲੀ ਲਈ ਰਵਾਨਾ ਹੋਏ ਅਤੇ ਕੁੱਝ ਦਿਨਾਂ ਬਾਅਦ ਇਨ੍ਹਾਂ ਨੂੰ ਲੀਬੀਆ ਉਤਾਰ ਦਿੱਤਾ ਗਿਆ ਅਤੇ ਜ਼ੁਵਾਰਾ ਸ਼ਹਿਰ 'ਚ ਸਥਾਨਕ ਮਾਫ਼ੀਆ ਦੇ ਹਵਾਲੇ ਕਰ ਦਿੱਤਾ ਗਿਆ ਜਿੱਥੇ ਇਨ੍ਹਾਂ ਨੂੰ ਭੋਜਨ ਅਤੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝਾ ਰੱਖਿਆ ਜਾ ਰਿਹਾ ਸੀ ਅਤੇ ਸ਼ਰੀਰਕ ਤਸ਼ੱਦਦ ਕੀਤਾ ਜਾ ਰਿਹਾ ਸੀ। ਸਾਹਨੀ ਨੇ ਦੱਸਿਆ ਕਿ ਜਦੋਂ ਇਨ੍ਹਾਂ ਨੂੰ ਇਸ ਸਾਲ ਮਈ 'ਚ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਟਿਊਨੀਸ਼ੀਆ 'ਚ ਭਾਰਤੀ ਦੂਤਾਘਰ ਨਾਲ ਸੰਪਰਕ ਕੀਤਾ ਅਤੇ ਇਨ੍ਹਾਂ ਸਾਰੇ ਮੁੰਡਿਆਂ ਨੂੰ ਬਚਾਉਣ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕੀਤੀ।

ਸਾਹਨੀ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਦੀ ਪ੍ਰਕਿਰਿਆ ਪੂਰੀ ਹੋ ਗਈ ਅਤੇ ਲੀਬੀਆ ਦੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ। ਯਾਤਰਾ ਦਸਤਾਵੇਜ਼ਾਂ ਦੀ ਵਿਵਸਥਾ ਹੋਣ ਤੱਕ ਅਜੇ ਇਨ੍ਹਾਂ ਨੌਜਵਾਨਾਂ ਨੂੰ ਟ੍ਰਿਪਲੀ 'ਚ ਗ਼ੈਰ–ਕਾਨੂੰਨੀ ਪ੍ਰਵਾਸੀਆਂ ਦੀ ਬੰਦਰਗਾਹ ਦੇ ਕੈਂਪ ਦਫ਼ਤਰ 'ਚ ਰੱਖਿਆ ਗਿਆ ਹੈ। ਉਨ੍ਹਾਂ ਦੀ ਸੁਚਾਰੂ, ਸੁਰੱਖਿਅਤ ਅਤੇ ਭਾਰਤ ਵਾਪਸੀ ਯਕੀਨੀ ਕਰਨ ਲਈ ਐਮਰਜੈਂਸੀ ਪ੍ਰਮਾਣ ਪੱਤਰ ਭਾਰਤੀ ਦੂਤਘਰ ਵਲੋਂ ਬਣਾਏ ਜਾ ਰਹੇ ਹਨ। ਸਾਹਨੀ ਨੇ ਕਿਹਾ ਕਿ ਉਹ ਆਪਣੇ ਘਰ ਵਾਪਿਸ ਆਉਣ ਵਾਲੇ ਇਨ੍ਹਾਂ ਨੌਜਵਾਨਾਂ ਦੇ ਸਾਰੇ ਕਾਨੂੰਨੀ ਖ਼ਰਚਿਆਂ ਅਤੇ ਜਹਾਜ਼ ਟਿਕਟਾਂ ਨੂੰ ਸਪਾਂਸਰ ਕਰਨਗੇ, ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਹੁਨਰ ਕੇਂਦਰਾਂ 'ਚ ਹੁਨਰ ਵਿਕਾਸ ਦੀ ਫ਼ਰੀ ਸਿੱਖਿਆ ਮੁਹੱਈਆ ਕਰਨਗੇ ਤਾਂ ਕਿ ਉਨ੍ਹਾਂ ਨੂੰ ਇੱਥੇ ਭਾਰਤ 'ਚ ਨੌਕਰੀ ਦੇ ਮੌਕੇ ਮਿਲ ਹੋ ਸਕਣ ਤੇ ਨੌਕਰੀ ਦੀ ਭਾਲ 'ਚ ਵਿਦੇਸ਼ ਨਾ ਜਾਣਾ ਪਵੇ ਅਤੇ ਇਸ ਤਰ੍ਹਾਂ ਫ਼ਸਣਾ ਨਾ ਪਵੇ।